JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact: 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

To view our online newspaper visit punjabipost.ca/epaper | Vol 21* Issue 189 | Friday, September 30, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ


## ਪੌਲੀਏਵਰ ਦੇ ਕਹਿਣ 'ਤੇ ਡਾਇਗਲੋਨ ਦੇ ਬਾਨੀ ਨੂੰ ਨਹੀਂ ਕੀਤਾ ਗਿਆ ਚਾਰਜ : ਆਰਸੀਐਮਪੀ



ਓਟਵਾ, 29 ਸਤੰਬਰ (ਪੋਸਟ ਬਿਊਰੋ) : ਆਰਸੀਐਮਪੀ ਦਾ ਕਹਿਣਾ ਹੈ ਕਿ ਜੈਰੇਮੀ ਮੈਕੈਂਜ਼ੀ ਦੀ ਗ੍ਰਿਫਤਾਰੀ ਕੰਜ਼ਰਵੇਟਿਵ ਆਗੂ ਪਿਏਰ ਪੌਲੀਏਵਰ ਦੀ ਬੇਨਤੀ ਉੱਤੇ ਨਹੀਂ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਬੀਤੇ ਦਿਨੀ ਆਪਣੀ ਪਤਨੀ ਖਿਲਾਫ ਕੀਤੀਆਂ ਗਈਆਂ ਟਿੱਪਣੀਆਂ ਦੇ ਸਬੰਧ ਵਿੱਚ ਪੌਲੀਏਵਰ ਨੇ ਮਾਊਂਟੀਜ਼ ਨੂੰ ਇਸ ਮਸਲੇ ਵਿੱਚ ਦਖਲ ਦੇਣ ਦੀ ਅਪੀਲ ਕੀਤੀ ਸੀ।

ਬੁੱਧਵਾਰ ਨੂੰ ਆਨਲਾਈਨ ਗਰੁੱਪ ਡਾਇਗਲੋਨ ਨੇ ਬਾਨੀ ਨੂੰ ਕੋਲ ਹਾਰਬਰ, ਨੋਵਾ ਸਕੋਸ਼ੀਆ ਵਿੱਚ ਗ੍ਰਿਫਤਾਰ ਕਰ ਲਿਆ ਗਿਆ। ਜੁਲਾਈ ਵਿੱਚ ਸਸਕੈਚਵਨ ਵਿੱਚ ਮਾਊਂਟੀਜ਼ ਵੱਲੋਂ ਇਸ ਖਿਲਾਫ ਲਾਏ ਗਏ ਚਾਰਜਿਜ਼ ਦੇ ਮਾਮਲੇ ਵਿੱਚ ਕੈਨੇਡਾ ਭਰ ਵਿੱਚ ਵਾਰੰਟ ਕੱਢੇ ਗਏ ਸਨ। ਨਵੰਬਰ 2021 ਵਿੱਚ ਵਿਸਕਾਊਂਟ, ਸਸਕੈਚਵਨ ਨੇੜੇ ਕਥਿਤ ਤੌਰ ਉੱਤੇ ਕੀਤੇ ਗਏ ਹਮਲੇ ਦੇ ਸਬੰਧ ਵਿੱਚ ਪੁਲਿਸ ਨੂੰ ਮਿਲੀ ਰਿਪੋਰਟ ਤੋਂ ਬਾਅਦ ਮੈਕੈਂਜ਼ੀ ਨੂੰ ਹਮਲੇ, ਹਥਿਆਰ ਤਾਨਣ, ਸ਼ਰਾਰਤ ਕਰਨ ਤੇ ਪਾਬੰਦੀਸ਼ੁਦਾ ਹਥਿਆਰ ਦੀ ਵਰਤੋਂ ਕਰਨ ਲਈ ਚਾਰਜ ਕੀਤਾ ਗਿਆ ਸੀ। ਸੋਮਵਾਰ ਨੂੰ ਪੌਲੀਏਵਰ ਨੇ ਆਖਿਆ ਕਿ ਉਨ੍ਹਾਂ ਆਰਸੀਐਮਪੀ ਨੂੰ ਇਹ ਅਪੀਲ ਕੀਤੀ ਸੀ ਕਿ ਉਨ੍ਹਾਂ ਦੀ ਪਤਨੀ ਅਨਾਇਦਾ ਪੌਲੀਏਵਰ ਉੱਤੇ ਜਿਨਸੀ ਹਮਲਾ ਕਰਨ ਵਰਗੀਆਂ ਕੀਤੀਆਂ ਵਾਹਿਆਤ ਟਿੱਪਣੀਆਂ ਦੇ ਸਬੰਧ ਵਿੱਚ ਉਹ ਕੁੱਝ ਕਰਨ।

## ਟੋਰਾਂਟੋ ਦੇ ਕਾਊਂਸਲਰ ਉੱਤੇ ਜਿਨਸੀ ਹਮਲੇ ਦੇ ਲੱਗੇ ਦੋਸ਼



ਟੋਰਾਂਟੋ, 29 ਸਤੰਬਰ (ਪੋਸਟ ਬਿਊਰੋ) : ਸਕਾਰਬਰੋ ਸੈਂਟਰ ਸਿਟੀ ਕਾਊਂਸਲਰ ਮਾਈਕਲ ਥੌਂਪਸਨ ਨੂੰ ਜਿਨਸੀ ਹਮਲੇ ਦੇ ਦੋ ਮਾਮਲਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਮਾਮਲੇ ਇਸ ਸਾਲ ਕਥਿਤ ਤੌਰ ਉੱਤੇ ਬ੍ਰੇਸਬ੍ਰਿੱਜ ਵਿੱਚ ਵਾਪਰੀਆਂ ਘਟਨਾਵਾਂ ਨਾਲ ਸਬੰਧਤ ਹਨ। ਇਸ ਦੀ ਪੁਸ਼ਟੀ ਥੌਂਪਸਨ ਦੇ ਵਕੀਲ ਕੈਲਵਿਨ ਬੈਰੀ ਵੱਲੋਂ ਵੀਰਵਾਰ ਰਾਤ ਨੂੰ ਕੀਤੀ ਗਈ। ਬੈਰੀ ਨੇ ਆਖਿਆ ਕਿ ਥੌਂਪਸਨ ਵੱਲੋਂ ਇਨ੍ਹਾਂ ਬੇਸਿਰਪੈਰ ਦੇ ਇਲਜ਼ਾਮਾਂ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਹ ਦੋਸ਼ ਲਾਉਣ ਵਾਲੀਆਂ ਦੋ ਬਾਲਗ ਮਹਿਲਾਵਾਂ ਹਨ। ਬੈਰੀ ਨੇ ਦੱਸਿਆ ਕਿ ਥੌਂਪਸਨ ਕਾਗਜ਼ੀ ਕਾਰਵਾਈ ਕਰਨ ਲਈ ਟੋਰਾਂਟੋ ਵਿੱਚ ਥੋੜ੍ਹੀ ਦੇਰ ਲਈ ਡਾਊਨਜ਼ਵਿਊ ਓਪੀਪੀ ਅਟੈਚਮੈਂਟ ਪਹੁੰਚੇ ਸਨ ਪਰ ਉਹ ਆਉਣ ਵਾਲੇ ਦਿਨਾਂ ਵਿੱਚ ਅਦਾਲਤ ਵਿੱਚ ਪੇਸ਼ ਨਹੀਂ ਹੋ ਸਕਣਗੇ ਤੇ ਉਨ੍ਹਾਂ ਦੀ ਥਾਂ ਉਹ ਆਪ ਪੇਸ਼ ਹੋਣਗੇ। ਥੌਂਪਸਨ ਨੂੰ ਪਹਿਲੀ ਨਵੰਬਰ ਨੂੰ ਇਸ ਮਾਮਲੇ ਦੇ ਸਬੰਧ ਵਿੱਚ ਬ੍ਰੇਸਬ੍ਰਿੱਜ ਦੀ ਅਦਾਲਤ ਵਿੱਚ ਪੇਸ਼ ਹੋਣ ਲਈ ਆਖਿਆ ਗਿਆ ਹੈ। ਥੌਂਪਸਨ ਲੰਮੇਂ ਸਮੇਂ ਤੋਂ ਟੋਰਾਂਟੋ ਵਿੱਚ ਸਿਆਸਤਦਾਨ ਹਨ ਤੇ ਉਹ ਕਈ ਕਮੇਟੀਆਂ ਤੇ ਬੋਰਡਜ਼ ਦਾ ਕੰਮਕਾਜ ਵੇਖਦੇ ਹਨ। ਟੋਰਾਂਟੋ ਦੇ ਮੇਅਰ ਜੌਹਨ ਟੋਰੀ ਨੇ ਸਪਸ਼ਟ ਕੀਤਾ ਹੈ ਕਿ ਉਹ ਇਸ ਮਾਮਲੇ ਵਿੱਚ ਕੋਈ ਟਿੱਪਣੀ ਨਹੀਂ ਕਰਨਗੇ ਕਿਉਂਕਿ ਇਹ ਮਾਮਲਾ ਅਦਾਲਤ ਦੇ ਵਿਚਾਰ ਅਧੀਨ ਹੈ। ਪਰ ਉਨ੍ਹਾਂ ਇਸ ਗੱਲ ਦੀ ਵੀ ਪੁਸ਼ਟੀ ਕੀਤੀ ਕਿ ਜਿੰਨਾ ਚਿਰ ਥੌਂਪਸਨ ਇਨ੍ਹਾਂ ਚਾਰਜਿਜ਼ ਨਾਲ ਲੜਦੇ ਹਨ ਓਨਾ ਚਿਰ ਉਹ ਡਿਪਟੀ ਮੇਅਰ ਜਾਂ ਕਿਸੇ ਕਾਊਂਸਲ ਕਮੇਟੀ ਦੇ ਚੇਅਰ ਨਹੀਂ ਹੋਣਗੇ।

## ਰਿਪੂਦਮਨ ਢਿੱਲੋਂ ਨੇ ਵਾਰਡ 7 ਅਤੇ 8 ਲਈ ਆਪਣੀ ਮੁਹਿੰਮ ਦੀ ਕੀਤੀ ਸ਼ੁਰੂਆਤ




ਬਰੈਂਪਟਨ, 29 ਸਤੰਬਰ (ਪੋਸਟ ਬਿਊਰੋ)- ਰਿਪੁਦਮਨ ਢਿੱਲੋਂ ਨੇ ਇਸ ਹਫਤੇ (ਐਤਵਾਰ, 25 ਸਤੰਬਰ) ਸਥਾਨਕ ਨਿਵਾਸੀਆਂ, ਦੋਸਤਾਂ ਅਤੇ ਪਰਿਵਾਰ ਦੀ ਮੌਜੂਦਗੀ ਵਿੱਚ ਖੇਤਰੀ ਕੌਂਸਲਰ, ਵਾਰਡ 7 ਅਤੇ 8 ਲਈ ਅਧਿਕਾਰਤ ਤੌਰ 'ਤੇ ਆਪਣੀ ਮੁਹਿੰਮ ਦੀ ਸ਼ੁਰੂਆਤ ਕੀਤੀ। ਬਰਸਾਤ ਦੇ ਮੌਸਮ ਦੇ ਬਾਵਜੂਦ, 550 ਤੋਂ ਵੱਧ ਸਮਰਥਕਾਂ ਅਤੇ ਸ਼ੁਭਚਿੰਤਕਾਂ ਨੇ ਹਾਜਰੀ ਲਗਵਾ ਕੇ ਇਸ ਲਾਂਚਿੰਗ ਨੂੰ ਬਹੁਤ ਸਫਲ ਬਣਾਇਆ। ਪ੍ਰਮੁੱਖ ਭਾਈਚਾਰਕ ਆਗੂਆਂ ਦੇ ਸੰਬੋਧਨ ਤੋਂ ਬਾਅਦ ਕੈਂਪੇਨ ਚੇਅਰ ਸੈਮ ਬਸਰਾ ਵੱਲੋਂ ਸ੍ਰੀ ਢਿੱਲੋਂ ਨੂੰ ਲੋਕਾਂ ਦੇ ਰੂਬਰੂ ਕਰਵਾਇਆ ਗਿਆ।

ਸ੍ਰੀ ਢਿੱਲੋਂ ਨੇ ਵੱਡੇ ਇਕੱਠ ਨੂੰ ਬੜੇ ਜੋਸ਼ ਤੇ ਉਤਸ਼ਾਹ ਨਾਲ ਸੰਬੋਧਨ ਕੀਤਾ। ਉਨ੍ਹਾਂ ਨੇ ਬਰੈਂਪਟਨ ਵਿੱਚ ਆਪਣੀਆਂ ਡੂੰਘੀਆਂ ਜੜ੍ਹਾਂ ਅਤੇ ਕਮਿਊਨਿਟੀ ਦੀ ਸੇਵਾ ਕਰਨ ਵਾਲੇ ਸਫਲ ਉੱਦਮਾਂ ਦੇ ਨਿਰਮਾਣ ਬਾਰੇ ਗੱਲ ਕੀਤੀ। ਇਸ ਦੌਰਾਨ ਉਨ੍ਹਾਂ ਨੇ ਕਿਹਾ ਕਿ ਬਰੈਂਪਟਨ ਨੇ ਮੈਨੂੰ ਬਹੁਤ ਕੁਝ ਦਿੱਤਾ ਹੈ ਅਤੇ ਹੁਣ ਮੇਰੇ ਲਈ ਵਾਪਸ ਦੇਣ ਦਾ ਸਮਾਂ ਆ ਗਿਆ ਹੈ। "ਤੁਹਾਡੇ ਵਿੱਚੋਂ ਬਹੁਤ ਸਾਰੇ ਲੋਕਾਂ ਵਾਂਗ, ਮੈਂ ਵੀ ਬਰੈਂਪਟਨ ਸਿਟੀ ਕਾਉਂਸਿਲ ਵਿੱਚ ਪੱਖਪਾਤ ਨੂੰ ਦੇਖ ਕੇ ਬਹੁਤ ਦੁਖੀ ਹੋ ਗਿਆ ਹਾਂ। ਪਿਛਲੇ ਕੁਝ ਸਾਲਾਂ ਤੋਂ, ਜਦੋਂ ਵੀ ਖ਼ਬਰਾਂ ਵਿੱਚ ਬਰੈਂਪਟਨ ਦਾ ਜ਼ਿਕਰ ਕੀਤਾ ਜਾਂਦਾ ਹੈ, ਇਹ ਆਮ ਤੌਰ 'ਤੇ ਸਕਾਰਾਤਮਕ ਨਹੀਂ ਹੁੰਦਾ।"

...ਬਾਕੀ ਪੰਨਾ 12 'ਤੇ

## ਟਰੌਇਰਜ਼ ਪਾਰਕ ਦਾ ਨਾਂ ਸ੍ਰੀ ਭਗਵਦ ਗੀਤਾ ਪਾਰਕ ਰੱਖਿਆ ਗਿਆ



ਬਰੈਂਪਟਨ, 29 ਸਤੰਬਰ (ਪੋਸਟ ਬਿਊਰੋ) : ਸਿਟੀ ਆਫ ਬਰੈਂਪਟਨ ਵੱਲੋਂ ਬੀਤੇ ਦਿਨੀਂ ਰਸਮੀਂ ਤੌਰ ਉੱਤੇ ਟਰੌਇਰਜ਼ ਪਾਰਕ ਦਾ ਨਾਂ ਸ੍ਰੀ ਭਗਵਦ ਗੀਤਾ ਪਾਰਕ ਰੱਖਿਆ ਗਿਆ।

...ਬਾਕੀ ਪੰਨਾ 3 'ਤੇ

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
416-724-5000

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty Off: 905.230.3100

NOW HIRING !!!
ALLKIND INSURANCE
Life Insurance • Super Visa Insurance
Critical illness Ins • Mortgage Insurance
Travel & Visitor Ins • Disability Insurance
RESP & TFSA & RRSP • Funeral Insurance
SIMRAN SAINI
416.994.7272
www.allkindinsurance.com

OURR HOME & APPLIANCES
UPGRADE TO SMART SCREEN FRIDGE IN JUST $499
FALL For Ourr Exclusive Deals
PRICE $4699
KitchenAid, Moffat, MAYTAG, LG, SAMSUNG, Electrolux, JENNAIR, BOSCH, Whirlpool
416-551-5553
WWW.OURRHOMEAPPLIANCES.COM

Pure Vegetarian
MUFFIN'S INDIAN SWEETS & RESTAURANT
CALL (905)794-3007
NOW OPEN AT EMBASSY GRAND PLAZA
#6-8770 THE GORE RD, BRAMPTON, ON L6P 0B1
SPECIAL OFFER
FREE CHOLE BHATURE WHEN YOU SPEND OVER $20
TIFFEN SERVICES ARE ALSO AVAILABLE

INSURANCE
Home, Auto
Business, Trucking
Life Insurance, Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ
ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
AvonFinancial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax: 905-216-0392

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

KELLEY LAW OFFICE
Immigration, Real Estate
Family Law, Business Closing
Corporate, Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL
416 938 4598

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
Real Estate Law • Business Law
Wills & Estate • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# ਪਹਿਲੀ ਅਕਤੂਬਰ ਤੋਂ ਕੈਨੇਡਾ ਵਿੱਚ ਕੋਵਿਡ-19 ਸਬੰਧੀ ਬਾਰਡਰ ਤੇ ਟਰੈਵਲ ਮਾਪਦੰਡ ਹੋਣਗੇ ਖ਼ਤਮ



ਓਟਵਾ, 29 ਸਤੰਬਰ (ਪੋਸਟ ਬਿਊਰੋ) : ਐਰਾਈਵਕੈਨ ਐਪ ਦੀ ਵਰਤੋਂ ਸਮੇਤ ਕੈਨੇਡਾ ਦੀਆਂ ਕੋਵਿਡ-19 ਟਰੈਵਲ ਪਾਬੰਦੀਆਂ ਪਹਿਲੀ ਅਕਤੂਬਰ ਤੋਂ ਖ਼ਤਮ ਕੀਤੀਆਂ ਜਾ ਰਹੀਆਂ ਹਨ।

ਸੋਮਵਾਰ ਸਵੇਰੇ ਫੈਡਰਲ ਮੰਤਰੀਆਂ ਵੱਲੋਂ ਨਿਊਜ਼ ਕਾਨਫਰੰਸ ਵਿੱਚ ਇਨ੍ਹਾਂ ਮਾਪਦੰਡਾਂ ਨੂੰ ਖ਼ਤਮ ਕਰਨ ਦੇ ਸਬੰਧ ਵਿੱਚ ਐਲਾਨ ਕੀਤਾ ਗਿਆ। ਇਨ੍ਹਾਂ ਮੰਤਰੀਆਂ ਵੱਲੋਂ ਇਹ ਪੁਸ਼ਟੀ ਵੀ ਕੀਤੀ ਗਈ ਕਿ ਇੱਕ ਵਾਰੀ ਹਟਾਅ ਲਏ ਜਾਣ ਤੋਂ ਬਾਅਦ ਇਨ੍ਹਾਂ ਬਾਰਡਰ ਮਾਪਦੰਡਾਂ ਨੂੰ ਨੰਵਿਆਇਆਂ ਨਹੀਂ ਜਾਵੇਗਾ। ਇੱਕ ਵੱਖਰੀ ਨਿਊਜ਼ ਕਾਨਫਰੰਸ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਇਸ ਸਮੇਂ ਮਾਹਿਰਾਂ ਵੱਲੋਂ ਕੀਤੀਆਂ ਜਾ ਰਹੀਆਂ ਸਿਫਾਰਿਸ਼ਾਂ ਵਿੱਚ ਇਹ ਸਾਫ ਆਖਿਆ ਜਾ ਰਿਹਾ ਹੈ ਕਿ ਹੁਣ ਬਾਰਡਰ ਮਾਪਦੰਡਾਂ ਦੀ ਹੋਰ ਲੋੜ ਨਹੀਂ ਰਹਿ ਗਈ ਹੈ। ਪਰ ਉਨ੍ਹਾਂ ਆਖਿਆ ਕਿ ਅਸੀਂ ਹਾਲਾਤ ਉੱਤੇ ਬਾਰੀਕੀ ਨਾਲ ਨਜ਼ਰ ਰੱਖ ਰਹੇ ਹਾਂ ਤੇ ਜਿਵੇਂ ਹਾਲਾਤ ਬਦਲਣਗੇ ਅਸੀਂ ਉਨ੍ਹਾਂ ਮੁਤਾਬਕ ਹੀ ਫੈਸਲਾ ਕਰਾਂਗੇ।

ਖ਼ਤਮ ਕੀਤੇ ਜਾਣ ਵਾਲੇ ਮਾਪਦੰਡਾਂ ਵਿੱਚ ਬਾਰਡਰ ਵੈਕਸੀਨ ਮਾਪਦੰਡ, ਜਹਾਜ਼ਾਂ ਤੇ ਰੇਲਗੱਡੀਆਂ ਵਿੱਚ ਲਾਜ਼ਮੀ ਮਾਸਕ ਲਾਉਣ ਸਬੰਧੀ ਨਿਯਮ ਤੇ ਇੰਟਰਨੈਸ਼ਨਲ ਟਰੈਵਲਰਜ਼ ਦੇ ਟੈਸਟ ਕਰਵਾਉਣਾ ਤੇ ਉਨ੍ਹਾਂ ਨੂੰ ਕੁਆਰਨਟੀਨ ਕਰਨ ਸਬੰਧੀ ਨਿਯਮ ਸ਼ਾਮਲ ਹਨ। ਫੈਡਰਲ ਸਰਕਾਰ ਦਾ ਇਹ ਵੀ ਆਖਣਾ ਹੈ ਕਿ ਮੌਜੂਦਾ ਵੈਕਸੀਨੇਸ਼ਨ ਦਰ ਤੇ ਦੇਸ਼ ਭਰ ਵਿੱਚ ਕੋਵਿਡ ਸਬੰਧੀ ਹਾਲਾਤ ਨੇ ਉਨ੍ਹਾਂ ਨੂੰ ਮਹਾਂਮਾਰੀ ਤੋਂ ਪਹਿਲਾਂ ਵਾਲੇ ਮਾਹੌਲ ਵਿੱਚ ਪਰਤਣ ਦੀ ਖੁੱਲ੍ਹ ਦਿੱਤੀ ਹੈ।

ਸਿਹਤ ਮੰਤਰੀ ਜੀਨ ਯਵੇਸ ਡਕਲਸ ਵੱਲੋਂ ਇਹ ਚੇਤਾਵਨੀ ਵੀ ਜਾਰੀ ਕੀਤੀ ਗਈ ਹੈ ਕਿ ਮਹਾਂਮਾਰੀ ਅਜੇ ਖ਼ਤਮ ਨਹੀਂ ਹੋਈ ਪਰ ਉਨ੍ਹਾਂ ਦਾ ਕਹਿਣਾ ਹੈ ਕਿ ਦੇਸ਼ ਵਿੱਚ ਬਾਹਰੋਂ ਆਉਣ ਵਾਲੇ ਮਾਮਲਿਆਂ ਦੀ ਗਿਣਤੀ ਘਟੀ ਹੈ। ਉਨ੍ਹਾਂ ਇਹ ਵੀ ਆਖਿਆ ਕਿ ਲੋੜ ਪੈਣ ਉੱਤੇ ਫੈਡਰਲ ਸਰਕਾਰ ਕੁੱਝ ਪਾਬੰਦੀਆਂ ਮੁੜ ਲਾ ਸਕਦੀ ਹੈ। ਇਨ੍ਹਾਂ ਤਬਦੀਲੀਆਂ ਤੋਂ ਇਹ ਭਾਵ ਹੋਵੇਗਾ ਕਿ ਵਿਦੇਸ਼ੀ ਨਾਗਰਿਕਾਂ ਨੂੰ ਹੁਣ ਕੈਨੇਡਾ ਦਾਖਲ ਹੋਣ ਸਮੇਂ ਵੈਕਸੀਨੇਸ਼ਨ ਦਾ ਸਬੂਤ ਨਹੀਂ ਦੇਣਾ ਹੋਵੇਗਾ। ਇਸ ਤੋਂ ਇਹ ਭਾਵ ਵੀ ਹੈ ਕਿ ਕੈਨੇਡਾ ਆਉਣ ਵਾਲੇ ਟਰੈਵਲਰਜ਼ ਨੂੰ ਹੁਣ ਅਚਨਚੇਤੀ ਕੀਤੇ ਜਾਣ ਵਾਲੇ ਕੋਵਿਡ-19 ਟੈਸਟ ਨਹੀਂ ਕਰਵਾਉਣੇ ਹੋਣਗੇ। ਇਨ੍ਹਾਂ ਹੁਕਮਾਂ ਨਾਲ ਐਰਾਈਵਕੈਨ ਐਪ ਦੀ ਵਰਤੋਂ ਵੀ ਖ਼ਤਮ ਕੀਤੀ ਜਾਵੇਗੀ ਤੇ ਜਿਨ੍ਹਾਂ ਕੈਨੇਡੀਅਨਾਂ ਨੇ ਵੈਕਸੀਨੇਸ਼ਨ ਨਹੀਂ ਕਰਵਾਈ ਉਨ੍ਹਾਂ ਨੂੰ ਆਈਸੋਲੇਟ ਕਰਨ ਦੀ ਸ਼ਰਤ ਵੀ ਖ਼ਤਮ ਕੀਤੀ ਜਾ ਰਹੀ ਹੈ। ਸਰਕਾਰ ਨੇ ਇਹ ਵੀ ਆਖਿਆ ਹੈ ਕਿ ਜਹਾਜ਼ਾਂ ਤੇ ਰੇਲਗੱਡੀਆਂ ਉੱਤੇ ਸਫਰ ਕਰਨ ਸਮੇਂ ਟਰੈਵਲਰਜ਼ ਚੰਗੀ ਤਰ੍ਹਾਂ ਫਿੱਟ ਹੋਣ ਵਾਲੇ ਮਾਸਕ ਜ਼ਰੂਰ ਪਾ ਕੇ ਰੱਖਣ।

ਇਸ ਦੌਰਾਨ ਨਵੇਂ ਚੁਣੇ ਗਏ ਕੰਜ਼ਰਵੇਟਿਵ ਆਗੂ ਪਿਏਰ ਪੌਲੀਏਵਰ ਨੇ ਸੋਮਵਾਰ ਨੂੰ ਇਸ ਐਲਾਨ ਤੋਂ ਬਾਅਦ ਟਵੀਟ ਕਰਕੇ ਆਖਿਆ ਕਿ ਟਰੂਡੋ ਸਰਕਾਰ ਉੱਤੇ ਉਨ੍ਹਾਂ ਦੀ ਪਾਰਟੀ ਤੇ ਕੈਨੇਡੀਅਨਜ਼ ਵੱਲੋਂ ਪਾਏ ਗਏ ਦਬਾਅ ਕਾਰਨ ਹੀ ਸਰਕਾਰ ਨੂੰ ਇਹ ਫੈਸਲਾ ਲੈਣਾ ਪਿਆ।

# ਕਾਊਂਸਲੇਟ ਜਨਰਲ ਆਫ ਇੰਡੀਆ ਵੱਲੋਂ ਲਾਏ ਜਾ ਰਹੇ ਹਨ ਕਾਊਂਸਲਰ ਕੈਂਪ

ਟੋਰਾਂਟੋ, 29 ਸਤੰਬਰ (ਪੋਸਟ ਬਿਊਰੋ) : ਕਾਊਂਸਲੇਟ ਜਨਰਲ ਆਫ ਇੰਡੀਆ, ਟੋਰਾਂਟੋ ਵੱਲੋਂ ਆਪਣੇ ਅਧਿਕਾਰ ਖੇਤਰ ਵਿੱਚ ਆਉਣ ਵਾਲੇ ਮੁੱਦਿਆਂ ਨੂੰ ਹੱਲ ਕਰਨ ਲਈ ਪਹਿਲੀ ਅਕਤੂਬਰ, 2022 ਨੂੰ ਬਰੈਂਪਟਨ ਵਿੱਚ ਕਾਊਂਸਲਰ ਕੈਂਪ ਲਾਏ ਜਾ ਰਹੇ ਹਨ। ਇਸ ਦੌਰਾਨ ਕਾਊਂਸਲਰ ਸਬੰਧਤ ਕਈ ਤਰ੍ਹਾਂ ਦੇ ਮੁੱਦੇ ਜਿਵੇਂ ਕਿ ਪਾਸਪੋਰਟ, ਵੀਜ਼ਾ, ਓਸੀਆਈ,ਪੀਸੀਸੀ,ਸਰੈਂਡਰ ਸਰਟੀਫਿਕੇਟ, ਅਟੈਸਟੇਸ਼ਨ, ਲਾਈਫ ਸਰਟੀਫਿਕੇਟ ਆਦਿ ਹੱਲ ਕੀਤੇ ਜਾਣਗੇ। ਇਨ੍ਹਾਂ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ :2. ਇਹ ਕਾਊਂਸਲਰ ਕੈਂਪ ਲੰਮੇਂ ਸਮੇਂ ਤੋਂ ਪੈਂਡਿੰਗ ਮੁੱਦਿਆਂ ਨੂੰ ਹੱਲ ਕਰਨ ਲਈ ਲਾਏ ਜਾ ਰਹੇ ਹਨ ਤੇ ਇਹ ਇਨ੍ਹਾਂ ਥਾਂਵਾਂ ਉੱਤੇ ਕਾਊਂਸਲਰ ਸੇਵਾਵਾਂ ਦੇਣ ਲਈ ਨਹੀਂ ਲਾਏ ਜਾ ਰਹੇ। ਫਿਰ ਵੀ ਸਰੈਂਡਰ ਸਰਟੀਫਿਕੇਟ ਅਤੇ ਅਟੈਸਟੇਸ਼ਨ ਸੇਵਾਵਾਂ ਲਈ ਅਰਜ਼ੀਆਂ ਸਹੀ ਤਰਤੀਬ ਵਿੱਚ ਪਾਈਆਂ ਜਾਂਦੀਆਂ ਹਨ ਤਾਂ ਉਨ੍ਹਾਂ ਨੂੰ ਸਵੀਕਾਰ ਕੀਤਾ ਜਾਵੇਗਾ।

| ਕਾਊਂਸਲਰ ਕੈਂਪ ਦੀ ਥਾਂ | ਮਿਤੀ | ਸਮਾਂ |
|---|---|---|
| ਟੈਰੀ ਮਿਲਰ ਰੀਕ੍ਰੀਏਸ਼ਨ ਸੈਂਟਰ 1295 ਵਿਲੀਅਮਜ਼ ਪਾਰਕਵੇਅ, ਬਰੈਂਪਟਨ, ਓਨਟਾਰੀਓ ਐਲ6ਐਸ3ਜੇ8 | 1ਅਕਤੂਬਰ, 2022 ਦਿਨ ਸ਼ਨਿੱਚਰਵਾਰ | ਸਵੇਰੇ 10:00 ਤੋਂ ਦੁਪਹਿਰ ਦੇ 1:30 ਵਜੇ ਤੱਕ |

3. ਸਰੈਂਡਰ ਸਰਟੀਫਿਕੇਟ ਲਈ ਫੀਸ ਡੈਬਿਟ ਕਾਰਡ/ਡਿਮਾਂਡ ਡਰਾਫਟ ਰਾਹੀਂ ਬੀਐਲਐਸ ਇੰਟਰਨੈਸ਼ਨਲ ਸਰਵਿਸਿਜ਼ ਕੈਨੇਡਾ ਦੇ ਪੱਖ ਵਿੱਚ ਅਦਾਇਗੀ ਯੋਗ ਹੋਵੇਗੀ। ਅਟੈਸਟੇਸ਼ਨ ਸੇਵਾਵਾਂ ਲਈ ਫੀਸ ਕਾਊਂਸਲੇਟ ਜਨਰਲ ਆਫ ਇੰਡੀਆ, ਟੋਰਾਂਟੋ ਦੇ ਪੱਖ ਵਿੱਚ ਸਿਰਫ ਡਿਮਾਂਡ ਡਰਾਫਟ ਰਾਹੀਂ ਅਦਾਇਗੀ ਯੋਗ ਹੋਵੇਗੀ। ਅਟੈਸਟੇਸ਼ਨ ਸੇਵਾ ਲਈ ਬਿਨੈਕਾਰ ਨੂੰ ਆਪਣੇ ਦਸਤਾਵੇਜ਼ ਮੁੜ ਹਾਸਲ ਕਰਨ ਲਈ ਆਪਣੇ ਪਤੇ ਵਾਲਾ ਪ੍ਰੀਪੇਡ ਐਨਵੈਲਪ ਅਰਜ਼ੀ ਦੇ ਨਾਲ ਨੱਥੀ ਕਰਨਾ ਹੋਵੇਗਾ। ਇਸ ਲਈ ਬਿਨੈਕਾਰਾਂ ਨੂੰ ਦਸਤਾਵੇਜ਼ੀ ਲੋੜਾਂ ਤੇ ਢੁਕਵੀ ਫੀਸ ਨੂੰ ਸਮਝਣ ਵਾਸਤੇ ਅੱਗੇ ਲਿਖੇ ਪਤੇ ਉੱਤੇ ਵਿਜ਼ਿਟ ਕਰਨਾ ਹੋਵੇਗਾ :


1 : https://www.cgitoronto.gov.in/ Link 2: https://www.blsindia-canada.com/toronto-jurisdiction/index.php


4. ਅਰਜ਼ੀਆਂ ਉਸ ਹਾਲ ਵਿੱਚ ਹੀ ਅੱਗੇ ਵੱਧ ਸਕਣਗੀਆਂ ਜੇ ਪੂਰੇ ਦਸਤਾਵੇਜ਼ ਤੇ ਫਾਰਮ ਜਮ੍ਹਾਂ ਕਰਵਾਏ ਜਾਣਗੇ। ਬਿਨੈਕਾਰਾਂ ਨੂੰ ਸਾਰੇ ਦਸਤਾਵੇਜ਼ਾਂ ਤੇ ਫਾਰਮਜ਼ ਦੀਆਂ ਅਸਲ ਅਤੇ ਫੋਟੋਕਾਪੀਆਂ ਉੱਤੇ ਦੱਸੇ ਗਏ ਲਿੰਕ ਮੁਤਾਬਕ ਜਮ੍ਹਾਂ ਕਰਵਾਉਣੀਆਂ ਹੋਣਗੀਆਂ। ਕਿਸੇ ਵੀ ਦਸਤਾਵੇਜ਼ ਦੀ ਸਾਫਟ ਕਾਪੀ ਸਵੀਕਾਰ ਨਹੀਂ ਕੀਤੀ ਜਾਵੇਗੀ।

5. ਕੈਂਪ ਵਿਖੇ ਕੋਵਿਡ-19 ਸਬੰਧੀ ਦਿਸ਼ਾ ਨਿਰਦੇਸ਼ਾਂ ਦਾ ਸਖ਼ਤੀ ਨਾਲ ਪਾਲਣ ਕੀਤਾ ਜਾਣਾ ਜ਼ਰੂਰੀ ਹੈ।







# ਲਿਬਰਲਾਂ ਦੇ ਜੀਐਸਟੀ ਛੋਟ ਪਲੈਨ ਦਾ ਸਮਰਥਨ ਕਰੇਗਾ ਕੰਜ਼ਰਵੇਟਿਵ ਕਾਕਸ : ਸ਼ੀਅਰ



ਓਟਵਾ, 29 ਸਤੰਬਰ (ਪੋਸਟ ਬਿਊਰੋ) : ਕੰਜ਼ਰਵੇਟਿਵ ਹਾਊਸ ਲੀਡਰ ਐਂਡਰਿਊ ਸ਼ੀਅਰ ਨੇ ਆਖਿਆ ਕਿ ਪਿਏਰ ਪੌਲੀਏਵਰ ਦੇ ਕਾਕਸ ਵੱਲੋਂ ਲਿਬਰਲ ਸਰਕਾਰ ਦੇ ਜੀਐਸਟੀ ਕ੍ਰੈਡਿਟ ਨੂੰ ਆਰਜ਼ੀ ਤੌਰ ਉੱਤੇ ਦੁੱਗਣਾ ਕਰਨ ਸਬੰਧੀ ਲਿਆਂਦੇ ਬਿੱਲ ਦਾ ਸਮਰਥਨ ਕੀਤਾ ਜਾਵੇਗਾ।

ਇੱਕ ਇੰਟਰਵਿਊ ਵਿੱਚ ਸ਼ੀਅਰ ਨੇ ਆਖਿਆ ਕਿ ਟੈਕਸ ਡਾਲਰਾਂ ਨੂੰ ਮੁੜ ਕੈਨੇਡੀਅਨਜ਼ ਦੀ ਜੇਬ੍ਹ ਵਿੱਚ ਪਾਉਣ ਦਾ ਮਾਮਲਾ ਅਜਿਹਾ ਹੈ ਜਿਸ ਦਾ ਸਮਰਥਨ ਕੰਜ਼ਰਵੇਟਿਵਜ਼ ਹਮੇਸ਼ਾਂ ਕਰਦੇ ਆਏ ਹਨ। ਜ਼ਿਕਰਯੋਗ ਹੈ ਕਿ ਬਿੱਲ ਸੀ-30, ਦ ਕੌਸਟ ਆਫ ਲਿਵਿੰਗ ਰਲੀਫ ਐਕਟ, ਨੰ-1, ਉਨ੍ਹਾਂ ਦੋ ਬਿੱਲਾਂ ਵਿੱਚੋਂ ਇੱਕ ਹੈ ਜਿਹੜੇ ਲਿਬਰਲਾਂ ਵੱਲੋਂ ਪਿਛਲੇ ਹਫਤੇ ਪੇਸ਼ ਕੀਤੇ ਗਏ ਸਨ। ਲਿਬਰਲ ਸਰਕਾਰ ਦਾ ਕਹਿਣਾ ਹੈ ਕਿ ਇਸ ਸਮੇਂ ਮਹਿੰਗਾਈ ਦੀ ਮਾਰ ਸਹਿ ਰਹੇ ਘੱਟ ਤੋਂ ਦਰਮਿਆਨੀ ਆਮਦਨ ਵਾਲੇ ਪਰਿਵਾਰਾਂ ਦੀ ਮਦਦ ਲਈ ਇਹ ਬਿੱਲ ਲਿਆਂਦਾ ਗਿਆ ਹੈ।

ਇਸ ਬਿੱਲ ਰਾਹੀਂ ਇਨਕਮ ਟੈਕਸ ਐਕਟ ਵਿੱਚ ਸੋਧ ਕਰਕੇ ਆਉਣ ਵਾਲੇ ਛੇ ਮਹੀਨਿਆਂ ਲਈ ਜੀਐਸਟੀ ਕ੍ਰੈਡਿਟ ਨੂੰ ਦੁੱਗਣਾ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ। ਸਰਕਾਰ ਦਾ ਕਹਿਣਾ ਹੈ ਕਿ ਜੇ ਇਹ ਬਿੱਲ ਸਮਾਂ ਰਹਿੰਦਿਆਂ ਪਾਸ ਹੋ ਜਾਂਦਾ ਹੈ ਤਾਂ ਇਸ ਨਾਲ ਅੰਦਾਜ਼ਨ 11 ਮਿਲੀਅਨ ਲੋਕਾਂ ਤੇ ਪਰਿਵਾਰਾਂ ਨੂੰ ਮਦਦ ਮਿਲੇਗੀ।

## ਛੁਰੇਬਾਜ਼ੀ ਮਗਰੋਂ ਮਸ਼ਕੂਕ ਹਿਰਾਸਤ ਵਿੱਚ



ਟੋਰਾਂਟੋ, 29 ਸਤੰਬਰ (ਪੋਸਟ ਬਿਊਰੋ) : ਐਤਵਾਰ ਦੁਪਹਿਰ ਨੂੰ ਨੌਰਥ ਯੌਰਕ ਦੀ ਸੁਪਰਮਾਰਕਿਟ ਵਿੱਚ ਛੁਰੇਬਾਜ਼ੀ ਦੀ ਵਾਪਰੀ ਘਟਨਾ ਦੇ ਸਬੰਧ ਵਿੱਚ ਟੋਰਾਂਟੋ ਪੁਲਿਸ ਵੱਲੋਂ ਇੱਕ ਮਸ਼ਕੂਕ ਨੂੰ ਹਿਰਾ-ਸਤ ਵਿੱਚ ਲਿਆ ਗਿਆ ਹੈ।

ਦੁਪਹਿਰੇ 1:00 ਵਜੇ ਤੋਂ ਪਹਿਲਾਂ ਪੁਲਿਸ ਨੂੰ ਸ਼ੈਪਰਡ ਐਵਨਿਊ ਦੇ ਉੱਤਰ ਵੱਲ ਕੀਲ ਸਟਰੀਟ ਤੇ ਸੇਂਟ ਰੇਜਿਸ ਕ੍ਰੀਸੈਂਟ ਇਲਾਕੇ ਵਿੱਚ ਸੱਦਿਆ ਗਿਆ। ਪੈਰਾਮੈਡਿਕਸ ਨੇ ਦੱਸਿਆ ਕਿ ਇੱਥੋਂ ਦੋ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ। ਬਾਅਦ ਵਿੱਚ ਪੁਲਿਸ ਨੇ ਦੱਸਿਆ ਕਿ ਸਟੋਰ ਦੇ ਬਾਹਰ ਵਾਪਰੀ ਛੁਰੇਬਾਜ਼ੀ ਦੀ ਘਟਨਾ ਵਿੱਚ ਇੱਕ ਵਿਅਕਤੀ ਨੂੰ ਜ਼ਖ਼ਮੀ ਕਰਨ ਵਾਲਾ ਮਸ਼ਕੂਕ ਆਪ ਵੀ ਜ਼ਖ਼ਮੀ ਹੋ ਗਿਆ।

ਦੋਵਾਂ ਦੀ ਹਾਲਤ ਗੰਭੀਰ ਪਰ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਪੁਲਿਸ ਨੂੰ ਮੌਕੇ ਤੋਂ ਚਾਕੂ ਵੀ ਬਰਾਮਦ ਹੋਇਆ। ਇਸ ਸਬੰਧ ਵਿੱਚ ਹਾਲ ਦੀ ਘੜੀ ਹੋਰ ਵੇਰਵੇ ਜਾਰੀ ਨਹੀਂ ਕੀਤੇ ਗਏ ਹਨ।

## 18+ ਵਿਅਕਤੀ ਅੱਜ ਤੋਂ ਬਾਇਵਲੈਂਟ ਕੋਵਿਡ-19 ਬੂਸਟਰ ਸ਼ੌਟ ਲਈ ਲੈ ਸਕਣਗੇ ਅਪੁਆਇੰਟਮੈਂਟਸ



ਓਨਟਾਰੀਓ, 29 ਸਤੰਬਰ (ਪੋਸਟ ਬਿਊਰੋ) : ਸੋਮਵਾਰ ਤੋਂ ਸ਼ੁਰੂ ਕਰਦਿਆਂ 18 ਸਾਲ ਤੇ ਇਸ ਤੋਂ ਵੱਧ ਉਮਰ ਦੇ ਹਰ ਵਿਅਕਤੀ ਨੂੰ ਹੁਣ ਓਨਟਾਰੀਓ ਵਿੱਚ ਕੋਵਿਡ-19 ਦੀ ਬਾਇਵਲੈਂਟ ਵੈਕਸੀਨ ਦਾ ਬੂਸਟਰ ਸ਼ੌਟ ਲੱਗ ਸਕੇਗਾ।

ਹਾਲਾਂਕਿ ਬੀਏ.5 ਓਮਾਈਕ੍ਰੌਨ ਸਬਵੇਰੀਐਂਟ ਪ੍ਰੋਵਿੰਸ ਵਿੱਚ ਮੁੱਖ ਤੌਰ ਉੱਤੇ ਪਾਇਆ ਜਾ ਰਿਹਾ ਹੈ ਤੇ ਬਾਇਵਲੈਂਟ ਵੈਕਸੀਨ ਵੀ ਬੀਏ.5 ਸਬਵੇਰੀਐਂਟ ਲਈ ਹੀ ਤਿਆਰ ਕੀਤੀ ਗਈ ਹੈ, ਪਰ ਸਿਹਤ ਅਧਿਕਾਰੀਆਂ ਦਾ ਕਹਿਣਾ ਹੈ ਕਿ ਬੂਸਟਰ ਡੋਜ਼ ਹਰ ਤਰ੍ਹਾਂ ਦੇ ਓਮਾਈਕ੍ਰੌਨ ਵੇਰੀਐਂਟ ਖਿਲਾਫ ਸੁਰੱਖਿਆ ਮੁਹੱਈਆ ਕਰਵਾਉਂਦੀ ਹੈ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਸਰਦ ਰੁੱਤ ਸ਼ੁਰੂ ਹੋਣ ਦੇ ਨਾਲ ਹੀ ਸਾਹ ਸਬੰਧੀ ਬਿਮਾਰੀਆਂ ਦਾ ਸੀਜ਼ਨ ਵੀ ਸ਼ੁਰੂ ਹੋ ਜਾਂਦਾ ਹੈ ਤੇ ਕਮਜ਼ੋਰ ਇਮਿਊਨਿਟੀ ਵਾਲੇ ਵਿਅਕਤੀਆਂ, ਜਿਵੇਂ ਕਿ 70 ਸਾਲ ਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਦੇ ਨਾਲ ਨਾਲ 12 ਸਾਲ ਤੇ ਇਸ ਤੋਂ ਵੱਧ ਉਮਰ ਦੇ ਇਮਿਊਨੋਕੰਪਰੋਮਾਈਜ਼ਡ ਵਿਅਕਤੀਆਂ ਲਈ ਜਲਦ ਤੋਂ ਜਲਦ ਬਾਇਵਲੈਂਟ ਵੈਕਸੀਨ ਦਾ ਬੂਸਟਰ ਸ਼ੌਟ ਲਵਾਉਣ ਦੀ ਸਲਾਹ ਦਿੱਤੀ ਜਾਂਦੀ ਹੈ।

ਇਸ ਮਹੀਨੇ ਦੇ ਸ਼ੁਰੂ ਵਿੱਚ ਲਾਂਗ ਟਰਮ ਕੇਅਰ ਰੈਜ਼ੀਡੈਂਟਸ ਤੇ ਹੈਲਥ ਵਰਕਰਜ਼ ਨੂੰ ਮੌਡਰਨਾ ਦੀ ਨਵੀਂ ਸਪਾਈਕਵੈਕਸ ਬਾਇਵਲੈਂਟ ਵੈਕਸੀਨ ਦਾ ਸ਼ੌਟ ਲਾਇਆ ਗਿਆ। ਇਸ ਤੋਂ ਇਲਾਵਾ ਛੇ ਮਹੀਨੇ ਤੇ ਪੰਜ ਸਾਲ ਦਰਮਿਆਨ ਦੇ ਬੱਚਿਆਂ ਲਈ ਪੇਡੀਐਟ੍ਰਿਕ ਫਾਈਜ਼ਰ ਵੈਕਸੀਨ ਵੀ ਉਪਲਬਧ ਹੈ। ਬੂਸਟਰ ਡੋਜ਼ ਲਵਾਉਣ ਲਈ ਅਪੁਆਇੰਟਮੈਂਟਸ ਸੋਮਵਾਰ ਸਵੇਰੇ 8:00 ਵਜੇ ਤੋਂ ਕੋਵਿਡ-19 ਵੈਕਸੀਨ ਪੋਰਟਲ ਰਾਹੀਂ ਬੁੱਕ ਕਰਵਾਈਆਂ ਜਾ ਸਕਦੀਆਂ ਹਨ ਜਾਂ ਸਿੱਧੇ ਤੌਰ ਉੱਤੇ ਵੱਖੋ ਵੱਖ ਪਬਲਿਕ ਹੈਲਥ ਯੂਨਿਟਸ ਦੇ ਆਪਣੇ ਬੁਕਿੰਗ ਸਿਸਟਮਜ਼ ਰਾਹੀਂ, ਹੈਲਥਕੇਅਰ ਪ੍ਰੋਵਾਈਡਰਜ਼ ਤੇ ਇਸ ਵਿੱਚ ਹਿੱਸਾ ਲੈ ਰਹੀਆਂ ਫਾਰਮੇਸੀਜ਼ ਰਾਹੀਂ ਬੁੱਕ ਕਰਵਾਈਆਂ ਜਾ ਸਕਦੀਆਂ ਹਨ।

## ਐਮਪੀ ਖਹਿਰਾ ਨੇ ਐਨਐਚਐਸਪੀ ਲਈ ਪ੍ਰਸਤਾਵਾਂ ਦੀ ਕੀਤੀ ਮੰਗ




ਓਨਟਾਰੀਓ, 29 ਸਤੰਬਰ (ਪੋਸਟ ਬਿਊਰੋ) : ਬੀਤੇ ਦਿਨੀਂ ਮਨਿਸਟਰ ਆਫ ਸੀਨੀਅਰਜ਼ ਕਮਲ ਖਹਿਰਾ ਨੇ ਨਿਊ ਹੋਰਾਈਜ਼ਨਜ਼ ਫੌਰ ਸੀਨੀਅਰਜ਼ ਪ੍ਰੋਗਰਾਮ (ਐਨਐਚਐਸਪੀ) ਲਈ ਪ੍ਰਸਤਾਵਾਂ ਦੀ ਮੰਗ ਕੀਤੀ।

ਐਨਐਚਐਸਪੀ ਫੈਡਰਲ ਗ੍ਰਾਂਟਸ ਤੇ ਕੌਂਟ੍ਰੀਬਿਊਸ਼ਨ ਪ੍ਰੋਗਰਾਮ ਹੈ ਜਿਸ ਦਾ ਟੀਚਾ ਬਜ਼ੁਰਗਾਂ ਨੂੰ ਕਮਿਊਨਿਟੀ ਵਿੱਚ ਸਰਗਰਮ ਤੇ ਹੋਰਨਾਂ ਕੰਮਾਂ ਵਿੱਚ ਰੁੱਝਿਆ ਰੱਖਣ ਵਾਲੇ ਪ੍ਰੋਜੈਕਟਾਂ ਦੀ ਮਦਦ ਕਰਨਾ ਹੈ। ਹਰ ਸਾਲ ਕੈਨੇਡਾ ਭਰ ਦੀਆਂ ਸੰਸਥਾਵਾਂ ਨੂੰ ਕਮਿਊਨਿਟੀ ਅਧਾਰਤ ਪ੍ਰੋਜੈਕਟਸ ਲਈ ਪ੍ਰਸਤਾਵਾਂ ਰਾਹੀਂ ਐਨਐਚਐਸਪੀ ਫੰਡਿੰਗ ਲਈ ਅਪਲਾਈ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ। ਇਹ ਪ੍ਰੋਜੈਕਟਸ ਸੀਨੀਰਜ਼ ਨੂੰ ਆਪਣੀਆਂ ਕਮਿਊਨਿਟੀਜ਼ ਵਿੱਚ ਸਸ਼ਕਤ ਕਰਨ ਤੇ ਉਨ੍ਹਾਂ ਦੀ ਸਿਹਤ ਵਿੱਚ ਸੁਧਾਰ ਲਈ ਚਲਾਏ ਜਾਂਦੇ ਹਨ। ਇਨ੍ਹਾਂ ਪ੍ਰੋਜੈਕਟਸ ਲਈ 25,000 ਡਾਲਰ ਤੱਕ ਦੀ ਗ੍ਰਾਂਟ ਫੰਡਿੰਗ ਮੁਹੱਈਆ ਕਰਵਾਈ ਜਾਂਦੀ ਹੈ। ਇਹ ਪ੍ਰਸਤਾਵ ਪਹਿਲੀ ਨਵੰਬਰ, 2022 ਤੱਕ ਖੁੱਲ੍ਹੇ ਰਹਿਣਗੇ।

## ਛੁਰੇਬਾਜ਼ੀ ਦੀ ਘਟਨਾ ਦੇ ਸਬੰਧ ਵਿੱਚ ਇੱਕ ਗ੍ਰਿਫਤਾਰ



ਟੋਰਾਂਟੋ, 29 ਸਤੰਬਰ (ਪੋਸਟ ਬਿਊਰੋ) : ਐਤਵਾਰ ਦੁਪਹਿਰ ਨੂੰ ਟੋਰਾਂਟੋ ਸੁਪਰਮਾਰਕਿਟ ਵਿੱਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਦੇ ਸਬੰਧ ਵਿੱਚ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ।

ਟੋਰਾਂਟੋ ਪੁਲਿਸ ਨੇ ਆਖਿਆ ਕਿ ਉਨ੍ਹਾਂ ਨੂੰ ਰਾਤੀਂ 12:55 ਉੱਤੇ ਕੀਲ ਸਟਰੀਟ ਤੇ ਸੇਂਟ ਰੇਜਿਸ ਕ੍ਰੀਸੈਂਟ ਉੱਤੇ ਸਥਿਤ ਸੁਪਰਮਾਰਕਿਟ ਵਿੱਚ ਛੁਰੇਬਾਜ਼ੀ ਦੀ ਘਟਨਾ ਵਾਪਰਨ ਬਾਰੇ ਜਾਣਕਾਰੀ ਮਿਲੀ। ਇਸ ਮਾਮਲੇ ਵਿੱਚ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ।

ਉਸ ਨੂੰ ਹਸਪਤਾਲ ਲਿਜਾਇਆ ਗਿਆ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਦੇਰ ਰਾਤ ਹੋਏ ਹਾਦਸੇ ਵਿੱਚ ਦੋ ਦੀ ਹੋਈ ਮੌਤ



ਓਨਟਾਰੀਓ, 29 ਸਤੰਬਰ (ਪੋਸਟ ਬਿਊਰੋ) : ਡਾਊਨਟਾਊਨ ਹੈਮਿਲਟਨ ਵਿੱਚ ਦੇਰ ਰਾਤੀਂ ਹੋਏ ਹਾਦਸੇ ਵਿੱਚ ਦੋ ਵਿਅਕਤੀਆਂ ਦੇ ਮਾਰੇ ਜਾਣ ਤੋਂ ਬਾਅਦ ਓਨਟਾਰੀਓ ਸਪੈਸ਼ਲ ਇਨਵੈਸਟੀਗੇਸ਼ਨਜ਼ ਯੂਨਿਟ ਨੂੰ ਸੱਦਿਆ ਗਿਆ।

ਇਹ ਹਾਦਸਾ ਸਿਟੀ ਦੇ ਕੌਰਕਟਾਊਨ ਇਲਾਕੇ ਵਿੱਚ ਯੰਗ ਸਟਰੀਟ ਨੇੜੇ ਜੌਹਨ ਸਟਰੀਟ ਉੱਤੇ ਰਾਤੀਂ 11:00 ਵਜੇ ਵਾਪਰਿਆ। ਹੈਮਿਲਟਨ ਪੁਲਿਸ ਸਰਵਿਸ ਅਨੁਸਾਰ ਨਸ਼ਾ ਕਰਕੇ ਚਲਾਈ ਜਾ ਰਹੀ ਗੱਡੀ ਨੂੰ ਟਰੈਫਿਕ ਸਟੌਪ ਉੱਤੇ ਰੋਕੇ ਜਾਣ ਦੌਰਾਨ ਵਾਪਰੇ ਹਾਦਸੇ ਕਾਰਨ ਦੋ ਪੈਸੈਂਜਰਜ਼ ਦੀ ਮੌਤ ਹੋ ਗਈ।

ਅਜੇ ਤੱਕ ਮ੍ਰਿਤਕਾਂ ਦੇ ਸਬੰਧ ਵਿੱਚ ਕੋਈ ਜਾਣਕਾਰੀ ਹਾਸਲ ਨਹੀਂ ਹੋਈ ਹੈ। ਇਸ ਹਾਦਸੇ ਵਿੱਚ ਜੇ ਕੋਈ ਵਿਅਕਤੀ ਜ਼ਖ਼ਮੀ ਹੋਇਆ ਹੋਵੇ ਉਸ ਬਾਰੇ ਵੀ ਕੋਈ ਵੇਰਵਾ ਹਾਸਲ ਨਹੀਂ ਹੋ ਸਕਿਆ ਹੈ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਹਾਦਸੇ ਕਾਰਨ ਇਨ੍ਹਾਂ ਸੜਕਾਂ ਨੂੰ ਬੰਦ ਕੀਤਾ ਗਿਆ ਹੈ ਤੇ ਡਰਾਈਵਰਾਂ ਨੂੰ ਇਸ ਪਾਸੇ ਨਾ ਜਾਣ ਦੀ ਸਲਾਹ ਦਿੱਤੀ ਜਾ ਰਹੀ ਹੈ। ਜਾਂਚ ਵਿੱਚ ਹਾਲਟਨ ਪੁਲਿਸ ਵੱਲੋਂ ਵੀ ਸਹਿਯੋਗ ਕੀਤਾ ਜਾ ਰਿਹਾ ਹੈ।

## ਟੀਟੀਸੀ ਬੱਸ ਵੱਲੋਂ ਟੱਕਰ ਮਾਰੇ ਜਾਣ ਕਾਰਨ ਰਾਹਗੀਰ ਜ਼ਖ਼ਮੀ

ਸਕਾਰਬਰੋ, 29 ਸਤੰਬਰ (ਪੋਸਟ ਬਿਊਰੋ) : ਸਕਾਰਬਰੋ ਵਿੱਚ ਟੀਟੀਸੀ ਬੱਸ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਰਾਹਗੀਰ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਇਹ ਘਟਨਾ ਸੋਮਵਾਰ ਰਾਤੀਂ 7:30 ਵਜੇ ਤੋਂ ਠੀਕ ਪਹਿਲਾਂ ਕਿੰਗਸਟਨ ਰੋਡ ਤੇ ਮੌਰਨਿੰਗ ਸਾਈਡ ਐਵਨਿਊ ਇਲਾਕੇ ਵਿੱਚ ਵਾਪਰੀ। ਪੁਲਿਸ ਨੇ ਦੱਸਿਆ ਕਿ ਜਦੋਂ ਅਧਿਕਾਰੀ ਮੌਕੇ ਉੱਤੇ ਪਹੁੰਚੇ ਤਾਂ ਰਾਹਗੀਰ ਹੋਸ਼ ਵਿੱਚ ਸੀ ਤੇ ਸਾਹ ਲੈ ਰਿਹਾ ਸੀ। ਉਸ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਲੋਕਲ ਟਰੌਮਾ ਸੈਂਟਰ ਲਿਜਾਇਆ ਗਿਆ। ਉਸ ਦੀ ਹਾਲਤ ਬਾਰੇ ਹਾਲ ਦੀ ਘੜੀ ਕੋਈ ਜਾਣਕਾਰੀ ਹਾਸਲ ਨਹੀਂ ਹੋਈ ਹੈ। ਟੀਟੀਸੀ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੇ ਕਿ ਇਸ ਘਟਨਾ ਵਿੱਚ ਸ਼ਾਮਲ ਡਰਾਈਵਰ 12 ਕਿੰਗਸਟਨ ਰੋਡ ਬੱਸ ਆਪਰੇਟ ਕਰ ਰਿਹਾ ਸੀ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਟਰੌਇਰਜ਼ ਪਾਰਕ ਦਾ ਨਾਂ ਸ਼੍ਰੀ ਭਗਵਦ ਗੀਤਾ ਪਾਰਕ ਰੱਖਿਆ ਗਿਆ

...ਪੰਨਾ 1 ਦਾ ਬਾਕੀ

ਇਸ ਮੌਕੇ ਮੇਅਰ ਪੈਟ੍ਰਿਕ ਬ੍ਰਾਊਨ, ਬਰੈਂਪਟਨ ਦੇ ਮੰਦਰਾਂ ਦੇ ਪੰਡਿਤ, ਕਾਊਂਸਲਰਜ਼ ਤੇ ਕਮਿਊਨਿਟੀ ਮੈਂਬਰ ਹਾਜ਼ਰ ਸਨ। ਸ਼੍ਰੀ ਭਗਵਦ ਗੀਤਾ ਹਿੰਦੂਆਂ ਦਾ ਧਾਰਮਿਕ ਗ੍ਰੰਥ ਹੈ ਤੇ ਭਾਰਤ ਨਾਲ ਸਬੰਧਤ ਹੈ। ਇਹ ਪਾਰਕ ਬੱਚਿਆਂ ਦੇ ਖੇਡਣ, ਲੋਕਾਂ ਨੂੰ ਪਨਾਹ ਦੇਣ ਤੇ ਹੋਰਨਾਂ ਕਈ ਤਰ੍ਹਾਂ ਦੀਆਂ ਆਊਟਡੋਰ ਗਤੀਵਿਧੀਆਂ ਲਈ ਕੰਮ ਆਉਂਦਾ ਹੈ। 26 ਅਗਸਤ, 2022 ਨੂੰ ਬਰੈਂਪਟਨ ਦੀ ਸਿਟੀ ਕਾਊਂਸਲ ਵੱਲੋਂ ਟਰੌਇਰਜ਼ ਪਾਰਕ ਦਾ ਨਾਂ ਗੀਤਾ ਪਾਰਕ ਰੱਖਣ ਲਈ ਮਤਾ ਪਾਸ ਕੀਤਾ ਗਿਆ ਸੀ। 26



ਸਤੰਬਰ, 2022 ਨੂੰ ਸਪੈਸ਼ਲ ਕਾਊਂਸਲ ਮੀਟਿੰਗ ਵਿੱਚ ਇਸ ਨਾਂ ਵਿੱਚ ਸੋਧ ਕਰਦਿਆਂ ਹੋਇਆਂ ਇਸ ਦਾ ਨਾਂ ਸ਼੍ਰੀ ਭਗਵਦ ਗੀਤਾ ਪਾਰਕ ਰੱਖਣ ਦਾ ਮਤਾ ਪਾਸ ਕੀਤਾ ਗਿਆ।

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

WE'RE HIRING
Esthetician/Hairstylist
Fantasie Salon And Spa is hiring both the positions
full time and part time
Minimum 2 years of experience required.
Contact 437-999-9300

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਨਿੱਕੀ ਕੌਰ ਨੇ ਬਰੈਂਪਟਨ ਦੇ ਮੇਅਰ ਦੇ ਅਹੁਦੇ ਲਈ ਲਾਂਚ ਕੀਤੀ ਕੈਂਪੇਨ

ਬਰੈਂਪਟਨ, 29 ਸਤੰਬਰ (ਪੋਸਟ ਬਿਊਰੋ) : ਬਰੈਂਪਟਨ ਵਿੱਚ ਨਿੱਕੀ ਕੌਰ ਵੱਲੋਂ ਰਸਮੀ ਤੌਰ ਉੱਤੇ ਮੇਅਰ ਦੀ ਕੈਂਪੇਨ ਲਾਂਚ ਕੀਤੀ ਗਈ। ਕੌਰ ਕੈਂਪੇਨ ਹੈੱਡਕੁਆਰਟਰ ਤੋਂ ਉਨ੍ਹਾਂ ਵੱਲੋਂ ਇਹ ਕੈਂਪੇਨ ਲਾਂਚ ਕੀਤੀ ਗਈ।

ਇਸ ਮੌਕੇ ਸਿਟੀ ਹਾਲ ਵਿੱਚ ਬ੍ਰਾਊਨ ਪ੍ਰਸ਼ਾਸਨ ਨੂੰ ਬਾਹਰ ਦਾ ਰਸਤਾ ਵਿਖਾਉਣ ਲਈ ਨਿੱਕੀ ਕੌਰ ਦੀ ਇਸ ਮੁਹਿੰਮ ਦਾ ਸਮਰਥਨ ਬਰੈਂਪਟਨ ਦੀ ਸਾਬਕਾ ਮੇਅਰ ਲਿੰਡਾ ਜੈਫਰੀ ਵੱਲੋਂ ਕੀਤਾ ਗਿਆ। ਬ੍ਰੈਮਲੀ ਸਿਟੀ ਸੈਂਟਰ ਦੇ ਨੇੜੇ ਹੀ ਬਰੈਂਪਟਨ ਵਿੱਚ ਕੌਰ ਹੈੱਡਕੁਆਰਟਰ ਵਿੱਚ ਇਸ ਮੌਕੇ 600 ਤੋਂ ਵੱਧ ਸਮਰਥਕਾਂ ਦੀ ਹਾਜ਼ਰੀ ਵਿੱਚ ਨਿੱਕੀ ਕੌਰ ਨੇ ਆਪਣੀ ਕੈਂਪੇਨ ਦਾ ਆਗਾਜ਼ ਕੀਤਾ।

ਆਪਣੇ ਸਮਰਥਨ ਵਿੱਚ ਇੱਕਠੇ ਹੋਏ ਲੋਕਾਂ ਦਾ ਧੰਨਵਾਦ ਕਰਦਿਆਂ ਨਿੱਕੀ ਕੌਰ ਨੇ ਆਖਿਆ ਕਿ ਉਨ੍ਹਾਂ ਦੀ ਇਸ ਕੈਂਪੇਨ ਦੀ ਸ਼ੁਰੂਆਤ ਨਾਲ ਚਾਰ ਸਾਲਾਂ ਤੋਂ ਚੱਲੇ ਆ ਰਹੇ ਘਪਲਿਆਂ, ਕੁਪ੍ਰਬੰਧਾਂ ਤੇ ਫੇਲ੍ਹ ਲੀਡਰਸ਼ਿਪ ਦਾ ਅੰਤ ਹੋਣ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ 28 ਦਿਨਾਂ ਦੇ ਇਸ ਅਰਸੇ ਵਿੱਚ ਬਰੈਂਪਟਨ ਦੇ ਮਿਹਨਤਕਸ਼ ਲੋਕ ਪੈਟ੍ਰਿਕ ਬ੍ਰਾਊਨ ਨੂੰ ਚੱਲਦਾ ਕਰ ਦੇਣਗੇ।




ਇਸ ਮੌਕੇ ਸਾਬਕਾ ਮੇਅਰ ਲਿੰਡਾ ਜੈਫਰੀ ਨੇ ਵੀਆਈਪੀ ਗੈਸਟ ਵਜੋਂ ਐਂਟਰੀ ਮਾਰ ਕੇ ਮਾਹੌਲ ਹੋਰ ਜੋਸ਼ ਨਾਲ ਭਰ ਦਿੱਤਾ। ਉਨ੍ਹਾਂ ਆਖਿਆ ਕਿ ਨਿੱਕੀ ਦੇ ਵ੍ਹਿਸਲਬਲੋਅਰ ਹੋਣ ਬਾਰੇ ਉਨ੍ਹਾਂ ਪੜ੍ਹਿਆ ਸੀ। ਉਸ ਨੇ ਸੱਤਾ ਖਿਲਾਫ ਲੜਨ ਤੇ ਸੱਚ ਦੱਸਣ ਦਾ ਹੌਸਲਾ ਕੀਤਾ। ਉਹ ਕਿਸੇ ਵੀ ਲਾਲਚ ਤੇ ਧੱਕੇਸ਼ਾਹੀ ਅੱਗੇ ਨਹੀਂ ਝੁਕੀ ਤੇ ਉਸ ਦਾ ਕੋਈ ਗੁਪਤ ਏਜੰਡਾ ਨਹੀਂ ਹੈ।

ਇਸ ਮਗਰੋਂ ਨਿੱਕੀ ਨੇ ਆਖਿਆ ਕਿ ਉਹ ਬਰੈਂਪਟਨ ਦੀ ਧੀ ਹੈ ਤੇ ਜਦੋਂ ਉਹ ਸੱਤ ਸਾਲ ਦੀ ਸੀ ਉਦੋਂ ਤੋਂ ਉਨ੍ਹਾਂ ਦਾ ਪਰਿਵਾਰ ਇੱਥੇ ਸੈਟਲਡ ਹੈ। ਉਨ੍ਹਾਂ ਆਖਿਆ ਕਿ ਉਨ੍ਹਾਂ ਚੈਰੀ ਟਰੀ ਰਹਿੰਦਿਆਂ ਚੈਰੀ ਟਰੀ ਪਬਲਿਕ ਸਕੂਲ ਤੇ ਬਰੈਂਪਟਨ ਸੈਂਟੇਨੀਅਲ ਹਾਈ ਤੋਂ ਪੜ੍ਹਾਈ ਕੀਤੀ। ਉਨ੍ਹਾਂ ਆਖਿਆ ਕਿ ਗੰਨ ਕ੍ਰਾਈਮ ਵਧਣ ਕਾਰਨ ਬਰੈਂਪਟਨ ਵੀ ਸੇਫ ਨਹੀਂ ਰਹਿ ਗਿਆ ਹੈ। ਦਿਨ ਦਿਹਾੜੇ ਕਾਰਜੈਕਿੰਗਜ਼ ਹੋ ਰਹੀਆਂ ਹਨ। ਇਸ ਤਰ੍ਹਾਂ ਦੇ ਨਾਜ਼ੁਕ ਦੌਰ ਵਿੱਚ ਪੈਟ੍ਰਿਕ ਬ੍ਰਾਊਨ ਨੇ ਬਰੈਂਪਟਨ ਵਾਸੀਆਂ ਨੂੰ ਆਪਣੇ ਹਾਲ ਉੱਤੇ ਛੱਡ ਦਿੱਤਾ ਹੈ।ਇਸ ਮੌਕੇ ਨਿੱਕੀ ਕੌਰ ਨੇ ਤਹੱਈਆ ਪ੍ਰਗਟਾਇਆ ਕਿ ਮੇਅਰ ਵਜੋਂ ਉਹ ਬੱਚਿਆਂ, ਪਰਿਵਾਰਾਂ, ਸੀਨੀਅਰਜ਼ ਤੇ ਨਿੱਕੇ ਕਾਰੋਬਾਰਾਂ ਲਈ ਬਰੈਂਪਟਨ ਨੂੰ ਸੇਫ ਕਮਿਊਨਿਟੀ ਬਣਾਵੇਗੀ।

# ਡਾ. ਦਵਿੰਦਰ ਸਿੰਘ ਲੱਧੜ ਦਾ ਕੌਮਾਂਤਰੀ ਪ੍ਰਮਾਣ ਪੱਤਰ ਨਾਲ ਸਨਮਾਨ



ਚੰਡੀਗੜ੍ਹ, 29 ਸਤੰਬਰ (ਪੋਸਟ ਬਿਊਰੋ): ਉੱਘੇ ਸਿੱਖਿਆ ਸ਼ਾਸਤਰੀ, ਮੀਡੀਆ ਖੇਤਰ ਦੀ ਮੰਨੀ-ਪ੍ਰਮੰਨੀ ਹਸਤੀ ਅਤੇ ਪੰਜਾਬ ਖੇਤੀਬਾੜੀ ਯੂਨੀਵਰਿਸਟੀ ਵਿੱਚ ਪਸਾਰ ਸਿੱਖਿਆ ਦੇ ਪ੍ਰੋਫ਼ੈਸਰ ਰਹੇ ਡਾ. ਦਵਿੰਦਰ ਸਿੰਘ ਲੱਧੜ ਨੂੰ ਪਿਛਲੇ ਦਿਨੀਂ ਚੰਡੀਗੜ੍ਹ ਵਿਖੇ ਆਯੋਜਿਤ ਬੁੱਧੀਜੀਵੀਆਂ ਦੀ ਸਰਵ ਭਾਰਤੀ ਕਾਨਫਰੰਸ ਵਿੱਚ ਕੌਮਾਂਤਰੀ ਪ੍ਰਮਾਣ ਪੱਤਰ ਨਾਲ ਸਨਮਾਨਿਤ ਕੀਤਾ ਗਿਆ। ਉੱਘੇ ਸਮਾਜ ਸੇਵੀ ਐਡਵੋਕੇਟ ਸ੍ਰੀ ਭਾਵੀਆ ਨਿਧੀ ਸ਼ਰਮਾ ਦੀ ਯਾਦ ਵਿੱਚ ਹੋਏ ਇਸ ਸਾਲਾਨਾ ਸਮਾਗਮ ਦੌਰਾਨ ਇਹ ਪ੍ਰਮਾਣ ਪੱਤਰ ਦੇਣ ਦਾ ਐਲਾਨ ਐਡਵੋਕੇਟ ਅਭੈ ਐਨ. ਸ਼ਰਮਾ ਨੇ ਕੀਤਾ। ਐਡਵੋਕੇਟ ਸ਼ਰਮਾ ਅਤੇ ਸ੍ਰੀਮਤੀ ਅਨੁਸ਼ੀ ਨੇ ਕਿਹਾ ਕਿ ਡਾ. ਦਵਿੰਦਰ ਸਿੰਘ ਲੱਧੜ ਸਿੱਖਿਆ, ਸਮਾਜ ਸੇਵਾ, ਮੀਡੀਆ ਅਤੇ ਸਾਹਿਤ ਸੱਭਿਆਚਾਰ ਖੇਤਰ ਦੀ ਮੰਨੀ-ਪ੍ਰਮੰਨੀ ਸ਼ਖਸੀਅਤ ਹੈ, ਜਿਨਾਂ ਨੂੰ ਇਹ ਪ੍ਰਮਾਣ ਪੱਤਰ ਦੇਣ ਦਾ ਫੈਸਲਾ ਉੱਚ ਪ੍ਰਬੰਧਕੀ ਬੋਰਡ ਦੀ ਮੀਟਿੰਗ ਵਿੱਚ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਡਾ. ਲੱਧੜ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਹੀ ਵਿਦਿਆਰਥੀ ਹਨ ਅਤੇ ਇੱਥੇ ਹੀ ਉਹਨਾਂ ਲੰਮਾ ਸਮਾਂ ਅਧਿਆਪਨ ਦਾ ਕਾਰਜ ਕੀਤਾ ਹੈ। ਸ੍ਰੀਮਤੀ ਅਨੁਸ਼ੀ ਨੇ ਕਿਹਾ ਕਿ ਪਿਛਲੇ ਕੁਝ ਸਮੇਂ ਤੋਂ ਡਾ. ਲੱਧੜ ਕੈਨੇਡਾ ਰਹਿ ਕੇ ਵੱਖ-ਵੱਖ ਮੀਡੀਆ ਅਦਾਰਿਆਂ ਰਾਹੀਂ ਪੰਜਾਬੀ ਭਾਈਚਾਰੇ ਦੀ ਸੇਵਾ ਕਰ ਰਹੇ ਹਨ ਅਤੇ ਨਾਲ ਦੀ ਨਾਲ ਉਹ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਪ੍ਰਫੁੱਲਤਾ ਲਈ ਵੀ ਸਰਗਰਮ ਹਨ। ਡਾ. ਲੱਧੜ ਨੂੰ ਇਹ ਪ੍ਰਮਾਣ ਪੱਤਰ ਮਿਲਣ 'ਤੇ ਪੰਜਾਬੀ ਭਾਈਚਾਰੇ ਵਿੱਚ ਖੁਸ਼ੀ ਮਹਿਸੂਸ ਕੀਤੀ ਜਾ ਰਹੀ ਹੈ। ਡਾ. ਲੱਧੜ ਨੂੰ ਉਨ੍ਹਾਂ ਦੇ ਮਿੱਤਰ ਦਾਇਰੇ ਵੱਲੋਂ ਇਸ ਪ੍ਰਾਪਤੀ ਲਈ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ।

## ਓਕਰੇਜ਼ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਦਾ ਜ਼ਿਲਾ ਪੱਧਰੀ ਖੇਡਾਂ ਵਿਚ ਬਿਹਤਰੀਨ ਪ੍ਰਦਰਸ਼ਨ

ਮੋਹਾਲੀ, 29 ਸਤੰਬਰ (ਪੋਸਟ ਬਿਊਰੋ) – ਓਕਰੇਜ਼ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੇ ਮੋਹਾਲੀ ਦੇ ਜ਼ੋਨਲ ਅਤੇ ਜ਼ਿਲਾ ਪੱਧਰ ਦੇ ਮੁਕਾਬਲਿਆਂ, ਚੰਡੀਗੜ-ਟ੍ਰਾਈਸਿਟੀ ਇੰਟਰ ਡੋਜੋ ਕਰਾਟੇ ਚੈਂਪੀਅਨਸ਼ਿਪ, ਪੰਜਾਬ ਖੇਡ ਮੇਲਾ ਅਤੇ ਪੰਜਾਬ ਸਕੂਲ ਖੇਡਾਂ ਵਿਚ ਲਾਸਾਨੀ ਪ੍ਰਦਰਸ਼ਨ ਕੀਤਾ ਹੈ। ਓਕਰੇਜ਼ ਸਕੂਲ ਦੇ ਖਿਡਾਰੀਆਂ ਨੇ ਅਥਲੈਟਿਕਸ, ਕਰਾਟੇ, ਰੋਲਰ ਸਕੇਟਿੰਗ, ਕ੍ਰਿਕੇਟ, ਤੈਰਾਕੀ, ਲਾਅਨ ਟੈਨਿਸ, ਟੇਬਲ ਟੈਨਿਸ, ਬੈਡਮਿੰਟਨ ਅਤੇ ਬਾਸਕਟਬਾਲ ਦੇ ਵੱਖ ਵੱਖ ਮੁਕਾਬਲਿਆਂ ਵਿਚ ਆਪਣੀ ਖੇਡ ਦੇ ਜੌਹਰ ਵਿਖਾਏ। ਗ੍ਰੇਡ ਦੋ ਦੀ ਇਰ-ਾਇਵਾਨਾ ਨੇ ਜ਼ਿਲਾ ਰੋਲਰ ਸਕੇਟਿੰਗ ਚੈਂਪੀਅਨਸ਼ਿਪ ਵਿਚ ਤਿੰਨ ਗੋਲਡ ਮੈਡਲ ਜਿੱਤੇ। ਇਸੇ ਤਰਾਂ ਗ੍ਰੇਡ ਸੱਤ ਦੇ ਆਰਵ ਅਨਿਲ ਰਾਓ ਨੇ ਕਰਾਟੇ ਫਾਈਟਿੰਗ ਵਿਚ ਚਾਂਦੀ ਅਤੇ ਟਾਈਲ ਤੋੜਨ ਦੇ ਮੁਕਾਬਲੇ ਵਿਚ ਕਾਂਸੀ ਦਾ ਤਗਮਾ ਜਿੱਤਿਆ।

ਇਸੇ ਤਰਾਂ ਪੰਜਾਬ ਸਰਕਾਰ ਵੱਲੋਂ ਕਰਵਾਏ ਗਏ ਪੰਜਾਬ ਖੇਡ ਮੇਲੇ ਵਿਚ ਸਕੂਲ ਦੀ ਫੁੱਟਬਾਲ ਟੀਮ ਨੇ ਮੋਹਾਲੀ ਜ਼ਿਲੇ ਵਿਚ ਪਹਿਲੀ ਪੁਜ਼ੀਸ਼ਨ ਹਾਸਿਲ ਕੀਤੀ। ਜਦ ਕਿ ਕ੍ਰਿਕਟ ਵਿਚ ਗਰੇਡ 6 ਦੇ ਸਫਲ ਸਿੰਘ ਬਰਾੜ ਦੀ ਪੰਜਾਬ ਸਕੂਲ ਖੇਡਾਂ ਵਿਚ ਅੰਡਰ-14 ਰਾਜ ਪੱਧਰੀ ਮੁਕਾਬਲੇ ਲਈ ਚੋਣ ਹੋਈ। ਇਸੇ ਤਰਾਂ ਬੈਡਮਿੰਟਨ ਵਿਚ ਵੀ ਗ੍ਰੇਡ 5 ਦੇ ਵਿਹਾਨ ਕਪੂਰ ਅਤੇ ਗ੍ਰੇਡ ਸੱਤ ਦੀ ਸਨੇਹਾ ਮਲਿਕ ਨੇ ਪੰਜਾਬ ਖੇਡ ਮੇਲੇ ਵਿਚ ਰਾਜ ਪੱਧਰ ਲਈ ਕੁਆਲੀਫ਼ਾਈ ਕੀਤਾ।

# ਪੂਤਿਨ ਦੇ ਰਿਜ਼ਰਵ ਸਿਪਾਹੀਆਂ ਦੀ ਤਾਇਨਾਤੀ ਦੇ ਫੈਸਲੇ ਨਾਲ ਦੇਸ਼ ਵਿਚ ਦਹਿਸ਼ਤ

*ਰੂਸ ਦੇ ਨਾਲ ਲੱਗਦੇ ਦੇਸ਼ਾਂ ਦੀਆਂ ਸਰਹੱਦਾਂ ਉਤੇ ਲੱਗੀਆਂ ਰੂਸੀ ਨਾਗਰਿਕਾਂ ਦੀਆਂ ਕਤਾਰਾਂ



ਮਾਸਕੋ, 29 ਸਤੰਬਰ (ਪੋਸਟ ਬਿਊਰੋ) - ਰੂਸ-ਯੂਕਰੇਨ ਯੁੱਧ ਹੁਣ 8ਵੇਂ ਮਹੀਨੇ ਵਿੱਚ ਦਾਖਲ ਹੋ ਗਿਆ ਹੈ। ਜੰਗ ਖ਼ਤਮ ਹੋਣ ਦੀ ਕੋਈ ਸੰਭਾਵਨਾ ਨਹੀਂ ਜਾਪਦੀ। ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਹਾਲ ਹੀ ਵਿੱਚ ਦੇਸ਼ ਵਿੱਚ ਅੰਸ਼ਕ ਲਾਮਬੰਦੀ ਦਾ ਐਲਾਨ ਕਰਕੇ ਯੁੱਧ ਦੇ ਅੰਤ ਦੀਆਂ ਸਾਰੀਆਂ ਉਮੀਦਾਂ ਨੂੰ ਖਤਮ ਕਰ ਦਿੱਤਾ ਹੈ। ਅੰਸ਼ਕ ਗਤੀਸ਼ੀਲਤਾ ਦਾ ਐਲਾਨ ਅਰਥਾਤ ਰਿਜ਼ਰਵ ਸੈਨਿਕਾਂ ਦੀ ਅੰਸ਼ਕ ਤੈਨਾਤੀ। ਪੁਤਿਨ ਨੇ 300,000 'ਰਿਜ਼ਰਵਿਸਟ' (ਰਿਜ਼ਰਵ ਸਿਪਾਹੀਆਂ) ਦੀ ਅੰਸ਼ਕ ਤੈਨਾਤੀ ਦੀ ਯੋਜਨਾ ਬਣਾਈ ਹੈ। ਉਨ੍ਹਾਂ ਦੇ ਹੁਕਮਾਂ ਤੋਂ ਬਾਅਦ ਦੇਸ਼ 'ਚ ਦਹਿਸ਼ਤ ਦਾ ਮਾਹੌਲ ਹੈ। ਵੱਧ ਤੋਂ ਵੱਧ ਲੋਕ ਰੂਸ ਛੱਡ ਰਹੇ ਹਨ ਅਤੇ ਬਹੁਤ ਸਾਰੇ ਛੱਡਣ ਦੀ ਯੋਜਨਾ ਬਣਾ ਰਹੇ ਹਨ. ਸਾਰੀਆਂ ਅੰਤਰਰਾਸ਼ਟਰੀ ਟਿਕਟਾਂ ਬੁੱਕ ਹੋ ਚੁੱਕੀਆਂ ਹਨ।

ਰੂਸ ਵਿਚ ਕਿੰਨੀ ਦਹਿਸ਼ਤ ਦਾ ਮਾਹੌਲ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਰੂਸ ਨਾਲ ਲੱਗਦੇ ਹੋਰ ਦੇਸ਼ਾਂ ਦੀਆਂ ਸਰਹੱਦਾਂ 'ਤੇ ਰੂਸੀ ਨਾਗਰਿਕਾਂ ਦੀਆਂ ਕਤਾਰਾਂ ਲੱਗੀਆਂ ਹੋਈਆਂ ਹਨ। ਲੋਕ ਕਿਸੇ ਤਰ੍ਹਾਂ ਰੂਸ ਤੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰ ਰਹੇ ਹਨ। ਅੰਤਰਰਾਸ਼ਟਰੀ ਟਿਕਟਾਂ ਨਾ ਮਿਲਣ 'ਤੇ ਲੋਕ ਹੋਰ ਸਾਧਨ ਲੱਭ ਰਹੇ ਹਨ। ਬਹੁਤ ਸਾਰੇ ਲੋਕ ਨਿੱਜੀ ਜਹਾਜ਼ਾਂ ਵਿੱਚ ਸੀਟਾਂ ਬੁੱਕ ਕਰਵਾ ਰਹੇ ਹਨ ਅਤੇ ਇਸਦੇ ਲਈ ਕਈ ਗੁਣਾ ਵੱਧ ਪੈਸੇ ਖਰਚ ਕਰ ਰਹੇ ਹਨ।

ਮੀਡੀਆ ਰਿਪੋਰਟਾਂ ਮੁਤਾਬਕ ਜਿਨ੍ਹਾਂ ਲੋਕਾਂ ਕੋਲ ਪੈਸੇ ਹਨ, ਉਹ ਆਰਮੇਨੀਆ, ਤੁਰਕੀ ਅਤੇ ਅਜ਼ਰਬਾਈਜਾਨ ਪਹੁੰਚਣ ਲਈ ਪ੍ਰਾਈਵੇਟ ਜਹਾਜ਼ਾਂ ਦੀ ਬੁਕਿੰਗ ਕਰਵਾ ਰਹੇ ਹਨ ਅਤੇ ਇਸ ਦੇ ਲਈ ਟਿਕਟ 'ਤੇ 17 ਤੋਂ 22 ਲੱਖ ਰੁਪਏ ਦੇ ਰਹੇ ਹਨ। ਦਿ ਗਾਰਡੀਅਨ ਦੀ ਇੱਕ ਰਿਪੋਰਟ ਦੇ ਅਨੁਸਾਰ, ਅੱਠ ਸੀਟਾਂ ਵਾਲੇ ਜੈੱਟ ਨੂੰ ਕਿਰਾਏ 'ਤੇ ਲੈਣ ਦੀ ਕੀਮਤ £ 80,000 ਤੋਂ £ 140,000 ਦੇ ਵਿਚਕਾਰ ਪਹੁੰਚ ਗਈ ਹੈ, ਜੋ ਕਿ ਆਮ ਲਾਗਤ ਤੋਂ ਕਈ ਗੁਣਾ ਵੱਧ ਹੈ। ਇਸ ਦੇ ਨਾਲ ਹੀ ਬ੍ਰੋਕਰ ਜੈਟ ਕੰਪਨੀ ਯੂਅਰ ਚਾਰਟਰ ਦੇ ਡਾਇਰੈਕਟਰ ਯੇਵਗੇਨੀ ਬਾਈਕੋਵ ਦਾ ਕਹਿਣਾ ਹੈ ਕਿ ਇਸ ਸਮੇਂ ਸਥਿਤੀ ਬਹੁਤ ਖਰਾਬ ਹੈ। ਪਹਿਲਾਂ ਸਾਨੂੰ ਇੱਕ ਦਿਨ ਵਿੱਚ 50 ਬੁਕਿੰਗ ਮਿਲਦੀ ਸੀ, ਪਰ ਹੁਣ ਇਹ ਇੱਕ ਦਿਨ ਵਿੱਚ ਲਗਭਗ 5 ਹਜ਼ਾਰ ਤੱਕ ਪਹੁੰਚ ਗਈ ਹੈ। ਇਕ ਹੋਰ ਪ੍ਰਾਈਵੇਟ ਜੈੱਟ ਫਰਮ ਫਲਾਈਵੇਅ ਦਾ ਕਹਿਣਾ ਹੈ ਕਿ ਅਰਮੀਨੀਆ, ਤੁਰਕੀ, ਕਜ਼ਾਕਿਸਤਾਨ ਅਤੇ ਦੁਬਈ ਲਈ ਇਕ ਤਰਫਾ ਉਡਾਣਾਂ ਦੀ ਮੰਗ 50 ਗੁਣਾ ਵਧ ਗਈ ਹੈ।

# ਇਰਾਨ ਨੇ ਇਰਾਕ ਵਿੱਚ ਵਿਰੋਧ ਪ੍ਰਦਰਸ਼ਨਾਂ ਦੌਰਾਨ ਬੰਬਾਰੀ ਕੀਤੀ, 7 ਦੀ ਮੌਤ ਅਤੇ 50 ਤੋਂ ਵੱਧ ਜ਼ਖਮੀ



ਈਰਾਨ, 29 ਸਤੰਬਰ (ਪੋਸਟ ਬਿਊਰੋ) - ਈਰਾਨ ਨੇ ਉੱਤਰੀ ਈਰਾਨ ਵਿਚ ਈਰਾਨ ਵਿਰੋਧੀ ਕੁਰਦ ਧੜੇ ਦੇ ਟਿਕਾਣਿਆਂ 'ਤੇ ਬੁੱਧਵਾਰ ਨੂੰ ਨਵੇਂ ਡਰੋਨ ਹਮਲੇ ਕੀਤੇ। ਇਹ ਹਮਲੇ ਅਜਿਹੇ ਸਮੇਂ 'ਚ ਕੀਤੇ ਗਏ ਹਨ ਜਦੋਂ ਈਰਾਨ 'ਚ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ। ਕੁਰਦਿਸ਼ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਈਰਾਨੀ ਕੁਰਦਿਸਤਾਨ ਦੀ ਡੈਮੋਕ੍ਰੇਟਿਕ ਪਾਰਟੀ (ਕੇਡੀਪੀਆਈ) ਦੇ ਮੈਂਬਰ ਸੋਰਨ ਨੂਰੀ ਨੇ ਕਿਹਾ ਕਿ ਬੁੱਧਵਾਰ ਤੜਕੇ ਈਰਾਨ ਦੁਆਰਾ ਕੀਤੇ ਗਏ ਹਮਲੇ ਏਰਬਿਲ ਤੋਂ 60 ਕਿਲੋਮੀਟਰ ਪੂਰਬ ਵਿੱਚ ਕੋਯਾ ਵਿੱਚ ਕੇਂਦਰਿਤ ਸਨ। ਕੇਡੀਪੀਆਈ ਈਰਾਨ ਵਿੱਚ ਇੱਕ ਵਿਰੋਧੀ ਖੱਬੇ ਹਥਿਆਰਬੰਦ ਸਮੂਹ ਹੈ।

ਈਰਾਨ ਦੀ ਸਰਕਾਰੀ ਨਿਊਜ਼ ਏਜੰਸੀ ਅਤੇ ਹੋਰ ਪ੍ਰਸਾਰਕਾਂ ਨੇ ਕਿਹਾ ਕਿ ਦੇਸ਼ ਦੇ ਰੈਵੋਲਿਊਸ਼ਨਰੀ ਗਾਰਡ ਨੇ ਉੱਤਰੀ ਇਰਾਕ ਵਿੱਚ ਵੱਖਵਾਦੀ ਸਮੂਹ ਦੇ ਕੁਝ ਟਿਕਾਣਿਆਂ ਨੂੰ ਮਿਜ਼ਾਈਲਾਂ ਅਤੇ ਡਰੋਨਾਂ ਨਾਲ ਨਿਸ਼ਾਨਾ ਬਣਾਇਆ ਹੈ। ਕੁਰਦ ਟੈਲੀਵਿਜ਼ਨ ਨੈੱਟਵਰਕ ਰੁਦਾਵ ਨੇ ਇੱਕ ਸਥਾਨਕ ਡਾਕਟਰ ਦੇ ਹਵਾਲੇ ਨਾਲ ਕਿਹਾ ਕਿ ਈਰਾਨੀ ਹਮਲੇ ਵਿੱਚ ਸੱਤ ਲੋਕ ਮਾਰੇ ਗਏ ਅਤੇ 50 ਹੋਰ ਜ਼ਖ਼ਮੀ ਹੋ ਗਏ। ਨੂਰੀ ਨੇ ਕਿਹਾ ਕਿ ਈਰਾਨੀ ਡਰੋਨ ਨੇ ਕੋਯਾ ਦੇ ਆਸਪਾਸ ਫੌਜੀ ਕੈਂਪਾਂ, ਘਰਾਂ, ਦਫਤਰਾਂ ਅਤੇ ਹੋਰ ਖੇਤਰਾਂ ਨੂੰ ਨਿਸ਼ਾਨਾ ਬਣਾਇਆ। ਉਨ੍ਹਾਂ ਕਿਹਾ ਕਿ ਈਰਾਨ ਵੱਲੋਂ ਹਮਲੇ ਅਜੇ ਵੀ ਜਾਰੀ ਹਨ।

ਪੁਲਿਸ ਨੇ ਸੋਮਵਾਰ ਨੂੰ ਪ੍ਰਦਰਸ਼ਨਾਂ ਨੂੰ ਰੋਕਣ ਲਈ ਕੁਰਦ ਆਬਾਦੀ ਵਾਲੇ ਖੇਤਰਾਂ ਤੋਂ 250 ਤੋਂ ਵੱਧ ਲੋਕਾਂ ਨੂੰ ਗ੍ਰਿਫਤਾਰ ਕੀਤਾ। ਸੁਰੱਖਿਆ ਬਲਾਂ ਵੱਲੋਂ ਪ੍ਰਦਰਸ਼ਨਕਾਰੀਆਂ ਖਿਲਾਫ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਦੇ ਘਰਾਂ 'ਤੇ ਛਾਪੇਮਾਰੀ ਕੀਤੀ ਜਾ ਰਹੀ ਹੈ। ਈਰਾਨ ਦੇ ਰੈਵੋਲਿਊਸ਼ਨਰੀ ਗਾਰਡ ਵੀ ਇਸ ਆਪਰੇਸ਼ਨ ਵਿੱਚ ਸ਼ਾਮਲ ਹਨ। ਇੱਕ ਕੁਰਦਿਸ਼ ਕਾਰਕੁਨ ਨੇ ਕਿਹਾ ਕਿ ਸੁਰੱਖਿਆ ਬਲ ਕੁਰਦਾਂ ਲਈ ਕੰਮ ਕਰਨ ਵਾਲੇ ਲੋਕਾਂ ਨੂੰ ਨਿਸ਼ਾਨਾ ਬਣਾ ਰਹੇ ਹਨ। ਇਸ ਦੇ ਬਾਵਜੂਦ ਜਦੋਂ ਤੱਕ ਮਹਿਸਾ ਨੂੰ ਇਨਸਾਫ਼ ਨਹੀਂ ਮਿਲਦਾ, ਧਰਨਾ ਜਾਰੀ ਰਹੇਗਾ।

# ਜੰਮੂ-ਕਸ਼ਮੀਰ ਦੇ ਊਧਮਪੁਰ ਵਿਚ ਬੱਸਾਂ ਵਿਚ ਦੋ ਧਮਾਕੇ, ਦੋ ਜ਼ਖ਼ਮੀ, ਅਲਰਟ ਜਾਰੀ



ਸ੍ਰੀਨਗਰ, 29 ਸਤੰਬਰ (ਪੋਸਟ ਬਿਊਰੋ): ਜੰਮੂ ਕਸ਼ਮੀਰ ਦੇ ਊਧਮਪੁਰ ਸ਼ਹਿਰ 'ਚ ਇਕ ਬੱਸ ਸਟੈਂਡ 'ਤੇ ਖੜ੍ਹੀ ਬੱਸ 'ਚ ਧਮਾਕੇ ਤੋਂ ਬਾਅਦ ਅਲਰਟ ਵਧਾਇਆ ਗਿਆ ਹੈ। ਮਾਤਾ ਵੈਸ਼ਨੋ ਦੇਵੀ ਭਵਨ ਦੀ ਸੁਰੱਖਿਆ ਵਧਾ ਦਿੱਤੀ ਗਈ ਹੈ। ਕੱਟੜਾ 'ਚ ਵੀ ਸੁਰੱਖਿਆ ਦੇ ਪੂਰੇ ਇੰਤਜ਼ਾਮ ਕੀਤੇ ਗਏ ਹਨ। ਇਸ ਦੇ ਨਾਲ ਹੀ ਬੱਸ ਸਟੈਂਡ 'ਤੇ ਵੀ ਸੁਰੱਖਿਆ ਵਧਾਈ ਗਈ ਹੈ, ਕਈ ਟੀਮਾਂ ਬੱਸਾਂ ਦੀ ਜਾਂਚ ਵੀ ਕਰ ਰਹੀ ਹੈ। ਜ਼ਿਕਰਯੋਗ ਹੈ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ 3 ਤੋਂ 5 ਅਕਤੂਬਰ ਤੱਕ ਜੰਮੂ-ਕਸ਼ਮੀਰ ਦਾ ਦੌਰਾ ਕਰ ਰਹੇ ਹਨ। ਇਸ ਤੋਂ ਪਹਿਲਾਂ ਊਧਮਪੁਰ 'ਚ ਧਮਾਕੇ ਕਾਰਨ ਖੁਫੀਆ ਏਜੰਸੀਆਂ ਚੌਕਸ ਹੋ ਗਈਆਂ ਹਨ।

ਊਧਮਪੁਰ 'ਚ 8 ਘੰਟਿਆਂ ਦੇ ਅੰਦਰ ਬੱਸਾਂ 'ਚ ਦੋ ਧਮਾਕੇ ਹੋਏ। ਪਹਿਲਾ ਧਮਾਕਾ ਰਾਤ ਕਰੀਬ 10:30 ਵਜੇ ਡੋਮੇਲ ਚੌਕ 'ਤੇ ਪੈਟਰੋਲ ਪੰਪ ਨੇੜੇ ਖੜ੍ਹੀ ਇਕ ਖਾਲੀ ਬੱਸ 'ਚ ਹੋਇਆ। ਇਸ 'ਚ ਦੋ ਲੋਕ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਜ਼ਿਲ੍ਹਾ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਦੂਜਾ ਧਮਾਕਾ ਅੱਜ ਵੀਰਵਾਰ ਸਵੇਰੇ 6 ਵਜੇ ਇਸੇ ਇਲਾਕੇ 'ਚ ਹੋਇਆ। ਇਸ ਧਮਾਕੇ ਵਿਚ ਕੋਈ ਜ਼ਖਮੀ ਨਹੀਂ ਹੋਇਆ ਹੈ। ਊਧਮਪੁਰ ਪੁਲਿਸ ਅਤੇ ਹੋਰ ਏਜੰਸੀਆਂ ਮੌਕੇ 'ਤੇ ਪਹੁੰਚ ਗਈਆਂ ਹਨ ਅਤੇ ਮਾਮਲੇ ਦੀ ਜਾਂਚ ਕਰ ਰਹੀਆਂ ਹਨ। ਪਹਿਲੀ ਨਜ਼ਰੇ ਇਸ ਨੂੰ ਅੱਤਵਾਦੀ ਸਾਜ਼ਿਸ਼ ਮੰਨਿਆ ਜਾ ਰਿਹਾ ਹੈ। ਫੌਜ, ਸੀਆਰਪੀਐਫ ਅਤੇ ਪੁਲਿਸ ਨੇ ਇਲਾਕੇ ਦੀ ਘੇਰਾਬੰਦੀ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਨੋਇਡਾ 'ਚ ਚੱਲਦੀ ਕਾਰ 'ਚ ਲੱਗੀ ਅੱਗ, ਡਰਾਈਵਰ ਨੇ ਕਾਰ 'ਚੋਂ ਛਾਲ ਮਾਰ ਕੇ ਬਚਾਈ ਜਾਨ



ਨੋਇਡਾ, 29 ਸਤੰਬਰ (ਪੋਸਟ ਬਿਊਰੋ) – ਉੱਤਰ ਪ੍ਰਦੇਸ਼ ਦੇ ਗੌਤਮ ਬੁੱਧ ਨਗਰ ਜ਼ਿਲ੍ਹੇ ਵਿੱਚ ਚਿੱਲਾ ਸਰਹੱਦ ਨੇੜੇ ਵੀਰਵਾਰ ਸ਼ਾਮ ਨੂੰ ਇੱਕ ਚੱਲਦੀ ਕਾਰ ਵਿੱਚ ਅਚਾਨਕ ਅੱਗ ਲੱਗ ਗਈ। ਡਰਾਈਵਰ ਨੇ ਕਾਰ 'ਚੋਂ ਛਾਲ ਮਾਰ ਕੇ ਆਪਣੀ ਜਾਨ ਬਚਾਈ। ਚੀਫ਼ ਫਾਇਰ ਅਫ਼ਸਰ ਅਰੁਣ ਕੁਮਾਰ ਸਿੰਘ ਨੇ ਦੱਸਿਆ, "ਕਾਰ ਦਾ ਡਰਾਈਵਰ ਸ਼ਾਮ ਨੂੰ ਡੀਐਨਡੀ ਤੋਂ ਚਿੱਲਾ ਬਾਰਡਰ ਵੱਲ ਜਾ ਰਿਹਾ ਸੀ। ਇਸ ਦੌਰਾਨ ਅਚਾਨਕ ਕਾਰ ਨੂੰ ਅੱਗ ਲੱਗ ਗਈ। ਡਰਾਈਵਰ ਨੇ ਤੁਰੰਤ ਕਾਰ ਤੋਂ ਛਾਲ ਮਾਰ ਦਿੱਤੀ।" ਉਨ੍ਹਾਂ ਦੱਸਿਆ ਕਿ ਕਾਰ ਚਾਲਕ ਨੇ ਘਟਨਾ ਦੀ ਸੂਚਨਾ ਫਾਇਰ ਬ੍ਰਿਗੇਡ ਨੂੰ ਦਿੱਤੀ, ਜਿਸ ਤੋਂ ਬਾਅਦ ਫਾਇਰ ਬ੍ਰਿਗੇਡ ਦੀ ਗੱਡੀ ਮੌਕੇ 'ਤੇ ਪਹੁੰਚ ਗਈ।

ਸਿੰਘ ਨੇ ਦੱਸਿਆ ਕਿ ਕਰੀਬ ਵੀਹ ਮਿੰਟ ਦੀ ਕੋਸ਼ਿਸ਼ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ ਗਿਆ। ਹਾਲਾਂਕਿ ਉਦੋਂ ਤੱਕ ਕਾਰ ਪੂਰੀ ਤਰ੍ਹਾਂ ਸੜ ਚੁੱਕੀ ਸੀ। ਉਨ੍ਹਾਂ ਦੱਸਿਆ ਕਿ ਅੱਗ ਲੱਗਣ ਦਾ ਕਾਰਨ ਮੁੱਢਲੇ ਤੌਰ 'ਤੇ ਸ਼ਾਰਟ ਸਰਕਟ ਜਾਪਦਾ ਹੈ। ਘਟਨਾ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਹੈ।

# ਹੁਣ ਕਾਰਾਂ ਵਿਚ ਹੋਣਗੇ 6 ਏਅਰਬੈਗ, ਕੇਂਦਰ ਸਰਕਾਰ ਨੇ ਲਿਆ ਵੱਡਾ ਫੈਸਲਾ



ਨਵੀਂ ਦਿੱਲੀ, 29 ਸਤੰਬਰ (ਪੋਸਟ ਬਿਊਰੋ): ਕੇਂਦਰ ਸਰਕਾਰ ਵੱਲੋਂ ਵੱਡਾ ਫੈਸਲਾ ਕੀਤਾ ਗਿਆ ਹੈ ਕਿ ਕਾਰਾਂ ਵਿੱਚ ਹੁਣ ਏਅਰਬੈਗ ਜ਼ਰੂਰੀ ਹੋਣਗੇ। ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਜਾਣਕਾਰੀ ਦਿੱਤੀ ਹੈ ਕਿ ਸਰਕਾਰ ਨੇ ਕਾਰ ਵਿੱਚ 6 ਏਅਬੈਗ ਨੂੰ ਜ਼ਰੂਰੀ ਕਰਨ ਦਾ ਪ੍ਰਸਤਾਵ ਨੂੰ ਇਕ ਸਾਲ ਲਈ ਟਾਲ ਕੇ 1 ਅਕਤੂਬਰ 2023 ਕਰ ਦਿੱਤਾ ਹੈ। ਵਿਸ਼ਵ ਸਪਲਾਈ ਚੈਨ ਵਿੱਚ ਮੁਸਕਲਾਂ ਦੇ ਕਾਰਨ 6 ਏਅਰਬੈਗ ਨੂੰ ਅੱਗੇ ਪਾਇਆ ਗਿਆ ਹੈ।

ਕੇਂਦਰੀ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਨੇ ਪੁਸ਼ਟੀ ਕੀਤੀ ਹੈ ਕਿ ਭਾਰਤ ਵਿੱਚ ਵਿਕਣ ਵਾਲੀਆਂ ਸਾਰੀਆਂ ਨਵੀਆਂ ਕਾਰਾਂ ਵਿੱਚ ਛੇਤੀ ਹੀ ਸਟੈਂਡਰਡ ਤੌਰ 'ਤੇ ਛੇ ਏਅਰਬੈਗ ਹੋਣਗੇ। ਜਨਵਰੀ ਵਿੱਚ, ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ ਨੇ ਅੱਠ ਲੋਕਾਂ ਦੀ ਯਾਤਰੀ ਸਮਰੱਥਾ ਵਾਲੀਆਂ ਕਾਰਾਂ ਵਿੱਚ ਛੇ ਏਅਰਬੈਗ ਲਾਜ਼ਮੀ ਬਣਾਉਣ ਲਈ ਇੱਕ ਡਰਾਫਟ ਨੋਟੀਫਿਕੇਸ਼ਨ ਨੂੰ ਮਨਜ਼ੂਰੀ ਦਿੱਤੀ। ਹਾਲੀਆ ਘੋਸ਼ਣਾ ਵਿੱਚ ਯੋਜਨਾ ਦੀ ਸਮਾਂ-ਸੀਮਾ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ, ਪਰ ਡਰਾਫਟ ਨੋਟੀਫਿਕੇਸ਼ਨ ਵਿੱਚ ਕਿਹਾ ਗਿਆ ਹੈ ਕਿ ਨਵੀਆਂ ਕਾਰਾਂ 1 ਅਕਤੂਬਰ, 2022 ਤੋਂ ਅਪਡੇਟ ਕੀਤੇ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਨਗੀਆਂ।

ਇਸ ਤੋਂ ਪਹਿਲਾਂ, 14 ਜਨਵਰੀ, 2022 ਦੀ ਡਰਾਫਟ ਨੋਟੀਫਿਕੇਸ਼ਨ ਦੇ ਅਨੁਸਾਰ, 1 ਅਕਤੂਬਰ, 2022 ਤੋਂ ਬਾਅਦ ਨਿਰਮਿਤ 1 ਸ਼੍ਰੇਣੀ ਦੇ ਵਾਹਨ (ਅੱਠ ਯਾਤਰੀਆਂ ਦੇ ਬੈਠਣ ਵਾਲੇ ਅਤੇ 3.5 ਟਨ ਤੋਂ ਘੱਟ ਵਜ਼ਨ ਵਾਲੇ ਵਾਹਨ) ਦੋ ਫਰੰਟ ਸਾਈਡ ਏਅਰਬੈਗ ਅਤੇ ਦੋ ਪਰਦੇ ਵਾਲੇ ਏਅਰਬੈਗ ਨਾਲ ਫਿੱਟ ਕੀਤੇ ਜਾਣ ਬਾਰੇ ਸੂਚਿਤ ਕੀਤਾ ਗਿਆ ਸੀ। ਕੁਝ ਸਮਾਂ ਪਹਿਲਾਂ, ਆਟੋਮੋਟਿਵ ਸੁਰੱਖਿਆ ਲਈ ਭਾਰਤ ਦੇ ਮਾਪਦੰਡ ਸਭ ਤੋਂ ਵਧੀਆ ਨਹੀਂ ਸਨ, ਪਰ 1 ਅਪ੍ਰੈਲ, 2019 ਤੋਂ, ਡਰਾਈਵਰ-ਸਾਈਡ ਏਅਰਬੈਗ ਸਮੇਤ ਕਈ ਸੁਰੱਖਿਆ ਵਿਸ਼ੇਸ਼ਤਾਵਾਂ ਲਾਜ਼ਮੀ ਕੀਤੀਆਂ ਗਈਆਂ, ਜਦੋਂ ਕਿ 1 ਜਨਵਰੀ 2022 ਤੋਂ ਯਾਤਰੀਆਂ ਲਈ ਏਅਰਬੈਗ ਲਾਜ਼ਮੀ ਹੈ। ਇਸ ਬਾਰੇ ਸਰਕਾਰ ਦਾ ਮੰਨਣਾ ਹੈ ਕਿ ਵਾਧੂ ਏਅਰਬੈਗ ਕਾਰਾਂ ਨੂੰ ਸੁਰੱਖਿਅਤ ਬਣਾਉਣਗੇ।

TAX & ACCOUNTING

TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX

Harcharan S. Grover
Chartered Accountant



ਸਾਨੂੰ ਕਾਲ ਕਰੋ ਤੇ
ਆਪਣਾ ਟੈਕਸ ਬਚਾਓ

Call for Professional Advice
905.247.0193
info@grovercpa.ca

GroVerCPA
Professional Corporation

214-7895 Tranmere Drive, Mississauga ON L5S 1V9

ਅਵਾਹੁ ਸਜਨਾ ਹਉਂ ਦੇਖਾਂ ਦਰਸ਼ਨ ਤੇਰਾ ਰਾਮ

GURU NANAK NISHKAM SEWA CENTRE
CANADA
Regd.

ਹਮ ਚਾਕਰ ਗੋਬਿੰਦ ਕੇ ਠਾਕੁਰ ਮੇਰਾ ਭਾਰਾ

GURDWARA SAHIB
GURU NANAK NISHKAM SEWA CENTRE
NON-PROFIT ORGANIZATION
www.gurunanaknishkamsewa.org
12356 Mayfield and Bramalea Rd, Caledon

# ਸਾਊਥ ਫਿਲਮਾਂ ਦੇ ਸੁਪਰਸਟਾਰ ਅੱਲੂ ਅਰਜੁਨ ਨੇ ਪਰਿਵਾਰ ਸਮੇਤ ਹਰਿਮੰਦਰ ਸਾਹਿਬ ਪਹੁੰਚਕੇ ਕੀਤੇ ਦਰਸ਼ਨ





ਚੰਡੀਗੜ੍ਹ, 29 ਸਤੰਬਰ (ਪੋਸਟ ਬਿਊਰੋ): ਸਾਊਥ ਫਿਲਮਾਂ ਦੇ ਸੁਪਰਸਟਾਰ ਅੱਲੂ ਅਰਜੁਨ ਅੱਜ ਆਪਣੀ ਪਤਨੀ ਸਨੇਹਾ ਰੈੱਡੀ ਦਾ 37ਵਾਂ ਜਨਮਦਿਨ ਮਨਾ ਰਹੇ ਹਨ। ਇਸ ਖਾਸ ਮੌਕੇ 'ਤੇ ਅੱਲੂ ਪਰਿਵਾਰ ਸਮੇਤ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਪਹੁੰਚੇ। ਇੱਥੇ ਉਨ੍ਹਾਂ ਨੇ ਆਪਣੀ ਪਤਨੀ ਅਤੇ ਬੱਚਿਆਂ ਸਮੇਤ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ। ਸੋਸ਼ਲ ਮੀਡੀਆ 'ਤੇ ਕਈ ਤਸਵੀਰਾਂ ਅਤੇ ਵੀਡੀਓਜ਼ ਵਾਇਰਲ ਹੋ ਰਹੀਆਂ ਹਨ।

# ਚੰਡੀਗੜ੍ਹ ਇੰਟਰਨੈਸ਼ਨਲ ਏਅਰਪੋਰਟ ਨੂੰ ਹੁਣ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡੇ ਨਾਮ ਨਾਲ ਜਾਣਿਆ ਜਾਵੇਗਾ, ਨਿਰਮਲਾ ਸੀਤਾਰਮਨ ਨੇ ਕੀਤਾ ਉਦਘਾਟਨ

ਚੰਡੀਗੜ੍ਹ 29 (ਪੋਸਟ ਬਿਊਰੋ): ਚੰਡੀਗੜ੍ਹ ਇੰਟਰਨੈਸ਼ਨਲ ਏਅਰਪੋਰਟ ਨੂੰ ਹੁਣ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡੇ ਨਾਮ ਨਾਲ ਜਾਣਿਆ ਜਾਵੇਗਾ। ਇਸਦੇ ਨਾਲ ਹੀ ਪੰਜਾਬ ਅਤੇ ਹਰਿਆਣਾ ਸਰਕਾਰ ਵਿਚਾਲੇ 7 ਸਾਲਾਂ ਤੋਂ ਚੱਲਿਆ ਆ ਰਿਹਾ ਗਤਿਰੋਧ ਵੀ ਖਤਮ ਹੋ ਜਾਵੇਗਾ। ਕੇਂਦਰ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਅੱਜ ਸਮਾਗਮ ਦੌਰਾਨ ਏਅਰਪੋਰਟ ਦਾ ਨਾਮਕਰਨ ਕੀਤਾ। ਇਸ ਦੌਰਾਨ ਹਰਿਆਣਾ ਦੇ ਰਾਜਪਾਲ ਬੰਡਾਰੂ ਦੱਤਾਤ੍ਰੇਅ, ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਬਨਵਾਰੀ ਲਾਲ ਪਰੋਹਿਤ, ਪੰਜਾਬ ਦੇ ਮੁੱਖ ਮੰਤਰੀ



ਭਗਵੰਤ ਮਾਨ, ਕੇਂਦਰੀ ਰਾਜ ਮੰਤਰੀ ਸੜਕੀ ਆਵਾਜਾਈ ਅਤੇ ਰਾਜਮਾਰਗ ਅਤੇ ਸ਼ਹਿਰੀ ਹਵਾਬਾਜ਼ੀ, ਸੇਵਾਮੁਕਤ ਜਨਰਲ ਡਾ: ਵਿਜੇ ਕੁਮਾਰ ਸਿੰਘ, ਹਰਿਆਣਾ ਦੇ ਗ੍ਰਹਿ ਅਤੇ ਸਿਹਤ ਮੰਤਰੀ ਅਨਿਲ ਵਿੱਜ, ਚੰਡੀਗੜ੍ਹ ਤੋਂ ਸੰਸਦ ਮੈਂਬਰ ਕਿਰਨ ਖੇਰ ਅਤੇ ਆਨੰਦਪੁਰ ਦੇ ਸੰਸਦ ਮੈਂਬਰ ਮਨੀਸ਼ ਤਿਵਾੜੀ ਮੌਜੂਦ ਸਨ। ਦੇਸ਼ ਕੌਮ ਦੇ ਮਹਾਨ ਸ਼ਹੀਦ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜਨਮ ਦਿਨ ਮੌਕੇ ਅੱਜ ਮੁਹਾਲੀ ਕੌਮਾਂਤਰੀ ਹਵਾਈ ਅੱਡੇ ਦਾ ਨਾਮ ਬਦਲ ਕੇ 'ਸ਼ਹੀਦ ਭਗਤ ਸਿੰਘ ਕੌਮਾਂਤਰੀ ਹਵਾਈ ਅੱਡਾ' ਰੱਖ ਦਿੱਤਾ ਗਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੰਘੇ ਦਿਨੀਂ ਆਪਣੇ ਮਾਸਿਕ ਰੇਡੀਓ ਪ੍ਰੋਗਰਾਮ 'ਮਨ ਕੀ ਬਾਤ' ਵਿੱਚ ਇਸ ਬਾਰੇ ਐਲਾਨ ਕੀਤਾ ਸੀ। ਇਸ ਸਬੰਧੀ ਕਰਵਾਏ ਗਏ ਵਿਸ਼ੇਸ਼ ਸਮਾਰੋਹ ਵਿੱਚ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਅੱਜ ਮੁੱਖ ਮਹਿਮਾਨ ਵਜੋਂ ਪਹੁੰਚੇ।

# ਮੁੱਖ ਮੰਤਰੀ ਵੱਲੋਂ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਹੋਰ ਕੌਮਾਂਤਰੀ ਉਡਾਨਾਂ ਸ਼ੁਰੂ ਕਰਨ ਦੀ ਮੰਗ

## ਸੂਬਾ ਸਰਕਾਰ ਦੇ ਠੋਸ ਯਤਨਾਂ ਸਦਕਾ ਸ਼ਹੀਦ ਭਗਤ ਸਿੰਘ ਦੇ ਨਾਮ 'ਤੇ ਰੱਖਿਆ ਹਵਾਈ ਅੱਡੇ ਦਾ ਨਾਮ

ਚੰਡੀਗੜ੍ਹ, 29 ਸਤੰਬਰ (ਪੋਸਟ ਬਿਊਰੋ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਭਾਰਤ ਸਰਕਾਰ ਨੂੰ ਵਿਦੇਸ਼ਾਂ ਵਿਚ ਵੱਸਦੇ ਪੰਜਾਬੀ ਭਾਈਚਾਰੇ ਦੀ ਸਹੂਲਤ ਲਈ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਹੋਰ ਕੌਮਾਂਤਰੀ ਉਡਾਨਾਂ ਸ਼ੁਰੂ ਕਰਨ ਦੀ ਮੰਗ ਕੀਤੀ।

ਅੱਜ ਇੱਥੇ ਹਵਾਈ ਅੱਡੇ ਦਾ ਨਾਮ ਮਹਾਨ ਸ਼ਹੀਦ ਦੇ ਨਾਮ ਉਤੇ ਰੱਖਣ ਮੌਕੇ ਹੋਏ ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੂੰ ਇਹ ਮਾਮਲਾ ਪ੍ਰਧਾਨ ਮੰਤਰੀ ਅਤੇ ਕੇਂਦਰੀ ਹਵਾਬਾਜ਼ੀ ਮੰਤਰੀ ਕੋਲ ਉਠਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਅੱਜ ਸ਼ਹੀਦ ਭਗਤ ਸਿੰਘ ਦੀ 115ਵੀਂ ਜਨਮ ਵਰ੍ਹੇਗੰਢ ਹੈ ਅਤੇ ਮਹਾਨ ਸ਼ਹੀਦ ਦੇ ਨਾਂ ਉਤੇ ਹਵਾਈ ਅੱਡੇ ਦਾ ਨਾਂ ਰੱਖਣ ਨਾਲ ਇਸ ਦਿਨ ਨੂੰ ਇਤਿਹਾਸਕ ਤੇ ਯਾਦਗਾਰੀ ਬਣਾ ਦਿੱਤਾ। ਭਗਵੰਤ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਇਸ ਹਵਾਈ ਅੱਡੇ ਤੋਂ ਹੋਰ ਉਡਾਨਾਂ ਸ਼ੁਰੂ ਕਰਨੀਆਂ ਚਾਹੀਦੀਆਂ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਦੁਨੀਆ ਭਰ ਦੇ ਪਰਵਾਸੀ ਪੰਜਾਬੀਆਂ ਵੱਲੋਂ ਸੂਬੇ ਤੋਂ ਕੈਨੇਡਾ, ਅਮਰੀਕਾ, ਆਸਟ੍ਰੇਲੀਆ ਅਤੇ ਦੁਨੀਆ ਦੇ ਹੋਰ ਹਿੱਸਿਆਂ ਲਈ ਹਵਾਈ ਸੰਪਰਕ ਯਕੀਨੀ ਬਣਾਉਣ ਲਈ ਅਜਿਹੀਆਂ ਉਡਾਨਾਂ ਦੀ ਮੰਗ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਉਡਾਨਾਂ ਨਾਲ ਪੰਜਾਬ ਦੇ ਯਾਤਰੀਆਂ ਤੋਂ ਇਲਾਵਾ ਹਰਿਆਣਾ, ਹਿਮਾਚਲ ਪ੍ਰਦੇਸ਼, ਉੱਤਰਾਖੰਡ, ਜੰਮੂ-ਕਸ਼ਮੀਰ ਅਤੇ ਹੋਰ ਰਾਜਾਂ ਦੇ ਯਾਤਰੀਆਂ ਨੂੰ ਵੀ ਫਾਇਦਾ ਹੋਵੇਗਾ। ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਇਸ ਹਵਾਈ ਅੱਡੇ ਦਾ ਨਾਂ ਬਦਲ ਕੇ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਣ ਲਈ ਠੋਸ ਉਪਰਾਲੇ ਕੀਤੇ ਹਨ।

ਮੁੱਖ ਮੰਤਰੀ ਨੇ ਹਵਾਈ ਅੱਡੇ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਣ ਲਈ ਕੇਂਦਰ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਕੀਤਾ। ਭਗਵੰਤ ਮਾਨ ਨੇ ਕਿਹਾ ਕਿ ਪੂਰੇ ਦੇਸ਼ ਦੀ ਚਿਰੋਕਣੀ ਮੰਗ ਪੂਰੀ ਹੋ ਗਈ ਹੈ ਜਿਸ ਨਾਲ ਹਰੇਕ ਦੇਸ਼ ਵਾਸੀ ਖੁਸ਼ ਹੈ। ਉਨ੍ਹਾਂ ਨੇ ਸ਼ਹੀਦ ਭਗਤ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਨੌਜਵਾਨ ਸ਼ਹੀਦ ਨੂੰ ਨਾ ਸਿਰਫ਼ ਉਸ ਦੀ ਬਹਾਦਰੀ ਲਈ ਯਾਦ ਕੀਤਾ ਜਾਂਦਾ ਹੈ, ਸਗੋਂ ਉਸ ਦੇ ਸਮਾਜਵਾਦ ਦੇ ਫਲਸਫੇ ਅਤੇ ਬੇਇਨਸਾਫੀ ਵਿਰੁੱਧ ਲੜਾਈ ਲਈ ਵੀ ਚੇਤੇ ਕੀਤਾ ਜਾਂਦਾ ਹੈ।



# ਵਿਰੋਧੀ ਧਿਰ ਦੇ ਨੇਤਾ ਬਾਜਵਾ ਨੇ ਭਗਵੰਤ ਮਾਨ ਖਿਲਾਫ ਨਿੰਦਾ ਮਤਾ ਲਿਆਉਣ ਲਈ ਸਪੀਕਰ ਤੋਂ ਇਜਾਜ਼ਤ ਮੰਗੀ

ਚੰਡੀਗੜ੍ਹ, 29 ਸਤੰਬਰ (ਪੋਸਟ ਬਿਊਰੋ): ਕਾਂਗਰਸ ਤੋਂ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਖਿਲਾਫ ਨਿੰਦਾ ਮਤਾ ਲਿਆਉਣ ਲਈ ਵਿਧਾਨ ਸਭਾ ਸਪੀਕਰ ਤੋਂ ਇਜਾਜ਼ਤ ਮੰਗੀ ਹੈ। ਉਨ੍ਹਾਂ ਨੇ ਪੱਤਰ 'ਚ ਲਿਖਿਆ ਹੈ ਕਿ ਭਗਵੰਤ ਮਾਨ ਨੇ ਸਦਨ ਦੇ ਨੇਤਾ ਅਤੇ ਬਤੌਰ ਮੁੱਖ ਮੰਤਰੀ ਸਹੀ ਵਿਵਹਾਰ ਨਹੀਂ ਕੀਤਾ ਅਤੇ ਰਾਜਪਾਲ ਨੂੰ ਹਨੇਰੇ 'ਚ ਰੱਖਿਆ। ਮੁੱਖ ਮੰਤਰੀ ਨੇ ਵਿਰੋਧੀ ਪਾਰਟੀਆਂ ਨੂੰ ਬਿਨਾਂ ਦੱਸੇ ਗੁਪਤ ਤਰੀਕੇ ਨਾਲ ਭਰੋਸੇ ਦਾ ਮਤਾ ਪੇਸ਼ ਕਰ ਦਿੱਤਾ। ਬਾਜਵਾ ਨੇ ਕਿਹਾ ਕਿ ਰਾਜਪਾਲ ਨੇ ਭਰੋਸੇ ਦਾ ਮਤਾ ਪੇਸ਼ ਕਰਨ ਲਈ 22 ਸਤੰਬਰ ਨੂੰ ਬੁਲਾਏ ਗਏ ਵਿਸ਼ੇਸ਼ ਸੈਸ਼ਨ ਨੂੰ ਨਿਯਮਾਂ ਦੇ ਖਿਲਾਫ ਕਹਿ ਕੇ ਰੱਦ ਕਰ ਦਿੱਤਾ ਸੀ, ਫਿਰ ਸਰਕਾਰ ਨੇ 27 ਸਤੰਬਰ ਨੂੰ ਸੈਸ਼ਨ ਬੁਲਾਉਣ ਦੀ ਸਿਫਾਰਿਸ਼ ਕੀਤੀ ਸੀ। ਰਾਜਪਾਲ ਵੱਲੋਂ ਵਿਧਾਨਕ ਕੰਮਾਂ ਦੀ ਸੂਚੀ ਮੰਗਣ



'ਤੇ ਸਰਕਾਰ ਨੇ ਉਨ੍ਹਾਂ ਨੂੰ ਜੀਐਸਟੀ, ਪਰਾਲੀ ਅਤੇ ਬਿਜਲੀ ਵਰਗੇ ਭਖਦੇ ਮੁੱਦਿਆਂ 'ਤੇ ਚਰਚਾ ਕਰਨ ਦੀ ਗੱਲ ਕਹੀ। ਇਸ 'ਤੇ ਰਾਜਪਾਲ ਨੇ ਸੈਸ਼ਨ ਦੀ ਇਜਾਜ਼ਤ ਦੇ ਦਿੱਤੀ। ਬਾਜਵਾ ਨੇ ਕਿਹਾ ਕਿ ਬਿਜ਼ਨਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ 'ਚ ਉਨ੍ਹਾਂ ਸਪੱਸ਼ਟ ਤੌਰ 'ਤੇ ਭਰੋਸੇ ਦੇ ਵੋਟ ਬਾਰੇ ਪੁੱਛਿਆ ਸੀ ਪਰ ਉਨ੍ਹਾਂ ਨੂੰ ਜਾਣਕਾਰੀ ਨਹੀਂ ਦਿੱਤੀ ਗਈ। ਉਨ੍ਹਾਂ ਕਿਹਾ ਕਿ ਰਾਜਪਾਲ ਨੂੰ ਸੂਚਿਤ ਕੀਤੇ ਗਏ ਕਾਰੋਬਾਰ ਨੂੰ ਬਾਈਪਾਸ ਕਰਦੇ ਹੋਏ ਮੁੱਖ ਮੰਤਰੀ ਨੇ ਭਰੋਸੇ ਦੀ ਵੋਟ ਬਾਰੇ ਮਤਾ ਪੇਸ਼ ਕਰ ਦਿੱਤਾ।

# ਕਾਂਗਰਸ ਨੇ ਮਹਿੰਗੀ ਰੇਤ ਦੇ ਮਾਮਲੇ 'ਚ ਪੰਜਾਬ ਸਰਕਾਰ ਨੂੰ ਘੇਰਿਆ

ਚੰਡੀਗੜ੍ਹ, 29 ਸਤੰਬਰ (ਪੋਸਟ ਬਿਊਰੋ): ਕਾਂਗਰਸ ਨੇ ਮਹਿੰਗੀ ਰੇਤ ਦੇ ਮਾਮਲੇ 'ਚ 'ਆਪ' ਦੀ ਪੰਜਾਬ ਸਰਕਾਰ ਨੂੰ ਘੇਰਿਆ ਹੈ। ਕਾਂਗਰਸ ਦੇ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਹੈ ਕਿ ਚੋਣਾਂ ਤੋਂ ਪਹਿਲਾਂ ਅਰਵਿੰਦ ਕੇਜਰੀਵਾਲ ਪੰਜਾਬ ਸਰਕਾਰ ਨੂੰ 20 ਹਜ਼ਾਰ ਕਰੋੜ ਰੁਪਏ ਰੇਤਾ-ਬੱਜਰੀ ਤੋਂ ਹੀ ਮਿਲਣ ਦਾ ਦਾਅਵਾ ਕਰਦੇ ਸਨ। ਵੜਿੰਗ ਨੇ ਕਿਹਾ ਕਿ 'ਆਪ' ਸਰਕਾਰ ਬਣੀ ਨੂੰ 6 ਮਹੀਨੇ ਹੋ ਗਏ ਹਨ, ਇਸ ਲਈ ਕੇਜਰੀਵਾਲ ਸਿਰਫ 10 ਹਜ਼ਾਰ ਕਰੋੜ ਦਾ ਹੀ ਹਿਸਾਬ ਦੇ ਦੇਵੇ। ਰਾਜਾ ਵੜਿੰਗ ਨੇ ਕਿਹਾ ਕਿ 'ਆਪ' ਦੀ ਨੀਤੀ ਹੈ ਕਿ ਝੂਠ ਨੂੰ ਸੌ ਵਾਰ ਬੋਲੋ, ਤਾਂ ਜੋ ਲੋਕਾਂ ਨੂੰ ਉਹ ਸੱਚ ਲੱਗਣ ਲੱਗ ਪਵੇ। ਉਨ੍ਹਾਂ ਕਿਹਾ ਕਿ ਚੋਣਾਂ ਸਮੇਂ 'ਆਪ' ਨੇ ਰੇਤ-ਬੱਜਰੀ ਨੂੰ ਲੈ ਕੇ ਸਭ ਤੋਂ ਵੱਧ ਰੌਲਾ ਪਾਇਆ ਸੀ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਕਾਰਜਕਾਲ ਵਿੱਚ ਜੋ



ਰੇਤਾ 5 ਰੁਪਏ ਪ੍ਰਤੀ ਫੁੱਟ ਮਿਲਦਾ ਸੀ, ਉਹ ਹੁਣ 9 ਰੁਪਏ ਵਿੱਚ ਮਿਲ ਰਿਹਾ ਹੈ। ਕਾਂਗਰਸ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਵਿੰਦਰ ਸਿੰਘ ਰੰਧਾਵਾ ਨੇ ਦੋਸ਼ ਲਾਇਆ ਕਿ ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ ਜੋ ਰੇਤ ਦੀ ਟਰਾਲੀ 3200 ਰੁਪਏ ਵਿੱਚ ਮਿਲਦੀ ਸੀ, ਹੁਣ ਉਸਦੇ 8000 ਰੁਪਏ ਦੇਣੇ ਪੈਂਦੇ ਹਨ। ਉਨ੍ਹਾਂ ਪੁੱਛਿਆ ਕਿ ਮਹਿੰਗੀ ਰੇਤ ਦਾ ਮਾਰਜਨ ਕਿੱਥੇ ਜਾ ਰਿਹਾ ਹੈ। ਕੀ ਇਹ ਪੈਸਾ ਸਿੱਧਾ ਕੇਜਰੀਵਾਲ ਕੋਲ ਜਾ ਰਿਹਾ ਹੈ।

# ਸਾਬਕਾ ਮੁੱਖ ਮੰਤਰੀ ਚੰਨੀ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਦਿੱਤਾ ਜਵਾਬ

## ਮੇਰਾ ਮੋਬਾਇਲ ਚੌਵੀ ਘੰਟੇ ਖੁੱਲ੍ਹਾ ਰਹਿੰਦਾ ਹੈ : ਚੰਨੀ

ਚੰਡੀਗੜ੍ਹ, 29 ਸਤੰਬਰ (ਪੋਸਟ ਬਿਊਰੋ):ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਪੰਜਾਬ ਵਿਧਾਨ ਸਭਾ ਦੇ ਅਜਲਾਸ ਦੌਰਾਨ ਕੀਤੇ ਹਮਲਿਆਂ ਦਾ ਚੰਨੀ ਨੇ ਮੋੜਵਾਂ ਜਵਾਬ ਦਿੰਦਿਆਂ ਕਿਹਾ ਹੈ ਕਿ ਉਨ੍ਹਾਂ ਦਾ ਮੋਬਾਇਲ ਚੌਵੀ ਘੰਟੇ ਖੁੱਲ੍ਹਾ ਰਹਿੰਦਾ ਹੈ ਅਤੇ ਮੁੱਖ ਮੰਤਰੀ ਸਮੇਤ ਪੰਜਾਬ ਸਰਕਾਰ ਦਾ ਕੋਈ ਵੀ ਅਧਿਕਾਰੀ ਜਾਂ ਮੰਤਰੀ ਕਿਸੇ ਵੀ ਸਮੇਂ ਉਨ੍ਹਾਂ ਨੂੰ ਸੰਪਰਕ ਕਰ ਸਕਦਾ ਹੈ ।

ਮੀਡੀਆ ਨਾਲ ਨਾਲ ਫੋਨ 'ਤੇ ਗੱਲ ਕਰਦਿਆਂ ਸਾਬਕਾ ਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਉਹ ਭਗਵੰਤ ਮਾਨ ਸਰਕਾਰ ਦੇ ਕਿਸੇ ਵੀ ਸਵਾਲ ਦਾ ਜਵਾਬ ਦੇਣ ਲਈ ਤਿਆਰ ਬਰ ਤਿਆਰ ਹਨ। ਚੰਨੀ ਨੇ ਕਿਹਾ ਕਿ ਸੱਤਾ ਬਦਲਣ ਉਪਰੰਤ ਉਹ ਨੈਤਿਕਤਾ ਦੇ ਤੌਰ ਤੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਮਿਲ ਕੇ ਵੀ ਆਏ ਹਨ। ਜਿਸ ਦੌਰਾਨ ਉਨ੍ਹਾਂ ਨੇ ਭਗਵੰਤ ਮਾਨ ਸਰਕਾਰ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਸੀ। ਪ੍ਰੰਤੂ ਸਰਕਾਰ ਵੱਲੋਂ ਜਾਂ ਸਰਕਾਰ ਦੇ ਕਿਸੇ ਅਧਿਕਾਰੀ ਵੱਲੋਂ ਜਾਂ ਮੁੱਖ ਮੰਤਰੀ ਵੱਲੋਂ ਉਨ੍ਹਾਂ ਨੂੰ ਕੋਈ ਵੀ ਅਜਿਹਾ ਲਿਖਤੀ /ਜ਼ਬਾਨੀ ਜਾਂ



ਫੋਨ ਤੇ ਕੋਈ ਸੰਦੇਸ਼/ ਪੱਤਰ ਨਹੀਂ ਮਿ-ਲਿਆ ਜਿਸ ਰਾਹੀਂ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਪਾਸੋਂ ਕਿਸੇ ਫਾਈਲ ਸਬੰਧੀ ਜਾਣਕਾਰੀ ਮੰਗੀ ਗਈ ਹੋਵੇ।

ਸਾਬਕਾ ਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਕਾਰਜਕਾਲ ਦੌਰਾਨ 150 ਇਸ ਤੋਂ ਵੱਧ ਅਜਿਹੀਆਂ ਫਾਈਲਾਂ ਤੇ ਦਸਤਖ਼ਤ ਕੀਤੇ ਹਨ ਜਿਨ੍ਹਾਂ ਵਿੱਚ ਬਿਜਲੀ ਦੇ ਤਿੰਨ ਰੁਪਏ ਪ੍ਰਤੀ ਯੂਨਿਟ ਦਰਾਂ ਘਟਾਉਣ ਸਮੇਤ ਅਨੇਕਾਂ ਹੀ ਲੋਕ ਹਿਤੂ ਫੈਸਲੇ ਸ਼ਾਮਲ ਸਨ ਪ੍ਰੰਤੂ ਹੁਣ ਭਗਵੰਤ ਮਾਨ ਪਤਾ ਨੀ ਕਿਹੜੀ ਫੈਲ ਬਾਰੇ ਉਨ੍ਹਾਂ ਤੋਂ ਜਾਣਕਾਰੀ ਦੇਣੀ ਚਾਹੁੰਦੇ ਹਨ , ਜਿਸ ਲਈ ਉਹ ਉਨ੍ਹਾਂ ਨੂੰ ਕਿਸੇ ਵੀ ਸਮੇਂ ਫੋਨ ਤੇ ਸੰਪਰਕ ਕਰ ਸਕਦੇ ਹਨ। ਚੰਨੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੁਝ ਲੋਕ ਹਿਤੂ ਫੈਸਲੇ ਜੋ ਉਨ੍ਹਾਂ ਨੇ ਆਪਣੇ ਕਾਰਜਕਾਲ ਦੌਰਾਨ ਲਏ ਸਨ ਉਹ ਸਰਕਾਰ ਨੇ ਜਾਂ ਤਾਂ ਵਾਪਿਸ ਲੈ ਲਏ ਹਨ ਜਾਂ ਉਨ੍ਹਾਂ ਦੀ ਪੈਰਵੀ ਚੰਗੇ ਤਰੀਕੇ ਨਾਲ ਨਹੀਂ ਕੀਤੀ ਗਈ।

# ਸਿਹਤ ਮੰਤਰੀ ਨੇ ਵੈਕਟਰ ਬੋਰਨ ਡਿਸੀਜਿਜ਼ ਦੀ ਰੋਕਥਾਮ ਲਈ ਵੱਖ-ਵੱਖ ਵਿਭਾਗਾਂ ਨਾਲ ਤਾਲਮੇਲ 'ਤੇ ਦਿੱਤਾ ਜ਼ੋਰ

ਚੰਡੀਗੜ੍ਹ, 29 ਸਤੰਬਰ (ਪੋਸਟ ਬਿਊਰੋ): ਪੰਜਾਬ ਵਿੱਚ ਭਾਰੀ ਮੀਂਹ ਉਪਰੰਤ ਵੈਕਟਰ ਬੋਰਨ ਬਿਮਾਰੀਆਂ ਦੇ ਫੈਲਾਅ ਨੂੰ ਰੋਕਣ ਲਈ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਸ. ਚੇਤਨ ਸਿੰਘ ਜੌੜਾਮਾਜਰਾ ਦੀ ਪ੍ਰਧਾਨਗੀ ਹੇਠ ਐਸ.ਟੀ.ਐਫ ਦੀ ਮੀਟਿੰਗ ਹੋਈ। ਸਿਹਤ ਮੰਤਰੀ ਨੇ ਡੇਂਗੂ ਦੇ ਵੱਧ ਰਹੇ ਖਤਰੇ ਨਾਲ ਨਜਿੱਠਣ ਲਈ ਵੱਖ-ਵੱਖ ਵਿਭਾਗਾਂ ਵੱਲੋਂ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਦਾ ਜਾਇਜ਼ਾ ਲਿਆ ਅਤੇ ਵਿਭਾਗਾਂ ਨੂੰ ਹਦਾਇਤ ਕੀਤੀ ਕਿ ਸੂਬੇ ਦੇ ਲੋਕਾਂ ਦੀ ਸਿਹਤ ਨੂੰ ਸੁਰੱਖਿਅਤ ਰੱਖਣ ਲਈ ਡੇਂਗੂ, ਮਲੇਰੀਆ ਅਤੇ ਚਿਕਨਗੁਨੀਆ ਨੂੰ ਕੰਟਰੋਲ ਕਰਨ ਲਈ ਸਾਂਝੇ ਤੌਰ 'ਤੇ ਉਪਰਾਲੇ ਕੀਤੇ ਜਾਣ। ਉਨ੍ਹਾਂ ਨੇ ਸਥਾਨਕ ਸਰਕਾਰਾਂ ਵਿਭਾਗ ਅਤੇ ਪੰਜਾਬ ਰਾਜ ਪੇਂਡੂ ਵਿਕਾਸ ਦੇ ਅਧਿਕਾਰੀਆਂ ਨੂੰ ਡੇਂਗੂ ਅਤੇ ਮਲੇਰੀਆ ਨੂੰ ਕੰਟਰੋਲ ਕਰਨ ਲਈ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਨੂੰ ਹੋਰ ਮਜ਼ਬੂਤ ਕਰਨ ਦੇ ਵੀ ਨਿਰਦੇਸ਼ ਦਿੱਤੇ। ਉਨ੍ਹਾਂ ਸਥਾਨਕ ਸਰਕਾਰਾਂ ਵਿਭਾਗ ਅਤੇ ਪੰਜਾਬ ਰਾਜ ਪੇਂਡੂ ਵਿਕਾਸ ਦੇ ਅਧਿਕਾਰੀਆਂ ਨੂੰ ਡੇਂਗੂ ਅਤੇ ਮਲੇਰੀਆ ਨੂੰ ਕੰਟਰੋਲ ਕਰਨ ਲਈ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਨੂੰ ਹੋਰ ਮਜ਼ਬੂਤ ਕਰਨ ਦੇ ਨਿਰਦੇਸ਼ ਵੀ ਦਿੱਤੇ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸ. ਚੇਤਨ ਸਿੰਘ ਜੌੜਾਮਾਜਰਾ ਨੇ ਦੱਸਿਆ ਕਿ ਡੇਂਗੂ ਪੰਜਾਬ ਵਿੱਚ ਇੱਕ ਨੋਟੀਫਾਈਡ ਬਿਮਾਰੀ ਹੈ ਅਤੇ ਵਿਭਾਗ ਵੱਲੋਂ ਸੂਬੇ ਭਰ ਦੇ ਪ੍ਰਾਈਵੇਟ ਹਸਪਤਾਲਾਂ ਅਤੇ ਲੈਬਾਰਟਰੀਆਂ ਵਿੱਚ ਡੇਂਗੂ ਦੇ ਟੈਸਟ ਦੀ ਕੀਮਤ 600 ਰੁਪਏ ਰੱਖੀ ਗਈ ਹੈ ਤਾਂ ਜੋ ਲੋਕ ਇਸ ਸੇਵਾ ਦਾ ਵਾਜਬ ਕੀਮਤਾਂ 'ਤੇ ਲਾਭ ਉਠਾ ਸਕਣ। ਉਹਨਾਂ ਦੱਸਿਆ ਕਿ 29/9/2022 ਤੱਕ 2113 ਪੁਸ਼ਟੀ ਕੀਤੇ ਕੇਸ ਸਾਹਮਣੇ ਆਏ ਹਨ ਅਤੇ ਜਿਨ੍ਹਾਂ ਜ਼ਿਲ੍ਹਿਆਂ ਵਿੱਚ ਡੇਂਗੂ ਦੇ ਸਭ ਤੋਂ ਜ਼ਿਆਦਾ ਕੇਸ ਰਿਪੋਰਟ ਕੀਤੇ ਗਏ ਹਨ ਉਨ੍ਹਾਂ ਵਿੱਚ ਰੂਪਨਗਰ (390), ਐਸਏਐਸ ਨਗਰ (436), ਫਤਿਹਗੜ੍ਹ ਸਾਹਿਬ (206), ਫਿਰੋਜ਼ਪੁਰ (150) ਅਤੇ ਐਸਬੀਐਸ ਨਗਰ (153) ਸ਼ਾਮਲ ਹਨ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family



MacroGlobal Immigration Services Ltd.

Seema Bhayana

iccrc



Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com

NEED A LAWYER ??

KAUR LAW OFFICE

Red Seal NOTARY



MANJEET KAUR

LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099

Fax: 905-454-2234

2575 Steeles Ave. E., Unit 1,Brampton, ON L6T 5T1

## ਅੱਜ ਨਾਮਾ

ਆਦਮੀ ਆਮ ਦੀ ਆਪਾਂ ਵੀ ਗੱਲ ਕਰੀਏ,
ਸਿਆਸੀ ਗੱਲਾਂ ਦੀ ਭੁੱਲ ਕਚ੍ਹਿਆਣ ਬੇਲੀ।
ਮਸਲੇ-ਮੁਸ਼ਕਲਾਂ ਬਹੁਤ ਆ ਦੇਸ਼ ਅੰਦਰ,
ਆਉਂਦੇ ਜਿਹੜੇ ਇਨਸਾਨ ਨੂੰ ਖਾਣ ਬੇਲੀ।
ਵੱਡਿਆਂ ਘਰਾਂ ਵਿੱਚ ਜੰਮ ਕੇ ਪਲੇ ਜਿਹੜੇ,
ਔਕੜਾਂ ਵੱਲੋਂ ਹਨ ਉੱਕਾ ਅਣਜਾਣ ਬੇਲੀ।
ਭੁੱਖੇ ਪੇਟ ਜੰਮਣ, ਭੁੱਖੇ ਹੀ ਮਰਨ ਜਿਹੜੇ,
ਭੁੱਖੇ ਈ ਜੀਵਨ ਦਾ ਸਫਰ ਮੁਕਾਣ ਬੇਲੀ।
ਚੋਣਾਂ ਆਉਣ ਤਾਂ ਚਾਰ ਦਿਨ ਅੰਨ ਮਿਲਦਾ,
ਏਹੋ ਈ ਵੋਟਾਂ ਦਾ ਪੈਂਦਾ ਰਿਹਾ ਮੁੱਲ ਬੇਲੀ।
ਜੰਮਣਾ, ਖਪਣਾ, ਫਿਰ ਜੰਮ ਜਵਾਕ ਜਾਣਾ,
ਬਣਿਆ ਜੂਨ ਦਾ ਅਰਥ ਇਹ ਕੁੱਲ ਬੇਲੀ।

**ਤੀਸ ਮਾਰ ਖਾਂ**

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਗੁਰਲਾਲ ਬਰਾੜ ਦੀ ਗੋਲੀ ਮਾਰ ਕੇ ਹੱਤਿਆ ਕਰਨ ਵਾਲਾ ਬੰਬੀਹਾ ਗੈਂਗ ਦਾ ਮੁੱਖ ਸੂਟਰ ਗ੍ਰਿਫਤਾਰ

* ਗੁਰਲਾਲ ਬਰਾੜ ਦੇ ਕਤਲ ਕਰਕੇ ਬੰਬੀਹਾ ਗੈਂਗ ਅਤੇ ਲਾਰੈਂਸ ਬਿਸ਼ਨੋਈ ਗੈਂਗ ਦਰਮਿਆਨ ਆਪਸੀ ਰੰਜਿਸ਼ ਸ਼ੂਰੂ ਹੋਈ, ਜਿਸ ਦੇ ਨਤੀਜੇ ਵਜੋਂ ਕਤਲਾਂ ਦਾ ਦੌਰ ਸ਼ੂਰੂ ਹੋਇਆ * ਪੰਜ ਕਤਲਾਂ ਨੂੰ ਅੰਜਾਮ ਦੇਣ ਵਾਲਾ ਗ੍ਰਿਫਤਾਰ ਗੈਂਗਸਟਰ ਨੀਰਜ ਚਸਕਾ 2019 ਤੋਂ ਸੀ ਫਰਾਰ : ਡੀਜੀਪੀ ਪੰਜਾਬ

ਚੰਡੀਗੜ੍ਹ, 29 ਸਤੰਬਰ (ਪੋਸਟ ਬਿਊਰੋ): ਪੰਜਾਬ ਪੁਲਿਸ ਨੇ ਮੁੱਖ ਮੰਤਰੀ ਭਗਵੰਤ ਮਾਨ ਦੇ ਨਿਰਦੇਸ਼ਾਂ 'ਤੇ ਗੈਂਗਸਟਰਾਂ ਵਿਰੁੱਧ ਵਿੱਢੀ ਜੰਗ ਵਿੱਚ ਵੱਡੀ ਸਫ਼ਲਤਾ ਹਾਸਲ ਕਰਦਿਆਂ ਜੰਮੂ ਤੋਂ ਦਵਿੰਦਰ ਬੰਬੀਹਾ ਗੈਂਗ ਦੇ ਅਤਿ ਲੋੜੀਂਦੇ ਸੂਟਰ ਨੀਰਜ ਚਸਕਾ ਨੂੰ ਸੋਪੂ (ਐਸਓਪੀਯੂ) ਦੇ ਪ੍ਰਧਾਨ ਗੁਰਲਾਲ ਬਰਾੜ ਦੇ ਸਨਸਨੀਖੇਜ਼ ਕਤਲ ਸਮੇਤ ਕਈ ਕਤਲਾਂ ਵਿੱਚ ਸ਼ਾਮਲ ਹੋਣ ਦੇ ਦੋਸ਼ ਹੇਠ ਗ੍ਰਿਫਤਾਰ ਕਰ ਲਿਆ ਹੈ। ਇਹ ਜਾਣਕਾਰੀ ਅੱਜ ਇੱਥੇ ਡੀਜੀਪੀ ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗੁਰਲਾਲ ਬਰਾੜ, ਜੋ ਕੈਨੇਡਾ ਅਧਾਰਤ ਗੈਂਗਸਟਰ ਗੋਲਡੀ ਬਰਾੜ ਦਾ ਨਜ਼ਦੀਕੀ ਰਿਸ਼ਤੇਦਾਰ ਸੀ, ਦੇ ਕਤਲ ਕਰਕੇ ਦਵਿੰਦਰ ਬੰਬੀਹਾ ਗੈਂਗ ਅਤੇ ਲਾਰੈਂਸ ਬਿਸ਼ਨੋਈ ਗੈਂਗ ਦਰਮਿਆਨ ਆਪਸੀ ਦੁਸ਼ਮਣੀ ਸ਼ੁਰੂ ਹੋ ਗਈ ਸੀ, ਜਿਸ ਦੇ ਨਤੀਜੇ ਵਜੋਂ ਪੰਜਾਬ, ਹਰਿਆਣਾ, ਚੰਡੀਗੜ੍ਹ ਅਤੇ ਰਾਸ਼ਟਰੀ ਰਾਜਧਾਨੀ ਖੇਤਰ (ਐਨਸੀਆਰ) ਦਿੱਲੀ ਵਿੱਚ ਕਤਲਾਂ ਦੀਆਂ ਲੜੀਵਾਰ ਘਟਨਾਵਾਂ ਵਾਪਰੀਆਂ। ਗੁਰਲਾਲ ਬਰਾੜ ਦੀ ਅਕਤੂਬਰ 2020 ਵਿੱਚ ਚੰਡੀਗੜ੍ਹ ਵਿੱਚ ਇੱਕ ਨਾਈਟ ਕਲੱਬ ਦੇ ਬਾਹਰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।

ਗ੍ਰਿਫਤਾਰ ਕੀਤਾ ਗਿਆ ਗੈਂਗਸਟਰ ਨੀਰਜ ਉਰਫ਼ ਚਸਕਾ ਫਰੀਦਕੋਟ ਦੇ ਜੈਤੋ ਦਾ ਰਹਿਣ ਵਾਲਾ ਹੈ ਅਤੇ ਬੰਬੀਹਾ ਗੈਂਗ ਦਾ ਮੁੱਖ ਸੂਟਰ ਹੈ, ਜੋ ਵਿਦੇਸ਼ ਵਿੱਚ ਰਹਿੰਦੇ ਵਾਂਟੇਡ ਗੈਂਗਸਟਰ ਗੌਰਵ ਉਰਫ਼ ਲੱਕੀ ਪਟਿਆਲ ਦੇ ਇਸ਼ਾਰੇ 'ਤੇ ਕੰਮ ਕਰ ਰਿਹਾ ਹੈ। ਸਤੰਬਰ 2016 ਵਿੱਚ ਗੈਂਗਸਟਰ ਦਵਿੰਦਰ ਬੰਬੀਹਾ ਨੂੰ ਪੰਜਾਬ ਪੁਲਿਸ ਵੱਲੋਂ ਮਾਰੇ ਜਾਣ ਤੋਂ ਬਾਅਦ ਪਟਿਆਲ ਬੰਬੀਹਾ ਗੈਂਗ ਦਾ ਮੁੱਖ ਹੈਂਡਲਰ ਹੈ। ਨੀਰਜ 2019 ਤੋਂ ਫਰਾਰ ਸੀ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਖੁਫੀਆ ਜਾਣਕਾਰੀ ਮਿਲਣ ਉਪਰੰਤ ਕੀਤੀ ਗਈ ਕਾਰਵਾਈ ਦੌਰਾਨ, ਪੰਜਾਬ ਪੁਲਿਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਦੀ ਟੀਮ ਨੇ ਕੇਂਦਰੀ ਏਜੰਸੀਆਂ ਨਾਲ ਤਾਲਮੇਲ ਕਰਕੇ ਨੀਰਜ ਉਰਫ਼ ਚਸਕਾ ਨੂੰ ਜੰਮੂ ਦੇ ਸਾਂਬਾ ਜ਼ਿਲ੍ਹਾ ਤੋਂ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਉਸ ਦੇ ਕਬਜ਼ੇ 'ਚੋਂ .30 ਬੋਰ ਅਤੇ .32 ਬੋਰ ਦੇ ਦੋ ਵਿਦੇਸ਼ੀ ਪਿਸਤੌਲਾਂ



ਸਮੇਤ 17 ਜਿੰਦਾ ਕਾਰਤੂਸ ਵੀ ਬਰਾਮਦ ਕੀਤੇ ਹਨ।

ਉਨ੍ਹਾਂ ਦੱਸਿਆ ਕਿ ਗੁਰਲਾਲ ਦੇ ਕਤਲ ਤੋਂ ਇਲਾਵਾ ਨੀਰਜ ਅਗਸਤ 2019 ਵਿੱਚ ਫਿਰੋਜ਼ਪੁਰ ਜੇਲ੍ਹ ਵਿੱਚ ਬੰਦ ਅਮਨਾ ਜੈਤੋ ਦੇ ਨਿਰਦੇਸ਼ਾਂ 'ਤੇ ਫਰੀਦਕੋਟ ਜ਼ਿਲ੍ਹੇ ਦੇ ਕਸਬਾ ਜੈਤੋ ਵਿੱਚ ਕਤਲ ਹੋਏ ਕਬੱਡੀ ਖਿਡਾਰੀ ਮਨੀ ਦੇ ਕਤਲ ਸਮੇਤ ਘੱਟੋ-ਘੱਟ ਚਾਰ ਹੋਰ ਕਤਲਾਂ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਰਿਹਾ ਹੈ। ਇਸ ਦੇ ਨਾਲ ਹੀ ਉਸ ਦਾ ਨਾਂ ਮਾਰਚ 2021 ਵਿੱਚ ਅੰਬਾਲਾ ਵਿੱਚ ਪਰਦੀਪ ਉਰਫ ਪੰਜਾ ਅਤੇ ਰਾਹੁਲ ਦੀ ਹੱਤਿਆ ਦੇ ਦੋਹਰੇ ਕਤਲ ਕੇਸ ਨਾਲ ਵੀ ਜੁੜਿਆ ਹੋਇਆ ਹੈ।

ਡੀਜੀਪੀ ਨੇ ਦੱਸਿਆ ਕਿ ਨੀਰਜ ਚਸਕਾ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਮਾਰਚ 2020 ਵਿੱਚ ਚੰਡੀਗੜ੍ਹ ਦੇ ਸੈਕਟਰ 38 ਵਿੱਚ ਸੁਰਜੀਤ ਬਾਊਂਸਰ ਦਾ ਕਤਲ ਵੀ ਕੀਤਾ ਸੀ, ਜਿਸ ਤੋਂ ਬਾਅਦ ਦਵਿੰਦਰ ਬੰਬੀਹਾ ਗਰੁੱਪ ਨੇ ਫੇਸਬੁੱਕ 'ਤੇ ਇਸ ਕਤਲ ਦੀ ਜ਼ਿੰਮੇਵਾਰੀ ਲੈਂਦਿਆਂ ਦਾਅਵਾ ਕੀਤਾ ਕਿ ਬਾਊਂਸਰ ਅਮਿਤ ਸ਼ਰਮਾ ਦੀ ਸਕੇਤਰੀ ਵਿੱਚ ਹੋਈ ਹੱਤਿਆ ਦਾ ਬਦਲਾ ਲੈਣ ਲਈ ਸੁਰਜੀਤ ਬਾਊਂਸਰ ਨੂੰ ਮਾਰਿਆ ਗਿਆ ਹੈ।

ਯਾਦਵ ਨੇ ਕਿਹਾ ਕਿ ਨੀਰਜ ਉਰਫ਼ ਚਸਕਾ ਤੋਂ ਹੋਰ ਪੁੱਛਗਿੱਛ ਉਪਰੰਤ ਬੰਬੀਹਾ ਗੈਂਗ ਦੀਆਂ ਹੋਰ ਗਤੀਵਿਧੀਆਂ ਅਤੇ ਯੋਜਨਾਵਾਂ ਦਾ ਖੁਲਾਸਾ ਹੋਵੇਗਾ।

ਪੰਜਾਬ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਲਾਰੈਂਸ ਬਿਸ਼ਨੋਈ ਅਤੇ ਉਸ ਦੇ ਕਈ ਸਾਥੀਆਂ ਤੋਂ ਪੁੱਛਗਿੱਛ ਤੋਂ ਪਤਾ ਲੱਗਾ ਹੈ ਕਿ ਗੁਰਲਾਲ ਬਰਾੜ ਦੀ ਹੱਤਿਆ ਵਿੱਚ ਸ਼ਾਮਲ ਹੋਣ ਕਾਰਨ ਨੀਰਜ ਉਰਫ਼ ਚਸਕਾ ਲਾਰੈਂਸ ਬਿਸ਼ਨੋਈ ਗੈਂਗ ਦੀ ਟਾਪ ਹਿੱਟਲਿਸਟ ਵਿੱਚ ਸੀ। ਇਸ ਸਬੰਧੀ ਅਗਲੇਰੀ ਜਾਂਚ ਜਾਰੀ ਹੈ।

# ਆਪ ਸਰਕਾਰ ਨੇ 700 ਕਰੋੜ ਰੁਪਏ ਝੂਠੀ ਇਸ਼ਤਿਹਾਬਾਜ਼ੀ ਵਾਸਤੇ ਰੱਖੇ : ਸੁਖਬੀਰ

## ਪ੍ਰਧਾਨ ਮੰਤਰੀ ਨੂੰ ਭਾਈ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਬਦਲਣ ਦੀ ਕੀਤੀ ਅਪੀਲ

ਲੁਧਿਆਣਾ, 29 ਸਤੰਬਰ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਕਿਹਾ ਕਿ ਆਮ ਆਦਮੀ ਪਾਰਟੀ ਸਰਕਾਰ ਨੇ ਆਪਣੀ ਝੂਠ ਇਸ਼ਤਿਹਾਬਾਜ਼ੀ ਵਾਸਤੇ 700 ਕਰੋੜ ਰੁਪਏ ਰੱਖੇ ਹਨ ਜਦੋਂ ਕਿ ਕਿਸਾਨ ਅਤੇ ਸਮਾਜ ਦਾ ਕਮਜ਼ੋਰ ਵਰਗ ਮੁਸ਼ਕਿਲਾਂ ਠੱਲ ਰਹੇ ਹਨ, ਜਿਥੇ ਕਿਸਾਨ ਫਸਲਾਂ ਦੇ ਹਏ ਨੁਕਸਾਨ ਦਾ ਮੁਆਵਜ਼ਾ ਤੇ ਸਿੱਧੀ ਬਿਜਾਈ ਲਈ ਐਲਾਨੇ 1500 ਰੁਪਏ ਪ੍ਰਤੀ ਏਕੜ ਦੀ ਉਡੀਕ ਕਰ ਰਹੇ ਹਨ, ਉਥੇ ਹੀ ਗਰੀਬ ਲੋਕਾਂ ਵਾਸਤੇ ਆਟਾ ਦਾਲ ਸਕੀਮ ਬੰਦ ਕਰ ਦਿੱਤੀ ਗਈ ਹੈ।

ਅਕਾਲੀ ਦਲ ਦੇ ਪ੍ਰਧਾਨ ਨੇ ਇਥੇ ਅਨੇਮਾਂ ਮੀਟਿੰਗਾਂ ਕੀਤੀਆਂ ਤੇ ਸ੍ਰੀ ਐਨ ਕੇ ਸ਼ਰਮਾ ਦੀ ਅਗਵਾਈ ਹੇਠ ਚਾਰ ਮੈਂਬਰੀ ਕਮੇਟੀ ਦਾ ਗਠਨ ਕੀਤਾ ਜਿਸ ਵਿਚ ਸ੍ਰੀ ਪਰਮਬੰਸ ਸਿੰਘ ਰੋਮਾਣਾ, ਪ੍ਰਿਤਪਾਲ ਸਿੰ ਪਾਲੀ ਤੇ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੂੰ ਸ਼ਾਮਲ ਕੀਤਾ ਗਿਆ ਹੈ। ਇਹ ਕਮੇਟੀ ਨਗਰ ਨਿਗਮ ਚੋਣਾਂ ਵਾਸਤੇ ਉਮੀਦਵਾਰਾਂ ਦੀ ਚੋਣ ਕਰੇਗੀ।

ਬਾਦਲ ਨੇ ਕਿਹਾ ਕਿ ਜਿਥੇ 700 ਕਰੋੜ ਰੁਪਏ ਇਸ਼ਤਿਹਾਰਬਾਜ਼ੀ ਵਾਸਤੇ ਰੱਖੇ ਗਏ ਹਨ, ਉਥੇਹੀ ਜਨਤਕ ਫੰਡਾਂ ਦੀ ਦੁਰਵਰਤੋਂ ਗੁਜਰਾਤ ਤੇ ਹਿਮਾਚਲ ਪ੍ਰਦੇਸ਼ ਦੇ ਨਾਲ ਨਾਲ ਤਾਮਿਲਨਾਡੂ ਵਰਗੇ ਰਾਜਾਂ ਵਿਚ ਆਮ ਆਦਮੀ ਪਾਰਟੀ ਦੇ ਏਜੰਡੇ ਨੂੰ ਅੱਗੇ ਤੋਰਨ ਵਾਸਤੇ ਹੋ ਰਹੀ ਹੈ। ਉਹਨਾਂ ਕਿਹਾ ਕਿ ਇਹ ਪੈਸਾ ਆਪ ਨੂੰ ਖੜ੍ਹੀ ਕਰਨ 'ਤੇ ਖਰਚ ਕੀਤਾ ਜਾ ਰਿਹਾ ਹੈ ਜਦੋਂ ਕਿ ਕਿਸਾਨ ਜਿਥੇ ਫਸਲਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਉਡੀਕ ਰਹੇ ਹਨ, ਉਥੇ ਹੀ ਝੋਨੇ ਦੀ ਸਿੱਧੀ ਬਿਜਾਈ ਲਈ ਐਲਾਨੇ 1500 ਰੁਪਏ ਪ੍ਰਤੀ ਏਕੜ ਤੇ ਪਰਾਲੀ ਨਾ ਸਾੜਨ ਲਈ 2500 ਰੁਪਏ ਪ੍ਰਤੀ ਏਕੜ ਦੀ ਉਡੀਕ ਕਰ ਰਹੇ ਹਨ। ਉਹਨਾਂ ਕਿਹਾ ਕਿ ਡੇਅਰੀ ਕਿਸਾਨਾਂ ਨੂੰ ਲੰਪੀ ਚਮੜੀ ਰੋਗ ਕਾਰਨ ਦੁਧਾਰੂ ਪਸ਼ੂਆਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਨਹੀਂ ਦਿੱਤਾ ਗਿਆ ਜਿਸ ਕਾਰਨ ਡੇਅਰੀ ਖੇਤਰ ਨੂੰ ਵੱਡੀ ਸੱਟ ਵੱਜੀ ਹੈ।

ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਕੇਂਦਰ ਸਰਕਾਰ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ 'ਤੇ ਵਿਖਾਈ ਭਾਵਨਾ ਮੁਤਾਬਕ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਬਦਲੀ ਜਾਵੇ। ਉਹਨਾਂ ਨੇ ਆਪਣੀਆਂ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਜੇਲ੍ਹਾਂ ਵਿਚ ਬੰਦ ਹੋਰ ਬੰਦੀ ਸਿੰਘਾਂ ਦੀ ਰਿਹਾਈ ਲਈ ਵੀ ਅਪੀਲ ਕੀਤੀ।

# ਐਮ ਪੀ ਸੰਜੀਵ ਅਰੋੜਾ, ਨੇ ਸੀਐਮਸੀਐਚ ਮੀਟਿੰਗ ਵਿੱਚ ਮਰੀਜ਼ਾਂ ਲਈ ਕਿਫਾਇਤੀ ਸਰਜਰੀਆਂ ਪ੍ਰਦਾਨ ਕਰਨ ਦੀ ਜ਼ਰੂਰਤ 'ਤੇ ਦਿੱਤਾ ਜ਼ੋਰ

ਲੁਧਿਆਣਾ, 29 ਸਤੰਬਰ, 2022: ਸੰਜੀਵ ਅਰੋੜਾ, ਸੰਸਦ ਮੈਂਬਰ (ਰਾਜ ਸਭਾ) ਨੇ ਵੀਰਵਾਰ ਨੂੰ ਕ੍ਰਿਸ਼ਚੀਅਨ ਮੈਡੀਕਲ ਕਾਲਜ ਅਤੇ ਹਸਪਤਾਲ ( ਸੀਐਮਸੀਐਚ), ਲੁਧਿਆਣਾ ਵਿਖੇ ਗਲੋਬਲ ਸਰਜਰੀ ਇੰਡੀਆ ਹੱਬ ਦੁਆਰਾ ਆਯੋਜਿਤ ਸਾਲਾਨਾ ਅੰਤਰਰਾਸ਼ਟਰੀ ਮੀਟਿੰਗ ਵਿੱਚ ਹਿੱਸਾ ਲਿਆ।

ਇਸ ਮੀਟਿੰਗ ਵਿੱਚ, ਡਾਕਟਰਾਂ ਨੇ ਭਾਰਤੀ ਸਿਹਤ ਸੰਭਾਲ ਪ੍ਰਣਾਲੀ ਬਾਰੇ ਫੀਡਬੈਕ ਦਿੱਤਾ ਅਤੇ ਸੁਝਾਅ ਦਿੱਤਾ ਕਿ ਗਲੋਬਲ ਸਰਜਰੀ ਇੰਡੀਆ ਹੱਬ ਭਾਰਤ ਦੇ ਨਾਲ-ਨਾਲ ਦੁਨੀਆ ਭਰ ਦੇ ਲੋਕਾਂ ਲਈ ਕੈਂਸਰ ਦੇਖਭਾਲ ਵਿੱਚ ਸਰਜੀਕਲ ਨਤੀਜਿਆਂ ਨੂੰ ਬਿਹਤਰ ਬਣਾਉਣ ਲਈ ਨੀਤੀ ਅਤੇ ਲਾਗੂ ਕਰਨ ਲਈ ਆਪਣੇ ਕੰਮ ਦਾ ਅਨੁਵਾਦ ਕਰਨ ਲਈ ਕਿਵੇਂ ਕੰਮ ਕਰ ਸਕਦਾ ਹੈ।

ਅਰੋੜਾ ਨੇ ਆਪਣੇ ਸੰਬੋਧਨ ਵਿੱਚ ਦੇਸ਼ ਵਿੱਚ ਸਰਜਰੀ ਨੂੰ ਮਰੀਜ਼ਾਂ ਲਈ ਕਿਫਾਇਤੀ ਬਣਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਇਹ ਵੀ ਕਿਹਾ ਕਿ ਬੇਸ਼ੱਕ ਇੱਕ ਮਹਿੰਗੀ ਸਰਜਰੀ ਮਰੀਜ਼ ਦੀ ਜਾਨ ਬਚਾ ਸਕਦੀ ਹੈ ਪਰ ਨਾਲ ਹੀ ਇਹ ਮਰੀਜ਼ 'ਤੇ ਵੱਡਾ ਕਰਜ਼ਾ ਵੀ ਲਿਆਉਂਦੀ ਹੈ।

ਅਰੋੜਾ ਨੇ ਉਸ ਖੋਜ ਦੀ ਵੀ ਸ਼ਲਾਘਾ ਕੀਤੀ ਜੋ ਮਰੀਜ਼ਾਂ 'ਤੇ ਹੋਰ ਆਰਥਿਕ ਬੋਝ ਘਟਾਉਣ ਲਈ ਮਹਿੰਗੀਆਂ ਦਵਾਈਆਂ ਤੋਂ ਬਚਾਉਂਦੀ ਹੈ। ਉਨ੍ਹਾਂ ਕਿਹਾ ਕਿ ਇਕ ਹੋਰ ਪਹਿਲੂ 'ਤੇ ਵੀ ਕੰਮ ਕਰਨ ਦੀ ਲੋੜ ਹੈ ਕਿ ਸਰਜਰੀ ਸਿਰਫ ਉਨ੍ਹਾਂ ਮਾਮਲਿਆਂ ਵਿਚ ਹੀ ਕੀਤੀ ਜਾਣੀ ਚਾਹੀਦੀ ਹੈ, ਜਿੱਥੇ ਮਰੀਜ਼ ਦੇ ਬਚਣ ਦੀ ਸੰਭਾਵਨਾ ਵੱਧ ਹੁੰਦੀ ਹੈ।

ਉਨ੍ਹਾਂ ਕਿਹਾ ਕਿ ਸਾਡੇ ਦੇਸ਼ ਵਿੱਚ ਸਸਤੀਆਂ ਸਰਜਰੀਆਂ ਬਹੁਤ ਜ਼ਰੂਰੀ ਹਨ। ਉਨ੍ਹਾਂ ਕਿਹਾ ਕਿ ਸਰਜਰੀ ਦੇ ਸਮੇਂ ਇੱਕ ਸਰਜਨ ਨੂੰ ਬਹੁਤ ਸਾਵਧਾਨ ਅਤੇ ਸੁਚੇਤ ਰਹਿਣਾ ਚਾਹੀਦਾ ਹੈ ਅਤੇ ਜੇਕਰ ਉਹ ਆਪਣੇ ਆਪ ਨੂੰ ਮਨ ਦੀ ਸਥਿਤੀ ਵਿੱਚ ਨਾ ਪਵੇ ਤਾਂ ਇਸ ਨੂੰ ਮੁਲਤਵੀ ਕਰਨਾ ਜਾਂ ਅੱਗੇ ਲਈ ਟਾਲ ਦੇਣਾ ਬਿਹਤਰ ਹੈ। ਉਨ੍ਹਾਂ ਸੁਝਾਅ ਦਿੱਤਾ ਕਿ ਇਸ ਮਾਮਲੇ 'ਤੇ ਵੀ ਡੂੰਘਾਈ ਨਾਲ ਖੋਜ ਕੀਤੇ ਜਾਣ ਦੀ ਲੋੜ ਹੈ।

ਉਨ੍ਹਾਂ ਕਿਹਾ ਕਿ ਮੀਟਿੰਗ ਵਿਚ ਦੱਸਿਆ ਗਿਆ ਸੀ ਕਿ ਗਲੋਬਲ ਸਰਜਰੀ 'ਤੇ ਲੈਂਸੇਟ ਕਮਿਸ਼ਨ ਨੇ ਪ੍ਰਕਾਸ਼ਿਤ ਕੀਤਾ ਹੈ ਕਿ ਦੁਨੀਆ ਭਰ ਵਿੱਚ 5 ਬਿਲੀਅਨ ਤੋਂ ਵੱਧ ਲੋਕ ਘੱਟ ਅਤੇ ਮੱਧ-ਆਮਦਨ ਵਾਲੇ ਦੇਸ਼ਾਂ (ਐਲਐਮਆਈਸੀਜ਼) ਵਿੱਚ ਸੁਰੱਖਿਅਤ ਅਤੇ ਕਿਫਾਇਤੀ ਸਰਜੀਕਲ ਦੇਖਭਾਲ ਦੀ ਘਾਟ ਰੱਖਦੇ ਹਨ; ਇਹ 10 ਵਿੱਚੋਂ 9 ਲੋਕ ਹਨ।

ਅਰੋੜਾ ਨੇ ਗਲੋਬਲ ਸਰਜਰੀ ਇੰਡੀਆ ਹੱਬ ਦੇ ਨੇਤਾਵਾਂ ਨੂੰ ਕਿਹਾ ਕਿ ਉਹ ਉਨ੍ਹਾਂ ਨੂੰ ਇੱਕ ਖੋਜ-ਅਧਾਰਤ ਦਸਤਾਵੇਜ਼ ਮੁਹੱਈਆ ਕਰਾਉਣ ਜੋ ਜ਼ਰੂਰੀ ਨੀਤੀਗਤ ਤਬਦੀਲੀਆਂ ਲਿਆਉਣ ਲਈ ਸਰਕਾਰ ਅੱਗੇ ਰੱਖਿਆ ਜਾ ਸਕੇ।



ਦਸਤਾਵੇਜ਼ ਵਿੱਚ ਉਹ ਸਾਰੇ ਵੇਰਵੇ ਹੋਣੇ ਚਾਹੀਦੇ ਹਨ ਜੋ ਗਲੋਬਲ ਸਰਜਰੀ ਇੰਡੀਆ ਹੱਬ ਸਰਕਾਰ ਦੀ ਨੀਤੀ ਵਿੱਚ ਤਬਦੀਲੀਆਂ ਦੀ ਭਾਲ ਕਰ ਰਿਹਾ ਹੈ, ਉਸਨੇ ਕਿਹਾ ਕਿ ਸਰਕਾਰ ਕੋਈ ਵੀ ਕਾਰਵਾਈ ਤਾਂ ਹੀ ਸ਼ੁਰੂ ਕਰ ਸਕਦੀ ਹੈ ਜੇਕਰ ਇਹ ਲਿਖਤੀ ਰੂਪ ਵਿੱਚ ਪ੍ਰਦਾਨ ਕੀਤੀ ਜਾਂਦੀ ਹੈ।

ਮਾਹਰਾਂ ਦੇ ਅਨੁਸਾਰ, ਸੁਰੱਖਿਅਤ ਸਰਜਰੀ ਤੱਕ ਪਹੁੰਚ ਸਿਹਤ ਪ੍ਰਣਾਲੀਆਂ ਦਾ ਇੱਕ ਜ਼ਰੂਰੀ ਹਿੱਸਾ ਹੈ ਪਰ ਆਮ ਤੌਰ 'ਤੇ ਇਸ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਦੁਨੀਆ ਭਰ ਵਿੱਚ ਸਰਜੀਕਲ ਦੇਖਭਾਲ ਦੀ ਇੱਕ ਬਹੁਤ ਵੱਡੀ ਅਧੂਰੀ ਲੋੜ ਹੈ, ਜਿਸ ਵਿੱਚ ਸਰਜੀਕਲ ਸਥਿਤੀਆਂ ਅਤੇ ਇਲਾਜ ਮਾੜੇ ਉਪਲਬਧ ਹਨ। ਕੋਵਿਡ-19 ਮਹਾਂਮਾਰੀ ਨੇ ਜ਼ਰੂਰੀ ਸਰਜਰੀਆਂ ਦੀ ਪਹੁੰਚ ਅਤੇ ਵਿਵਸਥਾ ਨਾਲ ਜੁੜੀਆਂ ਚੁਣੌਤੀਆਂ ਨੂੰ ਹੋਰ ਵਧਾ ਦਿੱਤਾ ਹੈ। ਜਿੱਥੇ ਸਰਜਰੀ ਉਪਲਬਧ ਹੈ, ਉੱਚ-ਆਮਦਨ ਵਾਲੇ ਦੇਸ਼ਾਂ ਨਾਲੋਂ ਐਲਐਮਆਈਸੀਜ਼ ਵਿੱਚ ਮਰੀਜ਼ਾਂ ਦੀ ਸਰਜਰੀ ਤੋਂ ਬਾਅਦ ਮੌਤ ਹੋਣ ਦੀ ਸੰਭਾਵਨਾ ਤਿੰਨ ਗੁਣਾ ਵੱਧ ਹੈ।

ਮੀਟਿੰਗ ਨੂੰ ਦੱਸਿਆ ਗਿਆ ਕਿ 10 ਦੇਸ਼ਾਂ ਦੇ ਸਰਜਨ ਵਿਗਿਆਨੀਆਂ ਅਤੇ ਖੋਜਕਰਤਾਵਾਂ ਨੇ ਗਲੋਬਲ ਦੱਖਣ ਵਿੱਚ ਸਰਜੀਕਲ ਮਰੀਜ਼ਾਂ ਲਈ ਨਤੀਜਿਆਂ ਨੂੰ ਬਿਹਤਰ ਬਣਾਉਣ ਲਈ ਹੱਥ ਮਿਲਾਇਆ ਹੈ, ਇਸ ਸਹਿਯੋਗ ਵਿੱਚ ਬਿਹਤਰ ਸਰਜੀਕਲ ਦੇਖਭਾਲ ਦੁਆਰਾ ਲੱਖਾਂ ਜਾਨਾਂ ਬਚਾਉਣ ਦੀ ਸਮਰੱਥਾ ਹੈ।

ਕ੍ਰਿਸ਼ਚੀਅਨ ਮੈਡੀਕਲ ਕਾਲਜ ਅਤੇ ਹਸਪਤਾਲ (ਸੀਐਮਸੀਐਚ) ਲੁਧਿਆਣਾ ਨੇ ਨੈਸ਼ਨਲ ਇੰਸਟੀਚਿਊਟ ਆਫ਼ ਹੈਲਥ ਐਂਡ ਰਿਸਰਚ (ਐਨਆਈਐਚਆਰ ) ਅਤੇ ਯੂਕੇ ਵਿੱਚ ਬਰਮਿੰਘਮ ਯੂਨੀਵਰਸਿਟੀ ਦੇ ਸਹਿਯੋਗ ਨਾਲ 2019 ਵਿੱਚ ਸੀਐਮਸੀ ਲੁਧਿਆਣਾ ਵਿੱਚ ਗਲੋਬਲ ਸਰਜਰੀ 'ਤੇ ਸਰਜੀਕਲ ਰਿਸਰਚ ਹੱਬ ਦੀ ਸਥਾਪਨਾ ਕੀਤੀ, ਜੋ ਡਾਟਾ-ਆਧਾਰਿਤ ਸਰਜੀਕਲ ਦੇਖਭਾਲ ਅਤੇ ਨਤੀਜਿਆਂ ਦੇ ਨਾਲ ਕੈਂਸਰ ਦੀ ਦੇਖਭਾਲ ਵਿੱਚ ਸੁਧਾਰ ਦੀ ਦਿਸ਼ਾ ਵਿਚ ਭਾਰਤ ਖਾਸ ਕਰਕੇ ਪੰਜਾਬ ਰਾਜ ਵਿੱਚ ਕੰਮ ਕਰ ਰਿਹਾ ਹੈ।

ਕੋਵਿਡ-19 ਮਹਾਂਮਾਰੀ ਦੇ ਖ਼ਤਮ ਹੋਣ ਦੇ ਨਾਲ, ਇਸ ਸਾਲ ਗਲੋਬਲ ਸਰਜਰੀ ਇੰਡੀਆ ਹੱਬ ਨੇ ਕੰਮ ਦੇ ਨਤੀਜਿਆਂ 'ਤੇ ਚਰਚਾ ਕਰਨ ਅਤੇ ਕੈਂਸਰ ਖੋਜ ਦੇ ਖੇਤਰਾਂ ਨੂੰ ਤਰਜੀਹ ਦੇਣ ਲਈ ਅੱਜ ਲੁਧਿਆਣਾ ਵਿੱਚ ਆਪਣੀ ਸਾਲਾਨਾ ਮੀਟਿੰਗ ਕੀਤੀ, ਜਿਨ੍ਹਾਂ ਨੂੰ ਵਧੇਰੇ ਧਿਆਨ ਦੇਣ ਦੀ ਲੋੜ ਹੈ।

ਅਰੋੜਾ ਨੇ ਡਾ: ਫਿਲਿਪ ਅਲੈਗਜ਼ੈਂਡਰ ਵੱਲੋਂ ਹਿਮਾਚਲ ਪ੍ਰਦੇਸ਼ ਵਿੱਚ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ।

ਮੀਟਿੰਗ ਵਿੱਚ ਕੈਰੋਲਿਨ ਰੋਵੇਟ, ਡਿਪਟੀ ਬ੍ਰਿਟਿਸ਼ ਹਾਈ ਕਮਿਸ਼ਨਰ ਯੂ.ਕੇ., ਪ੍ਰੋਫੈਸਰ ਡੀਓਨ ਮੋਰਟਨ - ਕੋ-ਡਾਇਰੈਕਟਰ ਗਲੋਬਲ ਸਰਜ ਯੂਨਿਟ, ਯੂਨੀਵਰਸਿਟੀ ਆਫ ਬਰਮਿੰਘਮ, ਪ੍ਰੋਫੈਸਰ ਈਵੇਨ ਹੈਰੀਸਨ - ਐਚਓਡੀ ਸਰਜਰੀ - ਯੂਨੀਵਰਸਿਟੀ ਆਫ ਐਡਿਨਬਰਗ, ਪ੍ਰੋਫੈਸਰ ਧਰੁਵ ਘੋਸ਼ - ਹੱਬ ਡਾਇਰੈਕਟਰ - ਇੰਡੀਆ, ਪ੍ਰੋ. ਪਰਵੇਜ਼ ਹੱਕ - ਡਿਪਟੀ ਹੱਬ ਡਾਇਰੈਕਟਰ - ਜੀਐਸਯੂ ਇੰਡੀਆ ਹੱਬ, ਡਾ: ਅਮਿਤ ਗੁਲ-ਰੇਜ਼ - ਮੈਡੀਕਲ ਸੁਪਰਡੈਂਟ, ਡਾ ਫਿਲਿਪ ਅਲੈਗਜ਼ੈਂਡਰ - ਐਲਡਬਲਯੂਐਚ ਮਨਾਲੀ, ਡਾ ਨਿਤਿਨ ਬੱਤਰਾ - ਡਿਪਟੀ ਡਾਇਰੈਕਟਰ - ਸੀਐਮਸੀ ਲੁਧਿਆਣਾ, ਨੀਰਜ ਸਤੀਜਾ ਕਨਵੀਨਰ ਸੀਆਈਆਈ ਪੰਜਾਬ-ਸੀਐਸਆਰ ਅਤੇ ਸੀਨੀਅਰ ਵਾਈਸ ਪ੍ਰੈਸੀਡੈਂਟ - ਪੁਲਿਸ ਪਬਲਿਕ ਫਾਊਂਡੇਸ਼ਨ ਅਤੇ ਅਸਪ੍ਰੀਤ ਸਾਹਨੀ - ਪਾਸਟ ਚੇਅਰਮੈਨ - ਸੀ.ਆਈ.ਆਈ. ਲੁਧਿਆਣਾ ਨੇ ਸ਼ਿਰਕਤ ਕੀਤੀ।

# ਆਸਾਮ ਵਿਚ ਬ੍ਰਹਮਪੁੱਤਰ ਨਦੀ ਵਿਚ ਕਿਸ਼ਤੀ ਪਲਟੀ, ਕਈ ਲੋਕ ਲਾਪਤਾ

ਧੂਬਰੀ, 29 ਸਤੰਬਰ (ਪੋਸਟ ਬਿਊਰੋ): ਅਸਾਮ ਦੇ ਧੂਬਰੀ ਜ਼ਿਲ੍ਹੇ ਵਿੱਚ ਵੀਰਵਾਰ ਨੂੰ ਇੱਕ ਦੇਸ਼ ਦੀ ਕਿਸ਼ਤੀ ਪਲਟ ਗਈ। ਅਧਿਕਾਰੀਆਂ ਨੇ ਦੱਸਿਆ ਕਿ ਕਿਸ਼ਤੀ ਬ੍ਰਹਮਪੁੱਤਰ ਨਦੀ ਵਿਚ ਜਾ ਰਹੀ ਸੀ। ਅਧਿਕਾਰੀਆਂ ਮੁਤਾਬਕ ਸਥਾਨਕ ਲੋਕਾਂ ਦਾ ਦਾਅਵਾ ਹੈ ਕਿ ਕਿਸ਼ਤੀ 'ਚ ਲੱਗਭਗ 100 ਯਾਤਰੀ ਸਵਾਰ ਸਨ ਅਤੇ ਉਸ 'ਤੇ 10 ਮੋਟਰਸਾਈਕਲਾਂ ਲੱਦੀਆਂ ਗਈਆਂ ਸਨ।

ਕਿਸ਼ਤੀ ਪਲਟਣ ਤੋਂ ਬਾਅਦ ਇਸ 'ਤੇ ਸਵਾਰ ਕਈ ਲੋਕ ਲਾਪਤਾ ਹਨ। ਅਸਾਮ ਰਾਜ ਆਫ਼ਤ ਪ੍ਰਬੰਧਨ ਅਥਾਰਟੀ (ਏਐਸਡੀਐਮਏ) ਦੇ ਮੁੱਖ ਕਾਰਜਕਾਰੀ ਅਧਿਕਾਰੀ ਗਿਆਨੇਂਦਰ ਦੇਵ ਤ੍ਰਿਪਾਠੀ ਨੇ ਕਿਹਾ ਕਿ ਖੋਜ ਅਤੇ ਬਚਾਅ ਟੀਮਾਂ ਮੌਕੇ 'ਤੇ ਪਹੁੰਚ ਗਈਆਂ ਹਨ। ਬਚਾਅ ਕਾਰਜ ਸ਼ੁਰੂ ਕਰ ਦਿੱਤਾ ਗਿਆ ਹੈ। ਓਧਰ ਧੁਰਬੀ ਹਲਕੇ ਦੇ ਅਧਿਕਾਰੀ ਸੰਜੂ ਦਾਸ ਅਤੇ ਇਕ ਜ਼ਮੀਨ ਦਸਤਾਵੇਜ਼ ਅਧਿਕਾਰੀ ਤੇ ਇਕ ਦਫ਼ਤਰ ਕਰਮਚਾਰੀ ਵੀ ਕਿਸ਼ਤੀ 'ਤੇ ਸਵਾਰ ਸਨ। ਉਹ ਕਿਸੇ ਇਲਾਕੇ 'ਚ ਸਰਵੇਖਣ ਲਈ ਜਾ ਰਹੇ ਸਨ। ਦਾਸ ਦਾ ਪਤਾ ਨਹੀਂ ਲੱਗ ਸਕਿਆ ਹੈ, ਜਦਕਿ ਹੋਰ ਦੋ ਵਿਅਕਤੀ ਤੈਰ ਕੇ ਸੁਰੱਖਿਅਤ ਬਾਹਰ ਆ ਗਏ। ਸਥਾਨਕ ਲੋਕਾਂ ਨੇ ਆਪਣੀ ਕਿਸ਼ਤੀ ਨਾਲ ਬਚਾਅ ਮੁਹਿੰਮ ਚਲਾਈ। ਗੁਹਾਟੀ ਦੇ ਹੋਰ ਅਧਿਕਾਰੀਆਂ ਮੁਤਾਬਕ ਸੂਬਾ ਆਫ਼ਤ ਮੋਚਨ ਬਲ ਦੇ ਤੈਰਾਕਾਂ ਦੀ ਵੀ ਮਦਦ ਲਈ ਜਾ ਰਹੀ ਹੈ।

ਆਸਾਮ ਦੇ ਧੂਬਰੀ ਜ਼ਿਲ੍ਹੇ ਵਿਚ ਵੀਰਵਾਰ ਨੂੰ ਬ੍ਰਹਮਪੁੱਤਰ ਨਦੀ ਵਿਚ ਇਕ ਕਿਸ਼ਤੀ ਪਲਟ ਗਈ, ਜਿਸ ਤੋਂ ਬਾਅਦ ਉਸ 'ਚ ਸਵਾਰ ਇਕ ਸਰਕਾਰੀ ਅਧਿਕਾਰੀ ਅਤੇ ਸਕੂਲੀ ਵਿਦਿਆਰਥੀਆਂ ਸਮੇਤ ਕਈ ਹੋਰ ਲੋਕ ਲਾਪਤਾ ਹਨ। ਇਕ ਅਧਿਕਾਰੀ ਨੇ ਦੱਸਿਆ ਕਿ ਕਿਸ਼ਤੀ ਭਾਸ਼ਾਨੀ ਜਾ ਰਹੀ ਸੀ ਅਤੇ ਉਹ ਧੂਬਰੀ ਜ਼ਿਲ੍ਹੇ ਤੋਂ ਲੱਗਭਗ 3 ਕਿਲੋਮੀਟਰ ਦੂਰ ਅਡਬਰੀ 'ਚ ਇਕ ਪੁਲ ਦੇ ਖੰਭੇ ਨਾਲ ਜਾ ਟਕਰਾਈ ਅਤੇ ਪਲਟ ਗਈ। ਅਧਿਕਾਰੀ ਨੇ ਕਿਹਾ ਕਿ ਹੁਣ ਤੱਕ 15 ਲੋਕਾਂ ਨੂੰ ਬਚਾਇਆ ਜਾ ਸਕਿਆ ਹੈ। ਕਿਸ਼ਤੀ 'ਤੇ ਕਈ ਸਕੂਲੀ ਬੱਚੇ ਵੀ ਸਵਾਰ ਸਨ ਅਤੇ ਹੁਣ ਤੱਕ ਕਿਸੇ ਦਾ ਪਤਾ ਨਹੀਂ ਲੱਗ ਸਕਿਆ ਹੈ।


# ਬਰੈਂਪਟਨ ਸਿਟੀ ਦੀਆਂ ਚੋਣਾਂ ਅਤੇ ਸੀਨੀਅਰਜ਼ ਕਲੱਬਾਂ

ਲੋਕ ਰਾਜੀ ਸਿਸਟਮ ਦੇ ਅੰਦਰ ਲੋਕਾਂ ਨੂੰ ਸਥਾਨਿਕ ਪੱਧਰ ਤੇ ਆਪਣੇ ਨੁੰਮ-ਾਇੰਦੇ ਚੁਣ ਸਕਣ ਦੀ ਵਿਵਸਥਾ ਹੈ ਜੋ ਸ਼ਹਿਰ, ਕਸਬਾ ਜਾਂ ਪਿੰਡ ਪੱਧਰ ਦੀ ਸਭਾ ਲਈ ਲੋਕ ਆਪਣੇ ਨੁਮਾਇੰਦੇ ਚੁਣ ਕੇ ਸ਼ਹਿਰ, ਕਸਬੇ ਜਾਂ ਪਿੰਡ ਦੀ ਬਿਹਤਰੀ ਕਰਨ ਲਈ ਅਧਿਕਾਰ ਦੇ ਦੇਣ। ਸਮਝਿਆ ਜਾਂਦਾ ਹੈ ਕਿ ਸਥਾਨਿਕ ਲੋਕ ਹੀ ਸਥਾਨਿਕ ਲੋੜਾਂ ਲਈ ਬਿਰਤਰ ਸਮਝ ਸਕਦੇ ਹਨ ਅਤੇ ਲੋਕਾਂ ਨਾਲ ਰਾਇ ਮਸ਼ਵਰਾ ਕਰਨਾ ਸੁਖਾਲਾ ਹੋ ਸਕਦਾ ਹੈ। ਜਿਸ ਥਾਂ ਤੇ ਲੋਕਾਂ ਆਪਣੇ ਨੁਮਾਇੰਦੇ ਸੋਚ ਸਮਝ ਕੇ ਯੋਗ ਚੁਣ ਲੈਂਦੇ ਹਨ। ਉਹ ਮਿਲ ਬੈਠ ਕੇ ਉਸ ਸ਼ਹਿਰ ,ਕਸਬੇ ਜਾਂ ਪਿੰਡ ਦੀ ਕਾਇਆ ਹੀ ਬਦਲ ਦਿੰਦੇ ਹਨ। ਜੇ ਲੋਕ ਕਿਸੇ ਸਮਝ ਤੋਂ ਊਣੇ ਹੋ ਕੇ ਲਾਲਚ, ਭਾਈਚਾਰਾ ਜਾਂ ਲਿਹਾਜਦਾਰੀ ਨਾਲ ਅਯੋਗ ਨਮਾਇੰਦੇ ਚੁਣ ਲੈਂਦੇ ਹਨ ਤਾ ਸਮਝੋ ਪੰਜ ਜਾਂ ਚਾਰ ਸਾਲ ਲਈ ਤਰੱਕੀ ਦਾ ਪੁੱਠਾ ਗੇੜਾ ਲੱਗ ਜਾਂਦਾ ਹੈ । ਕੁੱਝ ਕੁ ਲਾਲਚੀ ਲਿਹਾਜਦਾਰੀ ਵਾਲੇ ਲੋਕਾਂ ਦੇ ਨਿਗੂਣੇ ਜਿਹੇ ਲਾਲਚ ਕਾਰਨ ਸਮੁਚਾ ਸ਼ਹਿਰ ,ਕਸਬਾ ਜਾਂ ਪਿੰਡ ਕਸ਼ਟ ਭੋਗਦਾ ਹੈ। ਉਹਨਾਂ ਕਾਰਨ ਬੱਚਿਆਂ ਦਾ ਭਵਿਖ ਦਾਅ ਤੇ ਲੱਗ ਜਾਂਦਾ ਹੈ।

ਬਰੈਂਪਟਨ ਸ਼ਹਿਰ ਦੀਆਂ ਮੇਅਰ, ਰਿਜਨਲ ਕੌਂਸਲਰ, ਕੌਂਸਲਰ ਅਤੇ ਸਕੂਲ ਟਰੱਸਟੀ ਦੀਆਂ ਚੋਣਾ ਹੋਣ ਜਾ ਰਹੀਆਂ ਹਨ ਜਿੰਨਾਂ ਲਈ ਅਖਰੀ ਵੋਟਾਂ ਚੌਵੀ ਅਕਤੂਬਰ ਨੂੰ ਪੈਣੀਆਂ ਹਨ। ਹਰ ਉਮੀਦਵਾਰ ਨੇ ਲੋਕਾਂ ਵਿੱਚ ਜਾ ਕੇ ਆਪਣੇ ਲਈ ਪਰਚਾਰ ਕਰਨਾ ਹੈ ਦਸਣਾ ਹੈ ਕਿ ਕਿਸ ਤਰ੍ਹਾਂ ਉਹ ਤੁਹਾਡੀ ਵੋਟ ਦਾ ਹੱਕਦਾਰ ਹੈ। ਹਰ ਇਕ ਉਮੀਦਵਾਰ ਲੋਕਾਂ ਕੋਲ ਆਪਣੀ ਪਹੁੰਚ ਕਰਨੀ

ਹਰਚੰਦ ਸਿੰਘ ਬਾਸੀ

ਹੈ। ਕਈ ਉਮੀਦਵਾਰਾਂ ਵਿੱਚੋਂ ਹਰ ਇੱਕ ਵੋਟਰ ਨੇ ਆਪਣੀ ਮਰਜੀ ਨਾਲ ਆਪਣੀ ਪਸੰਦ ਦਾ ਉਮੀਦਵਾਰ ਚੁਣਨ ਲਈ ਮੱਤ ਜਾਹਰ ਕਰਨਾ ਹੈ। ਇਸ ਲਈ ਵੋਟਰ ਦਾ ਹਰ ਉਮੀਦਵਾਰ ਨੂੰ ਸੁਨਣਾ ਜਰੂਰੀ ਹੈ। ਸ਼ਾਇਦ ਜਿਸ ਉਮੀਦਵਾਰ ਬਾਰੇ ਉਹ ਕਿਸੇ ਤੋਂ ਸੁਣ ਸੁਣਾ ਕੇ ਵਿਰੋਧ ਦਾ ਮਨ ਬਣਾਈ ਬੈਠਾ ਹੋਵੇ ਤੇ ਨਿਜੀ ਤੌਰ ਤੇ ਸੁਣ ਕੇ ਵੇਖ ਕੇ ਉਸ ਦਾ ਮਨ ਉਸੇ ਨੂੰ ਵੋਟ ਦੇਣ ਤੇ ਆ ਜਾਏ ਅਤੇ ਉਹ ਲਾਭਕਾਰੀ ਹੋਵੇ। ਇਸ ਲਈ ਜੇ ਵੋਟਰ ਦਾ ਵੋਟ ਦੇਣ ਦਾ ਅਧਿਕਾਰ ਹੈ ਤਾਂ ਫਰਜ਼ ਵੀ ਹੈ ਕਿ ਠੀਕ ਨਿਰਨਾ ਕਰਨ ਲਈ ਖੁੱਲੇ ਮਨ ਨਾਲ ਸੁਣੇ। ਤਾਂ ਹੀ ਠੀਕ ਫੈਸਲਾ ਕਰ ਸਕਦਾ ਹੈ। ਇਹ ਵੇਖਣਾ ਵੀ ਸਾਡਾ ਸੁਨਿਸਚਤ ਬਣਦਾ ਹੈ ਕਿ ਪਿਛਲੀ ਕੌਂਸਲ ਦੇ ਸਮੇਂ ਵਿੱਚ ਸਿਟੀ ਕੌਂਸਲ



ਦੀ ਕਾਰਗੁਜਾਰੀ ਕਿਹੋ ਜਿਹੀ ਰਹੀ ਹੈ। ਕਿੰਨਾਂ ਮੈਂਬਰਾਂ ਦੇ ਰੀਕਾਰਡ ਮਾੜੇ ਰਹੇ। ਇਹ ਸੁਣੀ ਸੁਣਾਈ ਨਹੀਂ ਲਿਖਤੀ ਰਿਕਾਰਡ ਬੋਲਦੇ ਹਨ ਪਰ ਫਿਰ ਵੀ ਉਹ ਮੈਦਾਨ ਵਿੱਚ ਹਨ। ਪਤਾ ਨਹੀ ਜਾਂ ਤਾਂ ਉਹ ਲੋਕਾਂ ਦੀ ਸਮਝ ਦੀ ਪਰਖ ਕਰਨਾ ਚਾਹੁੰਦੇ ਹਨ ਕਿ ਜੇ ਲੋਕ ਚੁਣ ਲੈਂਦੇ ਹਨ ਤਾ ਲੋਕਾਂ ਦੀ ਸਮਝ ਤੇ ਸਵਾਲ ਉਠਣੇ ਲਾਜ਼ਮੀ ਹੈ। ਜੇ ਲੋਕ ਨਿਕਾਰ ਦਿੰਦੇ ਹਨ ਤਾ ਸਮਝ ਲੈਣਾ ਚਾਹੀਦਾ ਹੈ ਕਿ ਲੋਕ ਸੰਵੇਦਣਸੀਲ ਹਨ। ਆਪਣੀ ਸਮਝ ਨਾਲ ਚੰਗੇ ਮਾੜੇ ਨੂੰ ਸਵੀਕਾਰਦੇ ਅਤੇ ਨਿਕਾਰਦੇ ਹਨ। ਪਿਛਲੇ ਚਾਰ ਸਾਲ ਬਰੈਂਪਟਨ ਨਿਵਾਸੀ ਸਿਟੀ ਅੰਦਰ ਜੋ ਨੂਰਾ ਕੁਸ਼ਤੀ ਹੁੰਦੀ ਰਹੀ ਉਸ ਨੂੰ ਭੁਲ ਜਾਣ ਤਾਂ ਸ਼ੁਭ ਸ਼ਗਣ ਨਹੀਂ।

ਇਸੇ ਤਰ੍ਹਾ ਸਾਡੀਆਂ ਸੀਨੀਅਰਜ਼ ਦੀਆਂ ਕਲੱਬਾਂ ਦੀ ਚੋਣ ਹੁੰਦੀ ਹੈ। ਪਰਧਾਨ ਅਤੇ ਕਾਰਜਕਰਨੀ ਚੁਣੀ ਜਾਂਦੀ ਹੈ। ਲੋਕਾਂ ਨੇ ਆਪਣੀ ਮਰਜ਼ੀ ਨਾਲ ਚੋਣ ਕਿਤੀ ਹੁੰਦੀ ਹੈ। ਜਿਸ ਨੂੰ ਬਹੁਮੱਤ ਨਾਲ ਚੁਣਿਆ ਜਾਦਾ ਹੈ ਉਹ ਨਿਸਚਤ ਕਾਰਜਕਾਲ ਲਈ ਨੁਮਾਇੰਦੀ ਕਰਦਾ ਹੈ। ਚੰਗੇ ਵਿਅੱਕਤੀ ਚੰਗਾ ਪਰਬੰਧ ਕਰਦੇ ਹਨ ਅਤੇ ਉਸਤਤ ਹੁੰਦੀ ਹੈ। ਮਾੜਿਆਂ ਦੇ ਕੰਮ ਦੀ ਕੰਮ ਅਨੁਸਾਰ ਟੀਕਾ ਟਿਪਣੀ ਹੁੰਦੀ ਹੈ। ਪਰ ਇੱਕ ਗੱਲ ਚੇਤੇ ਰੱਖਣੀ ਅਤਿ ਜਰੂਰੀ ਹੈ ਕਿ ਚੁਣੇ ਗਏ ਨੁਮਾਇੰਦੇ ਕਲੱਬ ਦੇ ਮੈਂਬਰਾਂ ਦੇ ਨਿਜੀ ਅਧਿਕਾਰਾਂ ਦਾ ਸੋਸ਼ਣ ਨਹੀਂ ਕਰ ਸਕਦੇ। ਇਹ ਕੋਈ ਰਾਜਨੀਤਕ ਸਭਾਵਾਂ ਨਹੀਂ ਇਹ ਗੈਰ ਰਾਜਨੀਤਿਕ ਨੋ ਪਰੌਫਿਟ ਨੋ ਲੌਸ ਦੀ ਸਭਾਵਾਂ ਹਨ। ਕੋਈ ਪਰਧਾਨ ਸੈਕਟਰੀ ਕਲੱਬ ਦੇ ਬੀਹਾਫ ਤੇ ਨਿਰਨਾ ਨਹੀਂ ਕਰ ਸਕਦਾ ਕਿ ਫਲਾਣੇ ਉਮੀਦਵਾਰ ਨੂੰ ਵੋਟ ਪਾਉ। ਫਲਾਣੇ ਉਮੀਦਵਾਰ ਨੂੰ ਮੰਚ ਤੋਂ ਬੋਲਣ ਦੇਣਾ ਹੈ ਜਾ ਫਲਾਣੇ ਨੂੰ ਨਹੀਂ ਬੋਲਣ ਦੇਣਾ। ਜੇ ਕੋਈ ਇੰਝ ਕਰਦਾ ਹੈ ਜਾਂ ਤਾਂ ਉਹ ਕਲੱਬ ਦੇ ਉਦੇਸ਼ਾਂ ਤੋਂ ਜਾਣੂ ਨਹੀਂ ਜਾਂ ਛੋਟੀ ਜਿਹੀ ਸੰਸਥਾ ਦਾ ਪਰਧਾਨ ਬਣਕੇ ਆਪਣੀ ਊਣੀ ਸਮਝ ਦਾ ਦਿਵਾਲਾ ਕੱਢਦਾ ਹੈ। ਉਸ ਕਲੱਬ ਵਿੱਚ ਹਰ ਵਿਚਾਰ ਦੇ ਮੈਂਬਰ ਹੋ ਸਕਦੇ ਹਨ। ਇਹ ਵੀ ਹੋ ਸਕਦਾ ਪਰਧਾਨ ਦੇ ਵਿਚਾਰਾਂ ਨਾਲ ਰਾਜਨੀਤਕ ਤੌਰ ਤੇ ਬਹੁਤੇ ਜਾਂ ਥੋੜੇ ਸਹਿਮਤ ਨਾ ਹੋਣ। ਉਹ ਆਪਣੀ ਧਾਕੜ ਬਿਰਤੀ ਨਾਲ ਰੋਹਬ ਪਾਉਣਾ ਚਾਹੁੰਦਾ ਹੋਵੇ। ਇਸ ਲਈ ਅਜਿਹੇ ਨੁਮਾਇੰਦੇ ਕਿਤੇ ਵੀ ਹੋਣ ਨਿੰਦੇ ਜਾਣੇ ਚਾਹੀਦੇ ਹਨ। ਅਜਿਹਾ ਕੁੱਝ ਇੱਕ ਕਲੱਬ ਵਿੱਚ ਵਾਪਰਿਆ ਹੈ ਜਿਸ ਨੂੰ ਠੀਕ ਨਹੀਂ ਠਹਿਰਾਇਆ ਜਾ ਸਕਦਾ। ਰਾਜਨੀਤਕ ਤੌਰ ਤੇ ਹਰ ਵਿਅੱਕਤੀ ਨੂੰ ਪਰਧਾਨ ਸਮੇਤ ਅਜ਼ਾਦੀ ਹੈ ਕਿ ਜਿਸ ਉਮੀਦਵਾਰ ਨੂੰ ਚਾਹੁੰਦਾ ਹੈ ਵੋਟ ਪਾਏ।

ਸੀਨੀਅਰਜ਼ ਦੀਆਂ ਕਲੱਬਾਂ ਨੂੰ ਆਪਣੇ ਦਾਇਰੇ ਅੰਦਰ ਰਹਿ ਕੇ ਕੰਮ ਕਰਨਾ ਚਾਹੀਦਾ ਹੈ। ਨਹੀਂ ਤਾਂ ਜਲਦੀ ਆਪਣੇ ਉਦੇਸ਼ ਤੋਂ ਭਟਕ ਕੇ ਆਪਣੀ ਸਾਰਥਿਕਤਾ ਗੁਆ ਲੈਣ ਗੀਆਂ। ਕਿੰਗ ਮੇਕਰ ਬਨਣ ਦੀ ਪਰਵਿਰਤੀ ਨੂੰ ਛੱਡ ਕੇ ਕਲੱਬਾਂ ਦਾ ਕੰਮ ਸੀਨੀਅਰਜ਼ ਲਈ ਕੰਮ ਕਰਨਾ ਹੈ। ਕੁੱਝ ਕਲੱਬਾ ਬਹੁਤ ਅੱਛਾ ਕੰਮ ਕਰਹੀਆਂ ਹਨ। ਸਾਡੇ ਸੱਭਿਆਚਾਰ ਸਾਹਿਤ ਨਾਟ ਕਲਾ ਆਦਿ ਨੂੰ ਸੁਰਿਅਖਤ ਰੱਖਿਆ ਹੈ। ਬਹੁਤ ਕਲੱਬਾ ਵਿੱਚ ਪੜ੍ਹੇ ਲਿਖੇ ਵਿਅੱਕਤੀ ਵੀ ਹਨ ਉਹਨਾਂ ਨੂੰ ਕੋਈ ਵਿਚਾਰ ਗੋਸ਼ਟੀਆਂ ਰੱਖਣੀਆਂ ਚਾਹੀਦੀਆਂ ਹਨ। ਉਹਨਾਂ ਨੂੰ ਕਰਮਸ਼ੀਲ ਯੋਗਤਾ ਵਿਖਾਉਣੀ ਚਾਹੀਦੀ ਹੈ। ਕਿਸ ਤਰ੍ਹਾ ਅਸੀਂ ਇਥੋਂ ਦੇ ਸਿਸਟਮ ਦਾ ਹਿੱਸਾ ਬਣ ਕੇ ਆਪਣੇ ਵਿਚਲੀਆਂ ਕਮੀਆਂ ਨੂੰ ਦੂਰ ਕਰ ਸਕਦੇ ਹਾਂ। ਹਰ ਰੋਜ਼ ਜਾਣੇ ਅਣਜਾਣੇ ਸਾਡੇ ਵਿਵਹਾਰ ਦੀਆਂ ਕਹਾਣੀਆਂ ਸੁਣੀਦੀਆਂ ਹਨ। ਇਸ ਲਈ ਆਪਾ ਪੜਚੋਲ ਕਰਨੀ ਚਾਹੀਦੀ ਹੈ। ਇਕੱਲੇ ਮੇਲੇ ਟੂਰ ਸਮੋਸੇ ਪਕੌੜੇ ਸਾਡਾ ਟੀਚਾ ਨਹੀਂ ਹੋਣਾ ਚਾਹੀਦਾ।

# ਟੀਚਰਾਂ ਅਤੇ ਮਾਪਿਆਂ ਦੀ ਨੇੜਤਾ ਵਧਾਉਣਾ ਸਮੇਂ ਦੀ ਲੋੜ : ਸਤਪਾਲ ਸਿੰਘ ਜੌਹਲ

## 'ਸਾਈਨ ਮੁੱਖ ਸੜਕਾਂ ਦੇ ਆਸ-ਪਾਸ ਹੀ ਲਗਾਏ ਜਾਣਗੇ'




ਬਰੈਂਪਟਨ, 26 ਸਤੰਬਰ (ਹਰਜੀਤ ਸਿੰਘ ਬਾਜਵਾ): ਉਂਟਾਰੀਓ 'ਚ 24 ਅਕਤੂਬਰ ਨੂੰ ਆ ਰਹੀ ਮਿਊਂਸਪਲ ਇਲੈਕਸ਼ਨ ਵਿੱਚ ਬਰੈਂਪਟਨ ਦੇ ਵਾਰਡ 9-10 ਤੋਂ ਸਕੂਲ ਟਰੱਸਟੀ ਉਮੀਦਵਾਰ ਸਤਪਾਲ ਸਿੰਘ ਜੌਹਲ ਨੇ ਕਿਹਾ ਹੈ ਕਿ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਦੇ ਹਿੱਤ ਵਿੱਚ ਇਹ ਜਰੂਰੀ ਹੈ ਕਿ ਵਿਦਿਅਕ ਸਿਸਟਮ ਨਾਲ਼ ਸਬੰਧਿਤ ਅਧਿਆਪਕਾਂ ਅਤੇ ਮਾਪਿਆਂ ਦੀਆਂ ਸਮੱਸਿਆਵਾਂ ਵੱਲ੍ਹ ਦਿੱਤਾ ਜਾਵੇ। ਉਨ੍ਹਾਂ ਆਖਿਆ ਕਿ ਸਕੂਲ ਪੱਧਰ ਤੋਂ ਵਿਦਿਆਰਥੀਆਂ ਦੇ ਚੰਗੇ ਬੌਧਿਕ ਅਤੇ ਸਰੀਰਕ ਵਿਕਾਸ ਲਈ ਅਧਿਆਪਕਾਂ ਅਤੇ ਮਾਪਿਆਂ ਦਾ ਸਹਿਯੋਗ, ਸੰਚਾਰ ਅਤੇ ਨੇੜਤਾ ਵਧਾਉਣਾ ਬੇਹੱਦ ਜਰੂਰੀ ਹੈ। ਚੋਣ ਪ੍ਰਚਾਰ ਦੌਰਾਨ ਹਲਕੇ ਦੇ ਲੋਕਾਂ ਨਾਲ਼ ਮੁਲਾਕਾਤਾਂ ਕਰਦਿਆਂ ਸ. ਜੌਹਲ ਨੇ ਇਹ ਵੀ ਦੱਸਿਆ ਕਿ ਇਕ ਸਮ੍ਰਪਿਤ ਸਕੂਲ ਟਰੱਸਟੀ ਵਲੋਂ ਅਧਿਅਪਕਾਂ ਅਤੇ ਬੱਚਿਆਂ ਦੇ ਮਾਪਿਆਂ ਵਿਚਕਾਰ ਇਕ ਮਜਬੂਤ ਕੜੀ ਵਜੋਂ ਕੀਤਾ ਜਾ ਸਕਦਾ ਹੈ ਜਿਸ ਨਾਲ਼ ਨਿੱਤ ਦਿਨ ਦੀਆਂ ਮੁਸ਼ਕਿਲਾਂ ਘੱਟ ਕੀਤੀਆਂ ਜਾ ਸਕਦੀਆਂ ਹਨ। ਇਸ ਮੌਕੇ 'ਤੇ ਉਂਕਾਰ ਸਿੰਘ ਧੁੱਗਾ, ਜਗੀਰ ਸਿੰਘ ਗੁਰਾਇਆ, ਸੁਖਬੀਰ ਸਿੰਘ 'ਸੁੱਖੀ', ਹਰਜਿੰਦਰ ਸਿੰਘ ਜੌਲੀ, ਧੰਨਰਾਜ ਸਿੰਘ ਚੀਮਾ ਵੀ ਹਾਜਿਰ ਸਨ। ਸ. ਜੌਹਲ ਨੇ ਦੱਸਿਆ ਕਿ ਚੋਣ ਪ੍ਰਚਾਰ ਸਮੇਂ ਦਾ ਹਾਣੀ ਹੋਣਾ ਚਾਹੀਦਾ ਹੈ ਜਿਸ ਕਰਕੇ ਸਮਾਂ ਵਿਹਾਅ ਚੁੱਕੇ ਸਾਈਨ-ਕਲਚਰ ਦੇ ਕੂੜੇ ਨੂੰ ਘੱਟ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਦੱਸਿਆ ਕਿ ਲੋਕਾਂ ਦੇ ਮਨਾਂ ਦੀ ਗੱਲ ਨੂੰ ਸਮਝਦੇ ਹੋਏ (30 ਸਤੰਬਰ ਤੋਂ) ਆਪਣੇ ਚੋਣ-ਸਾਈਨ ਵਾਰਡ 9-10 ਦੀਆਂ ਮੁੱਖ ਸੜਕਾਂ ਦੇ ਪਾਸਿਆਂ ਉਪਰ ਲਗਾਏ ਜਾਣਗੇ। ਉਨ੍ਹਾਂ ਕਿਹਾ ਕਿ ਹਰੇਕ ਸਾਈਨ ਘਰਾਂ ਦੇ ਮਾਲਕਾਂ ਦੀ ਇਜਾਜਤ ਨਾਲ਼ ਲਗਾਇਆ ਜਾਵੇਗਾ। ਇਹ ਵੀ ਕਿ ਛੋਟੀਆਂ ਸਟਰੀਟਾਂ ਉਪਰ ਸਾਈਨਾਂ ਨਹੀਂ ਹੋਣਗੇ ਪਰ ਘਰੋਘਰ ਜਾ ਕੇ ਲੋਕਾਂ ਨੂੰ ਮਿਲਣਾ ਜਾਰੀ ਰੱਖਿਆ ਜਾਵੇਗਾ। ਵਾਰਡ 9 ਅਤੇ 10 ਦੇ ਵਾਸੀਆਂ ਰਾਹੀਂ ਮਿਲ਼ ਰਹੀ ਜਾਣਕਾਰੀ ਅਨੁਸਾਰ ਸਤਪਾਲ ਸਿੰਘ ਜੌਹਲ ਦੇ ਚੋਣ ਪ੍ਰਚਾਰ ਦਾ ਚੰਗਾ ਪ੍ਰਭਾਵ ਹੈ ਅਤੇ ਲੋਕ ਆਪ-ਮੁਹਾਰੇ ਉਨ੍ਹਾਂ ਦਾ ਸਾਥ ਦੇ ਰਹੇ ਹਨ।

# ਸਮਾਜ ਵੱਲੋਂ ਦੁਰਕਾਰੇ ਲਾਵਾਰਸ ਮਰੀਜ਼ਾਂ ਦੀ ਸੰਭਾਲ ਕਰਨ ਵਾਲੇ ਡਾ. ਮਾਂਗਟ ਪਹੁੰਚ ਰਹੇ ਨੇ ਬਰੈਂਪਟਨ

ਜ਼ਿਲ੍ਹਾ ਲੁਧਿਆਣਾ ਦੇ ਪਿੰਡ ਸਰਾਭਾ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ (ਰਜਿ. ਚੈਰੀਟੇਬਲ) ਦੇ ਸੇਵਾਦਾਰ ਡਾ. ਨੌਰੰਗ ਸਿੰਘ ਮਾਂਗਟ ਸੰਗਤਾਂ ਨਾਲ ਆਸ਼ਰਮ ਬਾਰੇ ਵਿਚਾਰ ਸਾਂਝੇ ਕਰਨ ਲਈ 8 ਅਕਤੂਬਰ (ਸਵੇਰ) ਤੋਂ 11 ਅਕਤੂਬਰ (ਦੁਪਹਿਰ) ਤੱਕ ਸਿੰਘ ਸਭਾ ਗੁਰਦੁਵਾਰਾ ਮਾਲਟਨ ਵਿਖੇ ਪਹੁੰਚ ਰਹੇ ਹਨ। ਸਾਬਕਾ ਪ੍ਰੋਫ਼ੈਸਰ ਤੇ ਸਾਇੰਸਦਾਨ ਡਾ. ਮਾਂਗਟ ਨੇ ਪਹਿਲੇ ਚਾਰ ਸਾਲ ਸਾਇਕਲ ਤੇ ਫਿਰਕੇ ਲੁਧਿਆਣਾ ਸ਼ਹਿਰ 'ਚ ਸੜਕਾਂ ਕੰਢੇ ਪਏ ਬਿਮਾਰੀਆਂ ਨਾਲ ਪੀੜਤ ਸੈਂਕੜੇ ਹੀ ਲਾਵਾਰਸਾਂ, ਅਪਾਹਜਾਂ ਤੇ ਗ਼ਰੀਬਾਂ ਦਾ ਮੁਫ਼ਤ ਇਲਾਜ ਕਰਵਾਇਆ। ਫਿਰ ਅਜਿਹੇ ਬੇਸਹਾਰਿਆਂ ਦੇ ਰਹਿਣ ਅਤੇ ਸੇਵਾ-ਸੰਭਾਲ ਵਾਸਤੇ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਦੀ ਤਿੰਨ ਮੰਜਲੀ



ਬਿਲਡਿੰਗ ਤਿਆਰ ਕਰਵਾਈ।

ਡਾ. ਨੌਰੰਗ ਸਿੰਘ ਮਾਂਗਟ ਨੇ ਦੱਸਿਆ ਕਿ ਇਸ ਆਸ਼ਰਮ ਵਿੱਚ ਦੋ ਸੌ (200) ਦੇ ਕਰੀਬ ਲਾਵਾਰਸ, ਬੇਘਰ, ਬੇਸਹਾਰਾ, ਅਪਾਹਜ, ਨੇਤਰਹੀਣ, ਬਿਮਾਰੀਆਂ ਨਾਲ ਪੀੜਤ ਅਤੇ ਦਿਮਾਗੀ ਸੰਤੁਲਨ ਗੁਆ ਚੁੱਕੇ ਮਰੀਜ਼ ਰਹਿੰਦੇ ਹਨ। ਸਵਾ ਸੌ ਦੇ ਕਰੀਬ ਮਰੀਜ਼ ਅਜਿਹੇ ਹਨ ਜਿਹਨਾਂ ਦਾ ਦਿਮਾਗੀ ਸੰਤੁਲਨ ਠੀਕ ਨਹੀਂ ਹੈ। ਇਹਨਾਂ 'ਚੋਂ ਜ਼ਿਆਦਾਤਰ ਮਰੀਜ਼ ਆਪਣਾ ਨਾਉਂ ਤੇ ਪਰਿਵਾਰ ਵਾਰੇ ਦੱਸਣ ਤੋਂ ਵੀ ਅਸਮਰੱਥ ਹਨ। ਅੱਸੀ ਦੇ ਕਰੀਬ ਅਜਿਹੇ ਮਰੀਜ਼ ਹਨ ਜਿਹੜੇ ਆਪਣੀ ਕਿਰਿਆ ਆਪ ਨਹੀਂ ਸੋਧ ਸਕਦੇ ਅਤੇ ਮਲ-ਮੂਤਰ ਵੀ ਕੱਪੜਿਆਂ 'ਚ ਹੀ ਕਰਦੇ ਹਨ। ਇਹਨਾਂ ਸਾਰੇ ਲੋੜਵੰਦਾਂ ਨੂੰ ਮੰਜਾ-ਬਿਸਤਰਾ, ਮੈਡੀਕਲ ਸਹਾਇਤਾ, ਗੁਰੂ ਦਾ ਲੰਗਰ, ਕੱਪੜੇ ਆਦਿ ਹਰ ਵਸਤੂ ਮੁਫ਼ਤ ਮਿਲਦੀ ਹੈ। ਕੋਈ ਵੀ ਫ਼ੀਸ ਜਾਂ ਖ਼ਰਚਾ ਨਹੀਂ ਲਿਆ ਜਾਂਦਾ। ਆਸ਼ਰਮ ਦਾ ਪ੍ਰਬੰਧ ਸੰਗਤਾਂ ਦੇ ਸਹਿਯੋਗ ਨਾਲ ਹੀ ਚੱਲਦਾ ਹੈ। ਡਾ. ਮਾਂਗਟ ਦਾ ਸੰਪਰਕ: ਕੈਨੇਡਾ:403-401-8787; ਇੰਡੀਆ: 95018-42506

# ਬਰੈਂਪਟਨ ਵੋਮੈਨ ਸੀਨੀਅਰ ਕਲੱਬ ਵੱਲੋਂ ਕੋ ਬਰਗ ਦਾ ਟੂਰ ਲਾਇਆ ਗਿਆ

ਬਰੈਂਪਟਨ, 18 ਸਿਤੰਬਰ ਦਿਨ ਐਤਵਾਰ ਨੂੰ ਬਰੈਂਪਟਨ ਵੋਮੈਨ ਸੀਨੀਅਰ ਕਲੱਬ ਵੱਲੋਂ ਪ੍ਰਧਾਨ ਕੁਲਦੀਪ ਕੌਰ ਗਰੇਵਾਲ ਦੀ ਅਗਵਾਈ ਅਤੇ ਸਿੰਦਰਪਾਲ ਬਰਾੜ ਵਾਈਸ ਪ੍ਰਧਾਨ, ਕੰਵਲਜੀਤ ਕੌਰ ਤਾਤਲਾ ਕੈਸ਼ੀਅਰ, ਇੰਦਰਜੀਤ ਕੌਰ ਢਿੱਲੋਂ,ਅਵਤਾਰ ਕੌਰ ਰਾਏ, ਹਰਦੀਪ ਕੌਰ ਹੈਲਨ ਡਾਈਰੈਕਟਰਾਂ ਦੇ ਸਹਿਯੋਗ ਅਤੇ ਸਾਥ ਨਾਲ ਇੱਕ ਸਫਲ ਟੂਰ ਕੋ ਬਰਗ ਦਾ ਲਾਇਆ ਗਿਆ। ਬੋਲੇ ਸੋ ਨਿਹਾਲ ਦੇ ਜੈਕਾਰੇ ਅਤੇ ਸ਼ਬਦ ਗਾਇਨ ਨਾਲ ਟੂਰ ਨੇ ਚਾਲੇ ਪਾਏ। ਸਫਰ ਦੌਰਾਨ ਵੀ ਬੀਬੀਆਂ ਗਿੱਧਾ ਅਤੇ ਗੀਤਾਂ ਦਾ ਅਨੰਦ ਮਾਣਦੀਆਂ ਰਹੀਆਂ। ਆਲੇ ਦੁਆਲੇ ਦੇ ਕੁਦਰਤੀ ਦ੍ਰਿਸ਼ ਰੂਹ ਖੁਸ਼ ਕਰ ਰਹੇ ਸਨ। ਲਗਭਗ ਡੇੜ੍ਹ ਘੰਟੇ ਵਿੱਚ ਸੁੰਦਰ ਸਥਾਨ ਕੋ ਬਰਗ ਅਪੜ ਗਏ। ਕੋ ਬਰਗ ਸਿਟੀ ਅਤੇ ਬੀਚ ਧਰਤੀ ਉੱਪਰ ਸਵਰਗ ਦਾ ਨਜਾਰਾ ਪੇਸ਼ ਕਰ ਰਹੇ ਸਨ। ਇੱਕ ਖੁਲ੍ਹੇ ਡੁਲ੍ਹੇ ਅਤੇ ਸਾਫ ਸੁਥਰੇ ਸ਼ੈਡ ਵਿਚ ਬੀਬੀਆਂ ਰਲ ਮਿਲ ਇੱਕ ਦੂਜੇ ਨਾਲ ਸ਼ੇਅਰ ਕਰ ਲੰਚ ਦਾ ਸੁਆਦ ਮਾਣਿਆ। ਇਸ ਉਪਰੰਤ ਘੁੰਮ ਫਿਰ ਆਸ ਪਾਸ ਦੇ ਕੁਦਰਤੀ ਨਜਾਰਿਆਂ ਦਾ ਲੁਤਫ ਲਿਆ ਗਿਆ। ਇੱਕ ਗਰੁਪ ਫੋਟੋ ਸਹਿਤ ਬੋਟਸ ਵਿਚ ਵੀ ਫੋਟੋ ਲਈਆਂ ਗਈਆਂ। 20 ਕੁ ਮਿੰਟ ਬਾਰਸ਼ ਵੀ ਹੋਈ ਜਿਸ ਵਿਚ ਵੀ ਬੀਬੀਆਂ ਨੱਚ ਗਾ ਖੁਸ਼ੀ ਜਤਾਈ। ਮੌਸਮ ਖੁਸ਼ਗਵਾਰ ਰਿਹਾ। ਵਾਪਸੀ ਦੌਰਾਨ ਟਿਮ ਹੌਰਟਨ 'ਚ ਚਾਹ ਕੌਫੀ ਦਾ ਦੌਰ ਚੱਲਿਆ। ਮੁੜਦੇ ਸਫਰ ਵਿਚ ਵੀ ਨੱਚਣਾ ਗਾਣਾ ਚਲਦਾ ਰਿਹਾ। ਇਸ ਤਰ੍ਹਾਂ ਹਸਦੇ ਖੇਡਦੇ ਲਗਭਗ 6 ਵਜੇ ਘਰੀਂ ਵਾਪਸ ਪਰਤ ਆਏ ਅਤੇ ਇਹ ਖੁਸ਼ੀਆਂ ਭਰਿਆ ਟੂਰ ਕਲੱਬ ਦੀ ਇੱਕ ਅਭੁੱਲ ਯਾਦ ਬਣ ਗਿਆ।



# ਪਰਵਾਸੀ ਪੰਜਾਬੀ ਪੈੱਨਸ਼ਨਰਜ਼ ਐਸੋਸੀਏਸ਼ਨ ਦੀ ਨਵੀਂ ਕਾਰਜਕਾਰਨੀ ਦੀ ਹੋਈ ਪਲੇਠੀ ਮੀਟਿੰਗ

**ਅਹੁਦੇਦਾਰਾਂ ਦੀ ਵਾਕਫ਼ੀਅਤ ਕਰਵਾਈ ਗਈ, ਸਰਗ਼ਰਮੀਆਂ ਬਾਰੇ ਫ਼ੈਸਲਾ ਅਗਲੀ ਮੀਟਿੰਗ 'ਚ**



ਬਰੈਂਪਟਨ, (ਡਾ. ਝੰਡ) -ਪਰਵਾਸੀ ਪੰਜਾਬੀ ਪੈੱਨਸ਼ਨਰਜ਼ ਵੈੱਲਫ਼ੇਅਰ ਐਸੋਸੀਏਸ਼ਨ, ਓਨਟਾਰੀਓ ਦੀ ਨਵੀਂ ਚੁਣੀ ਗਈ ਕਾਰਜਕਾਰਨੀ ਦੀ ਪਲੇਠੀ ਮੀਟਿੰਗ ਐਤਵਾਰ 25 ਸਤੰਬਰ ਨੂੰ ਬਰੈਂਪਟਨ ਵਿਚ ਏਅਰਪੋਰਟ ਰੋਡ ਸਥਿਤ ਟਿਮ ਹੌਲਟਨ ਵਿਖੇ ਹੋਈ। ਐਸੋਸੀਏਸ਼ਨ ਦੇ ਜਨਰਲ ਸਕੱਤਰ ਪ੍ਰੋ. ਜਗੀਰ ਸਿੰਘ ਕਾਹਲੋਂ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਦੱਸਿਆ ਕਿ ਐਸੋਸੀਏਸ਼ਨ ਨਵੀ ਚੁਣੀ ਗਈ ਇਸ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਪ੍ਰਧਾਨ ਬਲਦੇਵ ਸਿੰਘ ਬਰਾੜ ਦੀ ਪ੍ਰਧਾਨਗੀ ਵਿਚ ਹੋਈ ਅਤੇ ਇਸ ਵਿਚ ਸੱਭ ਤੋਂ ਪਹਿਲਾਂ ਉਨ੍ਹਾਂ ਵੱਲੋਂ ਕਾਰਜਕਾਰਨੀ ਦੇ ਨਵੇਂ ਚੁਣੇ ਗਏ ਅਹੁਦੇਦਾਰਾਂ ਦੀ ਵਾਕਫ਼ੀਅਤ ਕਰਵਾਈ ਗਈ ਜੋ ਇਸ ਪ੍ਰਕਾਰ ਹੈ:

ਪ੍ਰਧਾਨ ਇੰਜੀ. ਬਲਦੇਵ ਸਿੰਘ ਬਰਾੜ, ਚੇਅਰਪਰਸਨ ਡਾ. ਪਰਮਜੀਤ ਸਿੰਘ ਢਿੱਲੋਂ, ਜਨਰਲ ਸਕੱਤਰ ਪ੍ਰੋ. ਜਗੀਰ ਸਿੰਘ ਕਾਹਲੋਂ, ਸੀਨੀਅਰ ਮੀਤ-ਪ੍ਰਧਾਨ ਮੁਹਿੰਦਰ ਸਿੰਘ ਮੋਹੀ, ਮੀਤ-ਪ੍ਰਧਾਨ ਇੰਜੀ. ਅੰਮ੍ਰਿਤਪਾਲ ਸਿੰਘ, ਜੂਨੀਅਰ ਮੀਤ-ਪ੍ਰਧਾਨ ਇੰਜੀ. ਸੁਖਦੇਵ ਸਿੰਘ, ਸਕੱਤਰ ਪ੍ਰਿਤਪਾਲ ਸਿੰਘ ਸਚਦੇਵਾ, ਸੰਯੁਕਤ ਸਕੱਤਰ ਸਿਕੰਦਰ ਸਿੰਘ ਝੱਜ, ਵਿੱਤ-ਸਕੱਤਰ ਹਰੀ ਸਿੰਘ, ਸੰਯੁਕਤ ਵਿੱਤ-ਸਕੱਤਰ ਸੁਰਿੰਦਰਜੀਤ ਸਿੰਘ ਬੁੱਟਰ, ਮੀਡੀਆ ਸਕੱਤਰ ਇੰਦਰਦੀਪ ਸਿੰਘ ਅਤੇ ਸਲਾਹਕਾਰ ਮੱਲ ਸਿੰਘ ਬਾਸੀ। ਮੀਡੀਆ ਸਕੱਤਰ ਇੰਦਰਦੀਪ ਸਿੰਘ ਇਨ੍ਹੀ ਦਿਨੀਂ ਭਾਰਤ ਗਏ ਹੋਣ ਕਾਰਨ ਮੀਟਿੰਗ ਵਿਚ ਹਾਜ਼ਰ ਨਹੀਂ ਹੋ ਸਕੇ, ਜਦਕਿ ਬਾਕੀ ਸਾਰੇ ਮੈਂਬਰ ਇਸ ਮੀਟਿੰਗ ਵਿਚ ਹਾਜ਼ਰ ਸਨ।

ਮੀਟਿੰਗ ਵਿਚ ਸਰਬਸੰਮਤੀ ਨਾਲ ਫ਼ੈਸਲਾ ਕੀਤਾ ਗਿਆ ਕਿ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਬੜਿੰਗ ਨੂੰ ਉਨ੍ਹਾਂ ਵੱਲੋਂ ਪਿਛਲੇ ਛੇ ਸਾਲਾਂ ਦੌਰਾਨ ਐਸੋਸੀਏਸ਼ਨ ਪ੍ਰਤੀ ਨਿਭਾਈਆਂ ਗਈਆਂ ਸ਼ਾਨਦਾਰ ਤੇ ਬਹੁਮੁੱਲੀਆਂ ਸੇਵਾਵਾਂ ਦੇ ਇਵਜ਼ ਵਿਚ ਐਸੋਸੀਏਸ਼ਨ ਵੱਲੋਂ ਇਸ ਦੀ ਅਗਲੀ ਮੀਟਿੰਗ ਵਿਚ ਸਨਮਾਨਿਤ ਕੀਤਾ ਜਾਵੇਗਾ। ਇਸ ਦੇ ਨਾਲ ਹੀ ਇਹ ਫ਼ੈਸਲਾ ਵੀ ਹੋਇਆ ਕਿ ਅਗਲੀ ਮੀਟਿੰਗ ਵਿਚ ਐਸੋਸੀਏਸ਼ਨ ਦੀਆਂ ਸੰਬੰਧਿਤ ਅਧਿਕਾਰੀਆਂ ਕੋਲ ਉਠਾਉਣ ਦਾ ਪ੍ਰੋਗਰਾਮ ਉਲੀਕਿਆ ਜਾਏਗਾ। ਇਹ ਮੰਗਾਂ ਮੁੱਖ ਤੌਰ 'ਤੇ ਤਿੰਨ ਤਰ੍ਹਾਂ ਦੀਆਂ ਹੋ ਸਕਦੀਆਂ ਹਨ, ਪੈੱਨਸ਼ਨ ਨਾਲ ਸਬੰਧਿਤ, ਸੀਨੀਅਰਜ਼ ਨਾਲ ਸਬੰਧਿਤ ਅਤੇ ਪਰਵਾਸੀ ਭਾਰਤੀਆਂ ਨਾਲ ਸਬੰਧਿਤ।

ਇੱਥੇ ਇਹ ਦੱਸਣਾ ਬਣਦਾ ਹੈ ਕਿ ਇਸ ਐਸੋਸੀਏਸ਼ਨ ਦੇ ਮੈਂਬਰ ਪੈੱਨਸ਼ਨਰ ਵੀ ਹਨ, ਸੀਨੀਅਰ ਸਿਟੀਜ਼ਨ ਵੀ ਹਨ ਅਤੇ ਉਹ ਪਰਵਾਸੀ ਭਾਰਤੀ ਵੀ ਹਨ। ਇਸ ਲਈ ਐਸੋਸੀਏਸ਼ਨ ਦੇ ਸਮੂਹ ਮੈਂਬਰਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਤਿੰਨਾਂ ਹੀ ਕਿਸਮਾਂ ਦੀਆਂ ਮੰਗਾਂ ਸਬੰਧੀ ਆਪਣੇ ਸੁਝਾਓ ਪੈੱਨਸ਼ਨਰਾਂ ਦੇ ਵੱਟਸਐਪ ਗਰੁੱਪ ਵਿਚ ਜਾਂ ਪ੍ਰਧਾਨ ਤੇ ਜਨਰਲ ਸਕੱਤਰ ਨੂੰ ਲਿਖਤੀ ਰੂਪ ਵਿਚ ਭੇਜ ਸਕਦੇ ਹਨ ਜਾਂ ਇਨ੍ਹਾਂ ਸਬੰਧੀ ਉਨ੍ਹਾਂ ਨਾਲ ਫ਼ੋਨ 'ਤੇ ਜ਼ਬਾਨੀ ਵੀ ਗੱਲ ਕਰ ਸਕਦੇ ਹਨ। ਇਸ ਸਬੰਧੀ ਹੋਰ ਜਾਣਕਾਰੀ ਲਈ ਪ੍ਰਧਾਨ ਇੰਜੀ. ਬਲਦੇਵ ਸਿੰਘ ਬਰਾੜ ਨੂੰ ਉਨ੍ਹਾਂ ਦੇ ਫ਼ੋਨ 437-982-5202 ਜਾਂ ਜਨਰਲ ਸਕੱਤਰ ਪ੍ਰੋ. ਜਗੀਰ ਸਿੰਘ ਕਾਹਲੋਂ ਨੂੰ 647-533-8297 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# 'ਸਾਈਨ-ਮੁਹਿੰਮ' ਵਿਚ ਹੁਨਰ ਕਾਹਲੋਂ ਨੂੰ ਮਿਲ ਰਿਹੈ ਵਧੀਆ ਹੁੰਗਾਰਾ

ਕੈਲਾਡਨ, (ਡਾ. ਝੰਡ) - ਓਨਟਾਰੀਓ ਸੂਬੇ ਵਿਚ ਮਿਊਂਨਿਸਿਪਲ ਚੋਣਾਂ ਦਾ ਬਿਗਲ ਵੱਜ ਚੁੱਕਾ ਹੈ ਅਤੇ 24 ਅਕਤੂਬਰ ਨੰ ਹੋ ਰਹੀਆਂ ਇਨ੍ਹਾਂ ਚੋਣਾਂ ਵਿਚ ਹੁਣ ਮਹੀਨੇ ਕੁ ਦਾ ਸਮਾਂ ਹੀ ਰਹਿ ਗਿਆ ਹੈ। ਇਨ੍ਹਾਂ ਚੋਣਾਂ ਵਿਚ ਭਾਗ ਲੈ ਰਹੇ ਉਮੀਦਵਾਰ ਆਪੋ ਆਪਣੇ ਢੰਗਾਂ/ਤਰੀਕਿਆਂ ਨਾਲ ਵੱਖ-ਵੱਖ ਥਾਵਾਂ 'ਤੇ ਚੋਣ-ਪ੍ਰਚਾਰ ਵਿਚ ਰੁੱਝੇ ਹੋਏ ਹਨ। ਇਸ ਚੋਣ ਪ੍ਰਚਾਰ ਵਿਚ ਘਰਾਂ, ਚੌਕਾਂ ਅਤੇ ਹੋਰ ਅਹਿਮ ਥਾਵਾਂ 'ਤੇ ਆਪਣੇ ਸਾਈਨ ਲਗਾਉਣੇ ਕੈਨੇਡਾ ਵਿਚ ਕਾਫ਼ੀ ਮਹੱਤਵ ਪੂਰਨ ਸਮਝਿਆ ਜਾਂਦਾ ਹੈ। ਉਮੀਦਵਾਰ ਅਤੇ ਉਨ੍ਹਾਂ ਦੇ ਸਮੱਰਥਕ ਘਰਾਂ ਦੇ ਮਾਲਕਾਂ ਦੀ ਸਹਿਮਤੀ ਨਾਲ ਉਨ੍ਹਾਂ ਦੇ ਘਰਾਂ ਦੇ ਬਾਹਰ ਲਾਅਨ ਵਿਚ ਆਪਣੇ ਸਾਈਨ ਬੋਰਡ ਲਗਾਉਂਦੇ ਹਨ। ਵੱਖ-ਵੱਖ ਅਕਾਰ ਦੇ ਇਹ ਸਾਈਨ ਬੋਰਡ ਘਰਾਂ, ਸੜਕਾਂ ਦੇ ਕਿਨਾਰਿਆਂ ਅਤੇ ਚੌਕਾਂ ਵਿਚ ਖ਼ਾਸ-ਖ਼ਾਸ ਥਾਵਾਂ 'ਤੇ ਹੀ ਲਗਾਏ ਜਾਂਦੇ




ਹਨ ਜੋ ਉਮੀਦਵਾਰਾਂ ਦੀ ਹੋਂਦ ਅਤੇ ਹਸਤੀ ਨੂੰ ਪ੍ਰਗਟਾਉਂਦੇ ਹਨ।

ਇਹ ਸਾਈਨ ਲਾਉਣ ਲੱਗਿਆਂ ਸਿਟੀ ਵੱਲੋਂ ਨਿਰਧਾਰਿਤ ਕੀਤੇ ਗਏ ਨਿਯਮਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ। ਅਜਿਹਾ ਨਾ ਹੋਣ ਦੀ ਹਾਲਤ ਵਿਚ ਸਬੰਧਿਤ ਸਿਟੀ ਦੇ ਅਧਿਕਾਰੀਆਂ ਵੱਲੋਂ ਇਸ ਨੂੰ ਨਿਯਮਾਂ ਦੀ ਅਵੱਗਿਆ ਹੋਣ ਦੇ ਕਾਰਨ ਇਹ ਪੁੱਟ ਦਿੱਤੇ ਜਾਂਦੇ ਹਨ ਅਤੇ ਉਮੀਦਵਾਰ ਨੂੰ ਇਸ ਦੇ ਲਈ ਜੁਰਮਾਨਾ ਵੀ ਭਰਨਾ ਪੈਂਦਾ ਹੈ। ਇਨ੍ਹਾਂ ਨਿਯਮਾਂ ਦੀ ਆੜ ਵਿਚ ਕਈ ਵਾਰ ਉਮੀਦਵਾਰਾਂ ਦੇ ਕਈ ਸਮੱਰਥਕ ਆਪਣੇ ਵਿਰੋਧੀ ਉਮੀਦਵਾਰ ਦੇ ਸਾਈਨ ਬੋਰਡ ਪੁੱਟ ਜਾਂਦੇ ਹਨ ਜਾਂ ਉਨ੍ਹਾਂ ਵੱਲੋਂ ਇਨ੍ਹਾਂ ਨੂੰ ਖ਼ਰਾਬ ਕਰ ਦਿੱਤਾ ਜਾਂਦਾ ਹੈ ਜੋ ਐਥੀਕਲੀ ਸਹੀ ਨਹੀ ਹੈ ਅਤੇ ਇਸ ਕਿਸਮ ਦੀ ਘਟੀਆ ਹਰਕਤ ਤੋਂ ਹਰੇਕ ਵਿਅੱਕਤੀ ਪ੍ਰਹੇਜ਼ ਕਰਨਾ ਚਾਹੀਦਾ ਹੈ। ਸਾਡੇ ਪੰਜਾਬੀ ਭਰਾਵਾਂ ਨੂੰ ਚੋਣਾਂ ਦੇ ਦਿਨਾਂ ਵਿਚ ਇਕ ਵੱਖਰੀ ਕਿਸਮ ਦਾ ਜਨੂੰਨ ਤੇ ਨਸ਼ਾ ਜਿਹਾ ਹੁੰਦਾ ਹੈ ਅਤੇ ਉਹ ਪੰਜਾਬ ਦੀਆਂ ਚੋਣਾਂ ਵਾਂਗ ਹੀ ਇਨ੍ਹਾਂ ਚੋਣਾਂ ਵਿਚ ਹੁੰਦੇ ਚੋਣ-ਪ੍ਰਚਾਰ ਵਿਚ ਵੱਧ-ਚੜ੍ਹ ਕੇ ਹਿੱਸਾ ਲੈਂਦੇ ਹਨ।

ਕੈਲੇਡਨ ਦੇ ਵਾਰਡ ਨੰਬਰ 2 ਵਿਚ ਸਿਟੀ ਕੌਂਸਲਰ ਵਜੋਂ ਮੈਦਾਨ ਵਿਚ ਉੱਤਰੇ ਉਮੀਦਵਾਰ ਹੁਨਰ ਕਾਹਲੋਂ ਅਤੇ ਉਨ੍ਹਾਂ ਦੇ ਸਮੱਰਥਕਾਂ ਵੱਲੋਂ ਵੀ ਇਹ ਸਾਈਨ-ਮੁਹਿੰਮ ਪੂਰੇ ਜ਼ੋਰ-ਸ਼ੋਰ ਨਾਲ ਚਲਾਈ ਜਾ ਰਹੀ ਹੈ ਅਤੇ ਉਨ੍ਹਾਂ ਦੀ ਇਸ ਮੁਹਿੰਮ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਉਹ ਇਸ ਦੇ ਲਈ ਕਾਫ਼ੀ ਉਤਸ਼ਾਹਿਤ ਅਤੇ ਚੜ੍ਹਦੀ ਕਲਾ ਵਿਚ ਹਨ। ਲੋਕ ਉਨ੍ਹਾਂ ਨੂੰ ਫ਼ੋਨ ਕਰਕੇ ਆਪਣੇ ਘਰਾਂ ਦੇ ਬਾਹਰ ਲਾਅਨਾਂ ਵਿਚ ਇਹ ਸਾਈਨ ਲਗਾਉਣ ਲਈ ਕਹਿ ਰਹੇ ਹਨ। ਇੱਥੇ ਇਹ ਕਹਿਣਾ ਬਿਲਕੁਲ ਵਾਜਬ ਹੋਵੇਗਾ ਕਿ ਅਸੀਂ ਕਿਸੇ ਉਮੀਦਵਾਰ ਦੀ ਵਿਚਾਰਧਾਰਾ ਦੇ ਵਿਰੁੱਧ ਹੋ ਸਕਦੇ ਹਾਂ ਅਤੇ ਹੋ ਸਕਦਾ ਹੈ ਕਿ ਅਸੀਂ ਉਸ ਨੂੰ ਪਸੰਦ ਨਾ ਕਰਦੇ ਹੋਈਏ ਪਰ ਸਾਨੂੰ ਕੇਵਲ ਚੋਣ ਆਪਣਾ ਹੀ ਪ੍ਰਚਾਰ ਕਰਨਾ ਚਾਹੀਦਾ ਹੈ ਅਤੇ ਕਦੇ ਵੀ ਕਿਸੇ ਉਮੀਦਵਾਰ ਦੇ ਵਿਰੁੱਧ ਕੋਈ ਵੀ ਮਾੜੀ ਸ਼ਬਦਾਵਲੀ ਨਹੀਂ ਵਰਤਣੀ ਚਾਹੀਦੀ। ਸਾਈਨ ਬੋਰਡ ਲਗਾਉਣ ਲੱਗਿਆਂ ਸਿਟੀ ਵੱਲੋਂ ਬਣਾਏ ਨਿਯਮਾਂ ਦੀ ਪੂਰਨ ਪਾਲਣਾ ਕਰਨੀ ਚਾਹੀਦੀ ਹੈ ਅਤੇ ਇਹ ਚੋਣ ਨਿਰਵਿਘਨ ਢੰਗ ਨਾਲ ਸੰਪੰਨ ਹੋਣ ਵਿਚ ਚੋਣ-ਅਧਿਕਾਰੀਆਂ ਦੀ ਮਦਦ ਕਰਨੀ ਚਾਹੀਦੀ ਹੈ।

# ਵੱਧ ਰਹੀ ਮਹਿੰਗਾਈ ਤੇ ਐੱਨ.ਆਰ.ਆਈਜ਼ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਪ੍ਰੋ. ਮੋਹਨ ਸਿੰਘ ਫ਼ਾਊਂਡੇਸ਼ਨ ਵੱਲੋਂ ਕਰਵਾਇਆ ਸੈਮੀਨਾਰ

ਬਰੈਂਪਟਨ, (ਡਾ. ਝੰਡ) -ਪ੍ਰੋ. ਮੋਹਨ ਸਿੰਘ ਫ਼ਾਊਂਡੇਸ਼ਨ ਵੱਲੋਂ ਲੰਘੇ ਸ਼ਨੀਵਾਰ 24 ਸਤੰਬਰ ਨੂੰ 'ਸ਼ੇਰਗਿੱਲ ਲਾਅ ਫ਼ਰਮ' ਦੇ ਮੀਟਿੰਗ ਹਾਲ ਵਿਚ ਵਿਸ਼ਵ-ਭਰ ਵਿਚ ਵੱਧ ਰਹੀ ਮਹਿੰਗਾਈ ਅਤੇ ਐੱਨ.ਆਰ.ਆਈਜ਼ ਨੂੰ ਭਾਰਤ ਵਿਚਲੀਆਂ ਜਾਇਦਾਦਾਂ ਸਬੰਧੀ ਦਰਪੇਸ਼ ਮੁਸਕਲਾਂ ਸੈਮੀਨਾਰ ਦਾ ਸਫ਼ਲ ਆਯੋਜਨ ਕੀਤਾ ਗਿਆ ਜਿਸ ਵਿਚ ਮੁੱਖ-ਬੁਲਾਰੇ ਉੱਘੇ ਅਰਥ-ਸ਼ਾਸਤਰੀ ਪ੍ਰੋ. ਸੁੱਚਾ ਸਿੰਘ ਗਿੱਲ ਅਤੇ ਪੰਜਾਬ ਸਰਕਾਰ ਦੇ ਮਾਲ ਵਿਭਾਗ ਨਾਲ ਕਈ ਦਹਾਕੇ ਜੁੜੇ ਰਹੇ ਸਾਬਕਾ ਉੱਚ-ਅਧਿਕਾਰੀ ਅਤੇ ਪੰਜਾਬ ਰੈਵੀਨਿਊ ਕਮਿਸ਼ਨ ਦੇ ਮੈਂਬਰ ਸ. ਜਸਵੰਤ ਸਿੰਘ ਸਨ। ਇਸ ਮੌਕੇ ਪ੍ਰਧਾਨਗੀ-ਮੰਡਲ ਵਿਚ ਇਨ੍ਹਾਂ ਦੋਹਾਂ ਬੁਲਾਰਿਆਂ ਦੇ ਨਾਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਧਰਮ ਅਧਿਐੱਨ ਵਿਭਾਗ ਦੇ ਸਾਬਕਾ ਪ੍ਰੋਫ਼ੈਸਰ ਤੇ ਮੁਖੀ ਡਾ. ਗੁਰਨਾਮ ਕੌਰ ਅਤੇ ਪੱਤਰਕਾਰ ਡਾ. ਸੁਖਦੇਵ ਸਿੰਘ ਝੰਡ ਸ਼ਾਮਲ ਸਨ, ਜਦਕਿ ਮੰਚ-ਸੰਚਾਲਨ ਦੀ ਜ਼ਿੰਮੇਂਵਾਰੀ ਪ੍ਰੋ. ਜਗੀਰ ਸਿੰਘ ਕਾਹਲੋਂ ਵੱਲੋਂ ਨਿਭਾਈ ਗਈ।

## ਮੁੱਖ-ਬੁਲਾਰੇ ਵਜੋਂ ਪ੍ਰੋ. ਸੁੱਚਾ ਸਿੰਘ ਗਿੱਲ ਅਤੇ ਸ. ਜਸਵੰਤ ਸਿੰਘ ਪਹੁੰਚੇ

ਪ੍ਰੋਗਰਾਮ ਦੇ ਆਰੰਭ ਵਿਚ ਪ੍ਰੋ. ਮੋਹਨ ਸਿੰਘ ਫ਼ਾਊਂਡੇਸ਼ਨ ਦੇ ਪ੍ਰਧਾਨ ਹਰਜੀਤ ਸਿੰਘ ਗਿੱਲ ਨੇ ਆਏ ਮਹਿਮਾਨਾਂ ਤੇ ਬੁਲਾਰਿਆਂ ਨੂੰ 'ਜੀ-ਆਇਆਂ' ਕਿਹਾ ਅਤੇ ਵਿਧੀਵੱਤ ਸੁਆਗ਼ਤ ਐਡਵੋਕੇਟ ਪਰਮਜੀਤ ਸਿੰਘ ਗਿੱਲ ਵੱਲੋਂ ਕੀਤਾ ਗਿਆ। ਉਪਰੰਤ, ਮੰਚ-ਸੰਚਾਲਕ ਵੱਲੋਂ ਸੈਮੀਨਾਰ ਦੇ ਪਹਿਲੇ ਬੁਲਾਰੇ ਸ. ਜਸਵੰਤ ਸਿੰਘ ਨੂੰ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਗਿਆ ਜਿਨ੍ਹਾਂ ਨੇ 1887 ਵਿਚ ਅੰਗਰੇਜ਼ਾਂ ਵੱਲੋਂ ਬਣਾਏ ਗਏ 'ਲੈਂਡ ਰੈਵੀਨਿਊ ਐਕਟ-1887' ਦੇ ਹਵਾਲੇ ਨਾਲ ਆਪਣੀ ਗੱਲ ਸ਼ੁਰੂ ਕਰਦਿਆਂ ਦੱਸਿਆ ਕਿ ਇਸ ਐਕਟ ਰਾਹੀਂ ਵਾਹੀਕਾਰਾਂ ਨੂੰ ਜ਼ਮੀਨ ਦੀ ਮਾਲਕੀ ਦੇ ਹੱਕ ਦਿੱਤੇ ਗਏ। ਉਨ੍ਹਾਂ ਦੱਸਿਆ ਕਿ ਪੰਜਾਬ ਵਿਚ ਕਲੋਨੀਆਂ ਕੱਟਣ ਵਾਲਿਆਂ ਵੱਲੋਂ ਲੋਕਾਂ ਦੇ ਨਾਲ ਬੜੇ ਫ਼ਰਾਡ ਕੀਤੇ ਜਾ ਰਹੇ ਹਨ ਅਤੇ ਐੱਨ.ਆਰ.ਆਈਜ਼ ਦੀਆਂ ਜਾਇਦਾਦਾਂ ਉੱਪਰ ਨਾਜਾਇਜ਼ ਕਬਜ਼ੇ ਕਰਨ ਦੇ ਕੋਝੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਨੂੰ ਇਨ੍ਹਾਂ ਹੋ ਰਹੇ ਫ਼ਰਾਡਾਂ



ਤੋਂ ਸੁਚੇਤ ਰਹਿਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਬਹੁਤ ਸਾਰੇ ਲੋਕ ਆਮ ਤੌਰ 'ਤੇ ਠੇਕੇ 'ਤੇ ਦਿੱਤੀ ਹੋਈ ਜ਼ਮੀਨ ਦਾ ਰਿਕਾਰਡ ਆਪਣੇ ਕੋਲ ਨਹੀਂ ਰੱਖਦੇ, ਜਦਕਿ ਜ਼ਮੀਨ ਦੇ ਮਾਲਕ ਅਤੇ ਠੇਕੇਦਾਰ ਵਿਚ ਕੀਤੇ ਗਏ ਐਗਰੀਮੈਂਟ ਨੂੰ ਬਾਕਾਇਦਾ ਰਜਿਸਟਰ ਕਰਵਾਉਣਾ ਜ਼ਰੂਰੀ ਹੈ। ਸਰੋਤਿਆਂ ਵੱਲੋਂ ਜਾਇਦਾਦਾਂ ਦੀ ਸਹੀ ਸੰਭਾਲ ਅਤੇ ਇਨ੍ਹਾਂ ਨੂੰ ਵੇਚਣ, ਆਦਿ ਬਾਰੇ ਕਈ ਸੁਆਲ ਕੀਤੇ ਗਏ ਜਿਨ੍ਹਾਂ ਦੇ ਜੁਆਬ ਉਨ੍ਹਾਂ ਵੱਲੋਂ ਬੜੇ ਤਸੱਲੀਪੂਰਵਕ ਦਿੱਤੇ ਗਏ।

ਸਮਾਗ਼ਮ ਦੇ ਦੂਸਰੇ ਬੁਲਾਰੇ ਉੱਘੇ ਅਰਥ-ਸ਼ਾਸਤਰੀ ਪ੍ਰੋ. ਸੁੱਚਾ ਸਿੰਘ ਗਿੱਲ ਨੇ ਗਲੋਬਲ ਇਕਾਨਮੀ ਅਤੇ ਦੁਨੀਆਂ-ਭਰ ਦੇ ਦੇਸ਼ਾਂ ਵਿਚ ਲਗਾਤਾਰ ਵੱਧ ਰਹੀ ਮਹਿੰਗਾਈ ਬਾਰੇ ਆਪਣਾ ਸੰਬੋਧਨ ਸ਼ੁਰੂ ਕਰਦਿਆਂ ਕਿਹਾ ਕਿ ਇਸ ਸਮੇਂ ਗਲੋਬਲ ਇਕੌਨਮੀ 6% ਵਾਧੇ ਦੀ ਦਰ ਨਾਲ ਚੱਲ ਰਹੀ ਹੈ ਅਤੇ ਆਉਂਦੇ ਸਾਲਾਂ ਵਿਚ ਇਹ 5% ਰਹਿ ਜਾਣ ਦੀ ਸੰਭਾਵਨਾ ਹੈ। ਇਸ ਨਾਲ ਮਹਿੰਗਾਈ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਉਨ੍ਹਾਂ ਦੱਸਿਆ ਕਿ ਕੈਨੇਡਾ ਵਿਚ ਇਸ ਸਮੇਂ ਮਹਿੰਗਾਈ ਦੀ ਦਰ 7% ਹੈ। ਉਨ੍ਹਾਂ ਹੋਰ ਕਿਹਾ ਕਿ 'ਇਨਕਮ ਇਨਇਕੁਆਲਿਟੀ' (ਆਮਦਨ ਵਿਚ ਨਾ-ਬਰਾਬਰੀ) ਮਹਿੰਗਾਈ ਦੇ ਵੱਧਣ ਦਾ ਮੁੱਖ ਕਾਰਨ ਹੈ। ਗਿਣੇ-ਚੁਣੇ ਵੱਡੇ ਕਾਰਪੋਰੇਟ ਅਦਾਰਿਆਂ ਕੋਲ ਸਮੁੱਚੀ ਆਮਦਨ ਦਾ 35-40% ਹਿੱਸਾ ਹੈ, ਜਦਕਿ ਹੇਠਲੇ ਆਮਦਨ-ਵਰਗ ਕੋਲ ਇਹ ਕੇਵਲ 5-7% ਹੀ ਰਹਿ ਗਿਆ ਹੈ। ਮੱਧ-ਵਰਗ ਦੀ ਆਮਦਨ ਵੀ ਲਗਾਤਾਰ ਹੇਠਾਂ ਵੱਲ ਸਰਕ ਰਹੀ ਹੈ। ਇਸ ਦੇ ਨਾਲ ਹੀ ਦੁਨੀਆਂ ਦੇ ਲੱਗਭੱਗ ਸਾਰੇ ਹੀ ਦੇਸ਼ਾਂ ਵਿਚ ਬਣੇ ਵੱਡੇ-ਵੱਡੇ ਮਾਲ ਅਤੇ 'ਐਮਾਜ਼ੋਨ' ਵਰਗੇ ਵੱਡੇ ਡਿਸਟ੍ਰਿਬਿਊਸ਼ਨ ਅਦਾਰੇ ਵੀ ਸਾਰੀ ਦੁਨੀਆਂ ਵਿਚ ਮਹਿੰਗਾਈ ਦੇ ਵੱਧਣ ਦਾ ਵੀ ਵੱਡਾ ਕਾਰਨ ਬਣ ਰਹੇ ਹਨ। ਇਸ ਨਾਲ ਛੋਟੇ ਵਿਉਪਾਰੀ ਅਤੇ ਦੁਕਾਨਦਾਰ ਖ਼ਤਮ ਹੁੰਦੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮਹਿੰਗਾਈ ਨੂੰ ਰੋਕਣ ਲਈ ਟੈਕਸ ਢਾਂਚੇ ਨੂੰ ਦਰੁੱਸਤ ਕਰਨ ਦੀ ਲੋੜ ਹੈ ਅਤੇ ਇਸ ਦੇ ਨਾਲ ਹੀ ਖ਼ਰਚ ਪਾਲਿਸੀ ਨੂੰ ਵੀ ਸਹੀ ਕਰਨ ਦੀ ਸਖ਼ਤ ਜ਼ਰੂਰਤ ਹੈ। ਉਨ੍ਹਾਂ ਹੋਰ ਕਿਹਾ ਕਿ ਅਮੀਰ ਅਤੇ ਗ਼ਰੀਬ ਵਿਚਕਾਰ ਪਾੜਾ ਦਿਨੋਂ-ਦਿਨ ਹੋਰ ਵੱਧਦਾ ਜਾ ਰਿਹਾ ਹੈ। ਵੱਡੇ ਵਿਉਪਾਰਿਕ ਅਦਾਰਿਆਂ ਨੂੰ ਸਰਕਾਰਾਂ ਵੱਲੋਂ 'ਇਨਸੈਂਟਿਵ' ਦੇ ਨਾਂ 'ਤੇ ਬਹੁਤ ਸਾਰੀਆਂ ਛੋਟਾਂ ਤੇ ਭਾਰੀ ਰਿਆਇਤਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਗ਼ਰੀਬਾਂ ਨੂੰ ਦਿੱਤੀ ਜਾ ਰਹੀ ਸਬਸਿਡੀ ਹੌਲ਼ੀ-ਹੌਲ਼ੀ ਵਾਪਸ ਲਈ ਜਾ ਰਹੀ ਹੈ। ਆਪਣੇ ਇਨ੍ਹਾਂ ਕਥਨਾਂ ਦੀ ਵਿਆਖਿਆ ਲਈ ਉਨ੍ਹਾਂ ਵੱਲੋਂ ਕਈ ਅੰਕੜੇ ਵੀ ਦਰਸਾਏ। ਹਾਜ਼ਰੀਨ ਵੱਲੋਂ ਕੀਤੇ ਗਏ ਸੁਆਲਾਂ ਦੇ ਜੁਆਬ ਉਨ੍ਹਾਂ ਵੱਲੋਂ ਬੜੇ ਤਸੱਲੀਪੂਰਵਕ ਦਿੱਤੇ ਗਏ।

ਪ੍ਰਧਾਨਗੀ ਮੰਡਲ ਵਿਚ ਸ਼ਾਮਲ ਡਾ. ਗੁਰਨਾਮ ਕੌਰ ਨੇ ਆਪਣੇ ਸੰਬੋਧਨ ਵਿਚ ਦੋਹਾਂ ਬੁਲਾਰਿਆਂ ਵੱਲੋਂ ਆਪਣੇ ਭਾਸ਼ਨਾਂ ਵਿਚ ਸਾਂਝੀ ਕੀਤੀ ਗਈ ਜਾਣਕਾਰੀ ਦੀ ਭਾਰੀ ਸਰਾਹ-ਨਾ ਕੀਤੀ ਗਈ। ਉਨ੍ਹਾਂ ਕਿਹਾ ਕਿ ਦੋਹਾਂ ਵਿਦਵਾਨਾਂ ਨੇ ਆਪੋ ਆਪਣੇ ਸੰਬੋਧਨਾਂ ਵਿਚ ਬਹੁ-ਮੁੱਲੀਆਂ ਗੱਲਾਂ ਕੀਤੀਆਂ ਹਨ। ਸਮਾਗ਼ਮ ਦੇ ਅਖ਼ੀਰ ਵੱਲ ਵੱਧਦਿਆਂ ਡਾ. ਸੁਖਦੇਵ ਸਿੰਘ ਝੰਡ ਵੱਲੋਂ ਪ੍ਰੋ.ਮੋਹਨ ਸਿੰਘ ਫ਼ਾਊਂਡੇਸ਼ਨ ਦੇ ਪ੍ਰਧਾਨ ਹਰਜੀਤ ਸਿੰਘ ਗਿੱਲ ਅਤੇ ਇਸ ਦੇ ਮੈਂਬਰਾਂ, ਦੋਹਾਂ ਬੁਲਾਰਿਆਂ, ਸੁਆਲ-ਕਰਤਾਵਾਂ ਅਤੇ ਸਮੂਹ ਹਾਜ਼ਰੀਨ ਦਾ ਹਾਰਦਿਕ ਧੰਨਵਾਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਹਰਜੀਤ ਗਿੱਲ ਤੇ ਉਨ੍ਹਾਂ ਦੇ ਸਾਥੀਆਂ ਨੇ ਇਹ ਉਪਰਾਲਾ ਕਰਕੇ ਦੋਹਾਂ ਬੁਲਾਰਿਆਂ ਵੱਲੋਂ ਬਹੁ-ਮੁੱਲੀ ਜਾਣਕਾਰੀ ਮੁਹੱਈਆ ਕਰਵਾਈ ਹੈ ਅਤੇ ਆਸ ਕੀਤੀ ਜਾਂਦੀ ਹੈ ਕਿ ਉਹ ਅੱਗੋਂ ਵੀ ਅਜਿਹੇ ਉਪਰਾਲੇ ਕਰਦੇ ਰਹਿਣਗੇ। ਸਮਾਗ਼ਮ ਵਿਚ ਹਰਨੇਕ ਸਿੰਘ ਰੰਧਾਵਾ, ਬਲਦੇਵ ਸਿੰਘ ਰਹਿਪਾ, ਨਿਰਮਲ ਸਿੰਘ ਪਟਿਆਲਾ, ਗੁਰਮੇਲ ਸਿੰਘ ਬੱਲ, ਜਰਨੈਲ ਸਿੰਘ ਗਿੱਲ, ਪਰਮਜੀਤ ਸਿੰਘ ਵਿਰਕ, ਦਲਬੀਰ ਸਿੰਘ ਬੈਨੀਪਾਲ, ਦੀਪਇੰਦਰ ਸਿੰਘ, ਹਰਪਾਲ ਸਿੰਘ, ਮਲੂਕ ਸਿੰਘ ਕਾਹਲੋਂ, ਹੀਰਾ ਸਿੰਘ ਹੰਸਪਾਲ, ਕੁਲਵਿੰਦਰ ਸਿੰਘ ਸੈਣੀ, ਸੁਖਬੀਰ ਕੌਰ ਗਿੱਲ, ਨਵਜੋਤ ਜੋਤੀ ਥਾਂਦੀ, ਸਿਮਰ ਗਿੱਲ, ਪ੍ਰਤੀਕ ਗਿੱਲ ਸਮੇਤ ਕਈ ਹੋਰ ਸ਼ਾਮਲ ਸਨ। 'ਪੰਜਾਬੀ ਦੁਨੀਆਂ ਟੀ.ਵੀ.' ਨੇ ਇਸ ਮੌਕੇ ਮਿਸਟਰ ਵਿਰੇਨ ਨੇ ਕੈਮਰੇ ਦੀ ਸੇਵਾ ਨਿਭਾਈ ਇਸ ਪ੍ਰੋਗਰਾਮ ਨੂੰ 'ਪੰਜਾਬੀ ਦੁਨੀਆਂ ਦੇ ਫੇਸਬੁੱਕ ਪੇਜ 'ਤੇ ਲਾਈਵ ਪ੍ਰਸਾਰਿਤ ਕੀਤਾ ਗਿਆ।

# ਦੇਸ਼ ਲੀਡਰਾਂ ਦਾ ਨਹੀਂ, ਲੋਕਾਂ ਦਾ ਹੁੰਦੈ ਤੇ ਲੀਹੋਂ ਲੱਥਦਾ ਹੋਵੇ ਤਾਂ ਚਿੰਤਾ ਵੀ ਲੋਕਾਂ ਨੂੰ ਕਰਨੀ ਪਵੇਗੀ

ਜਤਿੰਦਰ ਪਨੂੰ ਦੀ ਕਲਮ ਤੋਂ

ਵਿਹਲਾ ਵਕਤ ਮਿਲੇ ਤੋਂ ਅਸੀਂ ਲੋਕ ਜਦੋਂ ਇਸ ਸੋਚ ਵਿੱਚ ਉਲਝਦੇ ਹਾਂ ਕਿ ਹਾਲਾਤ ਕਿੱਧਰ ਨੂੰ ਜਾਂਦੇ ਹਨ, ਉਸ ਵੇਲੇ ਸਾਡੇ ਲਈ ਪਹਿਲਾ ਵਿਸ਼ਾ ਪੰਜਾਬ ਦੇ ਹਾਲਾਤ ਵੀ ਹੋ ਸਕਦੇ ਹਨ, ਭਾਰਤ ਦੇਸ਼ ਦੇ ਵੀ, ਜਾਂ ਫਿਰ ਜਿਹੜੇ ਦੇਸ਼ ਵਿੱਚ ਸਾਡੇ ਵਿੱਚੋਂ ਕਿਸੇ ਦਾ ਵਸੇਬਾ ਹੋਵੇ, ਓਥੋਂ ਦੇ ਹਾਲਾਤ ਹੋ ਸਕਦੇ ਹਨ। ਭਾਰਤ ਦੇ ਗਵਾਂਢੀ ਦੇਸ਼ਾਂ ਜਾਂ ਫਿਰ ਪੰਜਾਬ ਦੇ ਨਾਲ ਲੱਗਦੇ ਰਾਜਾਂ ਦਾ ਕੀ ਹਾਲ ਹੈ, ਉਸ ਵੱਲ ਧਿਆਨ ਘੱਟ ਜਾਂਦਾ ਹੈ। ਜਦੋਂ ਝਾਤੀ ਮਾਰੀਏ ਤਾਂ ਹਕੀਕਤਾਂ ਦਾ ਉਹ ਅਹਿਸਾਸ ਹੁੰਦਾ ਹੈ, ਜਿਨ੍ਹਾਂ ਤੋਂ ਅਸੀਂ ਲੋਕ ਆਮ ਕਰ ਕੇ ਅਣਜਾਣ ਜਾਂ ਫਿਰ ਥੋੜ੍ਹਾ-ਬਹੁਤ ਜਾਣੂ ਹੁੰਦਿਆਂ ਵੀ ਅਵੇਸ-ਲੇ ਜਿਹੇ ਹੋਏ ਰਹਿੰਦੇ ਹਾਂ। ਮਿਸਾਲ ਵਜੋਂ ਜਦੋਂ ਵੀਹ ਸਾਲ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਦੀ ਪਹਿਲੀ ਸਰਕਾਰ ਬਣਦੇ ਸਾਰ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਓਦੋਂ ਦੇ ਮੁਖੀ ਰਵਿੰਦਰਪਾਲ ਸਿੰਘ ਉਰਫ ਰਵੀ ਸਿੱਧੂ ਦਾ ਕਿੱਸਾ ਸਾਹਮਣੇ ਆਇਆ ਤੇ ਬਹੁਤ ਵੱਡਾ ਮੁੱਦਾ ਬਣ ਗਿਆ ਸੀ, ਐਨ ਉਸੇ ਸਮੇਂ ਨਾਲ ਲੱਗਦੇ ਰਾਜ ਹਰਿਆਣਾ ਵਿੱਚ ਵੀ ਇਹੋ ਕੁਝ ਹੋਇਆ ਸੀ ਅਤੇ ਤਿੰਨ ਸਾਲ ਪਿੱਛੋਂ ਜਾਂਚ ਵੀ ਮੁਕੰਮਲ ਹੋ ਗਈ, ਪਰ ਸਾਨੂੰ ਇਸ ਬਾਰੇ ਪਤਾ ਨਹੀਂ ਸੀ ਲੱਗਾ। ਜੋ ਕਾਲਾ ਕਾਂਡ ਪੰਜਾਬ ਦੀ ਨੌਕਰੀਆਂ ਵੇਚਣ ਵਾਲੀ ਬਲੈਕ ਮਾਰਕੀਟ ਦਾ ਵਾਪਰਿਆ ਸੀ, ਹਰਿਆਣੇ ਵਿੱਚ ਉਸੇ ਬਰਾਬਰ ਦਾ, ਜਾਂ ਓਦੋਂ ਵੱਧ ਲੱਭਦਾ ਸੀ, ਪਰ ਅਠਾਰਾਂ ਸਾਲ ਪਿੱਛੋਂ ਬੀਤੀ ਤੇਈ ਸਤੰਬਰ ਨੂੰ ਕਹਾਣੀ ਓਦੋਂ ਬਾਹਰ ਆਈ, ਜਦੋਂ ਹਰਿਆਣਾ ਵਿਜੀਲੈਂਸ ਬਿਊਰੋ ਨੇ ਇਸ ਦਾ ਕੇਸ ਅਦਾਲਤ ਅੱਗੇ ਰੱਖਿਆ ਹੈ। ਇਹ ਅਜੇ ਵੀ ਦੱਬਿਆ ਰਹਿਣਾ ਸੀ, ਪਰ ਜਦੋਂ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਨੇ ਨਿਤੀਸ਼ ਕੁਮਾਰ ਨਾਲ ਮਿਲ ਕੇ ਅਗਲੀਆਂ ਲੋਕ ਸਭਾ ਚੋਣਾਂ ਲਈ ਨਵਾਂ ਮੋਰਚਾ ਬਣਾਉਣ ਲਈ ਰੈਲੀ ਰੱਖ ਲਈ ਤਾਂ ਹਰਿਆਣਾ ਦੀ ਭਾਜਪਾ ਸਰਕਾਰ ਨੇ ਉਸ ਨੂੰ ਝਟਕਾ ਦੇਣ ਲਈ ਦੱਬਿਆ ਮੁਰਦਾ ਪੁੱਟ ਲਿਆ ਹੈ। ਸਕੈਂਡਲ ਦਾ ਓਦੋਂ ਦਾ ਮੁੱਖ ਦੋਸ਼ੀ ਤਾਂ ਕਰਨਾਟਕ ਤੇ ਕੇਂਦਰ ਦੀਆਂ ਭਾਜਪਾਈ ਸਰਕਾਰਾਂ ਦੀ ਸੇਵਾ ਕਰਨ ਪਿੱਛੋਂ ਦੁਨੀਆ ਵੀ ਛੱਡ ਚੁੱਕਾ ਹੈ। ਭਾਰਤ ਦੇ ਕਈ ਰਾਜਾਂ ਵਿੱਚ ਏਹੋ ਜਿਹੇ ਕੇਸ ਹੁੰਦੇ ਹਨ, ਸਾਨੂੰ ਪੰਜਾਬ ਤੋਂ ਪਰੇ ਦਿੱਸਦਾ ਹੀ ਨਹੀਂ।

ਜਦੋਂ ਪੰਜਾਬ ਤੋਂ ਪਰੇ ਸਾਨੂੰ ਕੁਝ ਨਹੀਂ ਦਿੱਸਦਾ, ਜਾਂ ਅਸੀਂ ਦੇਖਣ ਦੀ ਕੋਸ਼ਿਸ਼ ਨਹੀਂ ਕਰਦੇ ਤਾਂ ਭਾਰਤ ਦੇ ਗਵਾਂਢ ਵਾਲੇ ਦੇਸ਼ਾਂ ਅੰਦਰ ਕੀ ਕੁਝ ਹੁੰਦਾ ਰਹਿੰਦਾ ਹੈ, ਉਸ ਦਾ ਵੀ ਬਹੁਤਾ ਪਤਾ ਨਹੀਂ ਲੱਗਦਾ, ਸਿਰਫ ਪਾਕਿਸਤਾਨ ਬਾਰੇ ਕੁਝ ਸੋਝੀ ਰੱਖੀ ਜਾਂਦੀ ਹੈ, ਕਿਉਂਕਿ ਉਸ ਨਾਲ ਸ਼ਰੀਕਾ ਵੀ ਹੈ ਅਤੇ ਪੰਜਾਬੀਅਤ ਦਾ ਮੋਹ ਵੀ। ਉਂਝ ਵੀ ਗਵਾਂਢੀ ਦੀ ਕੰਧ ਤੋਂ ਪਾਰ ਝਾਤੀਆਂ ਮਾਰਨ ਦੀ ਸਾਡੀ ਆਦਤ ਨੇੜਲੇ ਘਰ ਤੱਕ ਸੀਮਤ ਹੁੰਦੀ ਹੈ, ਓਦੋਂ ਅੱਗੇ ਨਹੀਂ ਜਾਂਦੀ।

## ਅਮਰੀਕੀ ਡਾਲਰ ਬਦਲੇ ਸਾਨੂੰ ਭਾਰਤੀਆਂ ਨੂੰ ਪਹਿਲੀ ਵਾਰ ਅੱਸੀ ਤੋਂ ਵੱਧ ਰੁਪਈਏ ਦੇਣ ਦੀ ਨੌਬਤ

ਅਸੀਂ ਇਸ ਵਾਰੀ ਇਹ ਕਿੱਸਾ ਇਸ ਲਈ ਛੋਹਿਆ ਹੈ ਕਿ ਚੌਵੀ ਸਤੰਬਰ ਦੀ ਸਵੇਰ ਜਦੋਂ ਅਸੀਂ ਪਾਠਕਾਂ ਦੇ ਲਈ ਇਹ ਲਿਖਤ ਲਿਖਦੇ ਪਏ ਹਾਂ, ਅਮਰੀਕੀ ਡਾਲਰ ਅੱਗੇ ਭਾਰਤੀ ਰੁਪਈਏ ਦੇ ਲੇਟਣੀਆਂ ਲੈਣ ਦੀ ਖਬਰ ਭਾਰਤ ਤੇ ਪੰਜਾਬ ਦੇ ਸਾਰੇ ਅਖਬਾਰਾਂ ਨੂੰ ਉਚੇਚੀ ਛਾਪਣੀ ਪਈ ਹੈ। ਅਮਰੀਕੀ ਡਾਲਰ ਬਦਲੇ ਸਾਨੂੰ ਭਾਰਤੀਆਂ ਨੂੰ ਪਹਿਲੀ ਵਾਰ ਅੱਸੀ ਤੋਂ ਵੱਧ ਰੁਪਈਏ ਦੇਣ ਦੀ ਨੌਬਤ ਜਾਂ ਬਦਲੇ ਵਿੱਚ ਲੈਣ ਦੀ 'ਖੁਸ਼ੀ' ਪ੍ਰਾਪਤ ਹੋਣ ਲੱਗੀ ਹੈ। ਇਹ ਹਾਲਤ ਓਦੋਂ ਦੀ ਹੈ, ਜਦੋਂ ਭਾਰਤ ਦੀ ਨਰਿੰਦਰ ਮੋਦੀ ਸਰਕਾਰ ਇਸ ਦੇਸ਼ ਨੂੰ 'ਵਿਸ਼ਵ ਗੁਰੂ' ਬਣਾਉਣ ਦੀਆਂ ਟਾਹਰਾਂ ਮਾਰਨ ਦੇ ਜੋਸ਼ ਵਿੱਚ ਬਾਕੀ ਪੱਖ ਆਪਣੇ ਲੋਕਾਂ ਤੋਂ ਲੁਕਾਉਣ ਦੇ ਯਤਨ ਕਰਦੀ ਪਈ ਹੈ। ਸਰਕਾਰ ਦੇ ਨੇੜ ਵਾਲਾ ਮੀਡੀਆ ਸਾਨੂੰ ਇਹ ਦੱਸਣ ਲਈ ਉਚੇਚਾ ਸਮਾਂ ਕੱਢਦਾ ਹੈ ਕਿ ਗਵਾਂਢ ਪਾਕਿਸਤਾਨ ਦੀ ਆਰਥਿਕਤਾ ਨੰਗਾਂ ਦੀ ਭੜੋਲੀ ਵਰਗੀ ਹੋਣ ਕਾਰਨ ਉਸ ਦੇਸ਼ ਦੇ ਲੋਕਾਂ ਲਈ ਅਮਰੀਕੀ ਡਾਲਰ ਦਾ ਭਾਅ ਢਾਈ ਸੌ ਪਾਕਿਸਤਾਨੀ ਰੁਪਏ ਨੇੜੇ ਪਹੁੰਚ ਗਿਆ ਹੈ। ਇਹ ਸੁਣ ਕੇ ਅਸੀਂ ਖੁਸ਼ ਹੋ ਜਾਂਦੇ ਹਾਂ ਕਿ ਚਲੋ ਅਮਰੀਕਾ ਮੂਹਰੇ ਨੀਵੀਂ ਪਾਉਣੀ ਵੀ ਪਵੇ, ਭਾਵੇਂ ਸੰਸਾਰ ਭਰ ਦੇ ਲੋਕਾਂ ਮੂਹਰੇ ਨੀਵੀਂ ਪਾਉਣੀ ਪੈ ਜਾਵੇ, ਪਾਕਿਸਤਾਨ ਨਾਲੋਂ ਤਾਂ ਸਾਡੀ ਆਰਥਿਕਤਾ ਤਕੜੀ ਹੈ ਅਤੇ ਅੱਗੇ ਵਧ ਰਹੀ ਹੈ। ਸਾਨੂੰ ਇਹ ਵੇਖਣ ਦੀ ਲੋੜ ਨਹੀਂ ਜਾਪਦੀ ਕਿ ਭਾਰਤ ਦੇ ਉੱਤਰ ਵਿੱਚ ਪਹਾੜੀਆਂ ਉੱਤੇ ਟੰਗੇ ਬਚੂੰਗੜੇ ਜਿਹੇ ਦੇਸ਼ ਭੂਟਾਨ ਦੀ ਕਰੰਸੀ ਵੀ ਸਾਡੇ ਰੁਪਈਏ ਤੋਂ ਵੱਧ ਮਜ਼ਬੂਤ ਹੈ, ਸਗੋਂ ਅਸੀਂ ਨੇਪਾਲ ਦਾ ਜ਼ਿਕਰ ਕਰਦੇ ਹਾਂ, ਜਿੱਥੇ ਕਰੰਸੀ ਸਾਡੇ ਰੁਪਈਏ ਤੋਂ ਕਮਜ਼ੋਰ ਹੈ।

## ਬੰਗਲਾ ਦੇਸ ਪੁਰਾਣੇ ਪਾਕਿਸਤਾਨ ਨੂੰ ਵੀ ਪਛਾੜ ਕੇ ਅੱਗੇ ਨਿਕਲ ਗਿਆ

ਹਾਲਾਤ ਦੇ ਇਸ ਮੋੜ ਉੱਤੇ ਅੱਜ ਜਦੋਂ ਸਾਡੇ ਲਵ-ਹੇਟ ਰਿਲੇਸ਼ਨ ਵਾਲੇ ਪਾਕਿਸਤਾਨ ਵਿੱਚ ਰਾਜਨੀਤਕ ਚਰਚਾ ਹੁੰਦੀ ਹੈ ਤਾਂ ਹਾਲਾਤ ਦੀ ਤੁਲਨਾ ਸਾਡੇ ਭਾਰਤ ਨਾਲ ਕਰਨ ਦੀ ਥਾਂ ਬੰਗਲਾ ਦੇਸ਼ ਦੀ ਗੱਲ ਹੁੰਦੀ ਹੈ, ਜਿਸ ਨੂੰ ਪਾਕਿਸਤਾਨ ਦੇ ਨਾਲਾਇਕ ਲੀਡਰਾਂ ਨੇ ਆਪਣੀਆਂ ਗਲਤੀਆਂ ਕਾਰਨ ਗੁਆ ਲਿਆ ਸੀ। ਅੰਗਰੇਜ਼ਾਂ ਨੇ ਭਾਰਤ ਛੱਡਣ ਵੇਲੇ ਵੱਖਰਾ ਦੇਸ਼ ਪਾਕਿਸਤਾਨ ਇਕੱਠਾ ਬਣਾਉਣ ਦੀ ਥਾਂ ਭਾਰਤ ਦੇ ਇੱਕ ਪਾਸੇ ਪੂਰਬੀ ਪਾਕਿਸਤਾਨ ਤੇ ਦੂਸਰੇ ਪਾਸੇ ਪੱਛਮੀ ਪਾਕਿ-ਸਤਾਨ ਬਣਾਇਆ ਸੀ। ਸਮਾਂ ਪਾ ਕੇ ਪੂਰਬੀ ਪਾਕਿਸਤਾਨ ਟੁੱਟ ਕੇ ਵੱਖਰਾ ਬੰਗਲਾ ਦੇਸ਼ ਬਣ ਗਿਆ ਤੇ ਪੱਛਮੀ ਪਾਕਿਸਤਾਨ ਜਦੋਂ ਸਿਰਫ ਪਾਕਿਸਤਾਨ ਰਹਿ ਗਿਆ, ਉਹ ਉਸ ਦੇ ਬਾਅਦ ਆਪਣੇ ਤੋਂ ਤੋੜ ਕੇ ਬਣਾਏ ਗਏ ਬੰਗਲਾ ਦੇਸ਼ ਦੇ ਮੁਕਾਬਲੇ ਵੀ ਪਛੜਦਾ ਗਿਆ ਸੀ। ਅੱਜ ਪਾਕਿਸਤਾਨ ਦਾ ਹਰ ਆਗੂ ਇਹ ਰੋਣਾ ਰੋਂਦਾ ਸੁਣਦਾ ਹੈ ਕਿ ਸਾਡੇ ਤੋਂ ਟੁੱਟ ਕੇ ਬੰਗਲਾ ਦੇਸ਼ ਤਰੱਕੀ ਕਰ ਗਿਆ ਹੈ ਤਾਂ ਨਾਲ ਇਹ ਜ਼ਿਕਰ ਵੀ ਹੁੰਦਾ ਹੈ ਕਿ ਓਦੋਂ ਪਾਕਿਸਤਾਨ ਦੇ ਸਰਪ੍ਰਸਤ ਗਿਣੇ ਜਾਂਦੇ ਅਮਰੀਕਾ ਦਾ ਵਿਦੇਸ਼ ਮੰਤਰੀ ਕਸਿੰਗਰ ਕਹਿੰਦਾ ਸੀ ਕਿ ਨਵਾਂ ਬਣਿਆ ਬੰਗਲਾ ਦੇਸ਼ ਆਪਣੀ ਹੋਂਦ ਹੀ ਕਾਇਮ ਨਹੀਂ ਰੱਖ ਸਕੇਗਾ, ਪਰ ਉਹ ਨਵਾਂ ਦੇਸ਼ ਪੁਰਾਣੇ ਪਾਕਿ-ਸਤਾਨ ਨੂੰ ਵੀ ਪਛਾੜ ਕੇ ਅੱਗੇ ਨਿਕਲ ਗਿਆ ਹੈ। ਬੰਗਲਾ ਦੇਸ਼ ਅੱਗਾਂਹ ਕਿਵੇਂ ਲੰਘ ਗਿਆ ਅਤੇ ਪਾਕਿਸਤਾਨ ਪਛੜਦਾ ਕਿਵੇਂ ਗਿਆ, ਇਸ ਬਾਰੇ ਉਸ ਦੇਸ਼ ਦੇ ਨੀਤੀਵਾਨਾਂ ਨੂੰ ਵੀ ਸੋਚਣਾ ਚਾਹੀਦਾ ਹੈ, ਸਾਡੇ ਭਾਰਤ ਦੇ ਉਨ੍ਹਾਂ ਨੀਤੀਵਾਨਾਂ ਨੂੰ ਵੀ, ਜਿਹੜੇ ਬੰਗਲਾ ਦੇਸ਼ ਆਜ਼ਾਦ ਕਰਾਉਣ ਦਾ ਸਿਹਰਾ ਲੈਂਦੇ ਹਨ।

ਅੱਧੀ ਸਦੀ ਪਹਿਲਾਂ ਆਜ਼ਾਦ ਹੋਇਆ ਬੰਗਲਾ ਦੇਸ਼ ਆਪਣੀ ਹੋਂਦ ਦੇ ਪਹਿਲੇ ਦਹਾਕੇ ਵਿੱਚ ਆਜ਼ਾਦੀ ਦੇ ਨਾਇਕ ਸ਼ੇਖ ਮੁਜੀਬੁਰ ਰਹਿਮਾਨ ਤੇ ਉਸ ਦੇ ਪਰਵਾਰ ਦੇ ਜੀਆਂ ਦੇ ਕਤਲਾਂ ਸਮੇਤ ਕਈ ਖੂਨੀ ਹੱਲਿਆਂ ਵਿੱਚੋਂ ਲੰਘਿਆ ਸੀ, ਪਰ ਇਨ੍ਹਾਂ ਝਟਕਿਆਂ ਤੋਂ ਸੰਭਲ ਕੇ ਫਿਰ ਅੱਗੇ ਤੁਰ ਪੈਂਦਾ ਰਿਹਾ ਸੀ। ਇੱਕ ਵਾਰੀ ਪਾਕਿਸਤਾਨੀ ਏਜੰਸੀਆਂ ਦੇ ਇਸ਼ਾਰੇ ਉੱਤੇ ਕੁਝ ਕੱਟੜਪੰਥੀਆਂ ਨੇ ਉਸ ਦੇਸ਼ ਦੀ ਵਾਗਡੋਰ ਸਾਂਭ ਲਈ ਤਾਂ ਸਿਰਫ ਸੋਲਵੇਂ ਸਾਲ ਦੀ ਹੱਦ ਉੱਤੇ ਉਸ ਦੇਸ਼ ਦਾ ਨਾਂਅ ਬਦਲ ਕੇ 'ਸੈਕੂਲਰ' ਵਾਲੇ ਲਫਜ਼ ਕੱਟੇ ਅਤੇ 'ਇਸਲਾਮਿਕ ਰਿਪਬਲਿਕ' ਲਿਖ ਦਿੱਤਾ ਸੀ, ਪਰ ਬਾਈ ਸਾਲਾਂ ਪਿੱਛੋਂ ਫਿਰ ਇਸ ਦੇ ਨਾਂਅ ਤੋਂ 'ਇਸਲਾਮਿਕ' ਲਫਜ਼ ਕੱਢ ਕੇ ਇਸ ਨੂੰ ਸਿਰਫ 'ਰਿਪਬਲਿਕ' ਦਾ ਦਰਜਾ ਦੇ ਦਿੱਤਾ ਗਿਆ ਸੀ। ਉਸ ਦੇ ਬਾਅਦ ਵੀ ਕੱਟੜਪੰਥੀਏ ਆਪਣੀਆਂ ਆਦਤਾਂ ਤੋਂ ਹਟਦੇ ਨਹੀਂ, ਫਿਰਕੂ ਫਸਾਦਾਂ ਦੀਆਂ ਖਬਰਾਂ ਕਈ ਵਾਰੀ ਆਈਆਂ ਹਨ, ਪਰ ਮੋਟੇ ਤੌਰ ਉੱਤੇ ਬੰਗਲਾ ਦੇਸ਼ ਕਿਸੇ ਸੰਸਾਰ ਪੱਧਰ ਦੇ ਵਿਵਾਦ ਦਾ ਮੁੱਦਾ ਬਣਨ ਦੀ ਥਾਂ ਆਪਣੀ ਆਰਥਿਕਤਾ ਦੇ ਪੱਖੋਂ ਲਗਾਤਾਰ ਮਜ਼ਬੂਤੀ ਫੜਦਾ ਰਿਹਾ ਹੈ। ਪਾਕਿਸਤਾਨ ਤੋਂ ਵੱਖ ਹੁੰਦੇ ਵਕਤ ਬੰਗਲਾ ਦੇਸ਼ ਨੇ ਰੁਪਈਏ ਦੀ ਕਰੰਸੀ ਛੱਡ ਕੇ ਨਵੀਂ ਕਰੰਸੀ 'ਟਕਾ' ਚਲਾਉਣ ਦਾ ਫੈਸਲਾ ਲਿਆ ਸੀ, ਜਿਸ ਦੇ ਓਦੋਂ ਦੀ ਕੀਮਤ ਦੇ ਹਿਸਾਬ ਨਾਲ ਇੱਕ ਡਾਲਰ ਦੇ ਬਦਲੇ ਸਾਢੇ ਕੁ ਤਿੰਨ ਟਕੇ ਮਿਲਦੇ ਸਨ, ਅੱਜ ਇੱਕ ਸੌ ਤਿੰਨ ਮਿਲਦੇ ਹਨ। ਇਸ ਦੇ ਉਲਟ ਪਾਕਿਸਤਾਨ ਦੇ ਢਾਈ ਸੌ ਰੁਪਈਏ ਦਾ ਅਮਰੀਕੀ ਡਾਲਰ ਮਿਲਦਾ ਹੈ। ਅੱਜ ਬੰਗਲਾ ਦੇਸ਼ ਦੇ ਸੌ ਟਕੇ ਬਦਲੇ ਸਤਾਨਵੇਂ ਪੈਨੀਆਂ ਮਿਲਦੀਆਂ ਹਨ, ਪਾਕਿਸਤਾਨ ਦੇ ਸੌ ਰੁਪਈਏ ਬਦਲੇ ਮਸਾਂ ਬਤਾਲੀ ਪੈਨੀਆਂ ਪੱਲੇ ਪੈਣਗੀਆਂ। ਪਾਕਿਸਤਾਨ ਵਿੱਚ ਕੀ ਹੁੰਦਾ ਹੈ, ਉਸ ਨੂੰ ਭੁਲਾ ਕੇ ਸਾਨੂੰ ਇਹ ਵੇਖਣ ਦੀ ਲੋੜ ਹੈ ਕਿ ਬੰਗਲਾ ਦੇਸ਼ ਦੀ ਉਠਾਣ ਦਾ ਰਾਜ਼ ਕੀ ਹੈ! ਅਮਰੀਕਾ ਵਾਲੇ ਜਿਸ ਬੰਗਲਾ ਦੇਸ਼ ਨੂੰ ਆਜ਼ਾਦ ਹੋਣ ਵੇਲੇ ਕਹਿੰਦੇ ਸਨ ਕਿ ਇਹ ਆਪਣੀ ਹੋਂਦ ਕਾਇਮ ਨਹੀਂ ਰੱਖ ਸਕੇਗਾ, ਉਹੀ ਅੱਜ ਇਹ ਕਹਿ ਰਹੇ ਹਨ ਕਿ ਅਗਲੇ ਕੁਝ ਕੁ ਸਾਲਾਂ ਵਿੱਚ ਬੰਗਲਾ ਦੇਸ਼ ਆਰਥਿਕ ਪੱਖੋਂ ਦੂਸਰਾ ਚੀਨ ਬਣ ਸਕਦਾ ਹੈ।

## ਸਾਡੇ ਭਾਰਤੀਆਂ ਲਈ ਸੋਚਣ ਦੀ ਘੜੀ



ਸਾਡੇ ਭਾਰਤੀਆਂ ਲਈ ਸੋਚਣ ਦੀ ਘੜੀ ਹੈ ਕਿ ਇੱਕ ਪਾਸੇ ਬੰਗਲਾ ਦੇਸ਼ ਕੱਟੜਪੰਥੀਆਂ ਦੇ ਜ਼ੋਰਦਾਰ ਦਬਾਅ ਹੇਠ ਇਸਲਾਮੀ ਦੇਸ਼ ਬਣਨ ਪਿੱਛੋਂ ਫਿਰ ਸਾਂਝੀ ਰਿਪਬਲਿਕ ਬਣ ਗਿਆ ਹੈ, ਦੂਜੇ ਪਾਸੇ ਰਾਜਸੀ ਲੋੜ ਕਾਰਨ ਹਰ ਹੱਲੇ ਮਗਰੋਂ ਕੱਟੜਪੰਥੀਆਂ ਦੇ ਦਬਾਅ ਹੇਠ ਪਾਕਿਸਤਾਨ ਹੋਰ ਕੱਟੜਪੰਥੀ ਹੁੰਦਾ ਗਿਆ ਹੈ। ਬਿਨਾਂ ਸ਼ੱਕ ਪਾਕਿਸਤਾਨੀ ਇਸਲਾਮੀ ਦੇਸ਼ ਦੇ ਤੌਰ ਉੱਤੇ ਬਣਿਆ ਸੀ, ਪਰ ਇਸ ਨੇ ਵੱਡਾ ਕੱਟੜਪੰਥੀ ਕਦਮ ਬੰਗਲਾ ਦੇਸ਼ ਬਣਨ ਮਗਰੋਂ ਜ਼ੁਲਫਕਾਰ ਅਲੀ ਭੁੱਟੋ ਦੀ ਸਰਕਾਰ ਵੇਲੇ ਪੁੱਟਿਆ ਸੀ, ਜਦੋਂ ਅਹਿਮਦੀਆ ਭਾਈਚਾਰੇ ਦੇ ਮੁਸਲਮਾਨਾਂ ਨੂੰ 'ਗੈਰ-ਮੁਸਲਿਮ' ਕਰਾਰ ਦਿੱਤਾ ਸੀ ਅਤੇ ਓਦੋਂ ਤੋਂ ਅਹਿਮਦੀ ਮੁਸਲਮਾਨਾਂ ਉੱਤੇ ਹਮਲੇ ਹੋਣ ਲੱਗ ਪਏ ਸਨ। ਇਸ ਪਿੱਛੋਂ ਜਨਰਲ ਜ਼ੀਆ ਉਲ ਹੱਕ ਵਾਲੇ ਰਾਜ ਦੌਰਾਨ ਲੋਕਾਂ ਨੂੰ ਕੱਟੜਪੰਥੀ ਸੋਚ ਦੀ ਹੋਰ ਕਰੜੀ ਰੰਗਤ ਦਿੱਤੀ ਗਈ ਅਤੇ ਫਿਰ ਬੇਨਜ਼ੀਰ ਭੁੱਟੋ ਤੇ ਨਵਾਜ਼ ਸ਼ਰੀਫ ਜਾਂ ਜਨਰਲ ਮੁਸ਼ੱਰਫ ਦੀਆਂ ਸਰਕਾਰਾਂ ਨੇ ਆਪੋ-ਆਪਣੇ ਰਾਜ ਦੀ ਉਮਰ ਲੰਮੀ ਕਰਨ ਲਈ ਇਹੋ ਫਾਰਮੂਲਾ ਵਰਤ ਕੇ ਦੇਸ਼ ਨੂੰ ਹੋਰ ਤੋਂ ਹੋਰ ਨਿਘਾਰ ਵੱਲ ਧੱਕਿਆ ਸੀ, ਜਿਸ ਵਿੱਚੋਂ ਇਹ ਕਦੇ ਨਿਕਲ ਨਹੀਂ ਸਕਿਆ। ਉਸ ਦੇਸ਼ ਵਿਚਲਾ ਹਰ ਵੱਡਾ ਆਗੂ ਇਹ ਕਹਿੰਦਾ ਹੈ ਕਿ ਪਾਕਿਸਤਾਨ ਸਾਰੀ ਦੁਨੀਆ ਵਿੱਚ 'ਮੰਗ-ਖਾਣਾ' ਬਣ ਗਿਆ ਹੈ, ਪਰ ਉਸ ਦੀ ਇਹ ਹਾਲਤ ਬਣਾਉਣ ਵਿੱਚ ਕਸਰ ਕਿਸੇ ਨੇ ਵੀ ਨਹੀਂ ਛੱਡੀ। ਜਿਹੜਾ ਕੋਈ ਦੇਸ਼ ਦੀ ਵਾਗ ਸੰਭਾਲਣ ਜੋਗਾ ਹੋਇਆ ਹੈ, ਉਸ ਨੇ ਲੋਕਾਂ ਨੂੰ ਭੜਕਾਇਆ ਅਤੇ ਆਪਣੀਆਂ ਸੱਤਾਂ ਪੀੜ੍ਹੀਆਂ ਜੋਗੀ ਕਮਾਈ ਕੀਤੀ ਅਤੇ ਹੋਰ ਭੱਠਾ ਬਿਠਾਇਆ ਹੈ।

ਜਿਨ੍ਹਾਂ ਗੱਲਾਂ ਤੋਂ ਬੰਗਲਾ ਦੇਸ਼ ਨੇ ਬਚਣ ਦਾ ਯਤਨ ਕੀਤਾ ਅਤੇ ਪਾਕਿਸਤਾਨ ਨੂੰ ਪਛਾੜ ਕੇ ਆਪਣੀ ਆਜ਼ਾਦ ਹੋਂਦ ਨੂੰ ਸਹੀ ਸਾਬਤ ਕੀਤਾ ਹੈ, ਉਨ੍ਹਾਂ ਬਾਰੇ ਭਾਰਤੀ ਰਾਜਨੀਤੀ ਦੇ ਮਹਾਂਰਥੀਆਂ ਨੂੰ ਵੀ ਸੋਚਣਾ ਪਵੇਗਾ। ਜਿਹੜੇ ਹਾਲਾਤ ਅੱਜ ਭਾਰਤ ਵਿੱਚ ਬਣਦੇ ਜਾਂਦੇ ਹਨ, ਜਾਂ ਬਣਾਏ ਜਾ ਰਹੇ ਹਨ, ਇਹ ਦੇਸ਼ ਨੂੰ ਉਸ ਰਾਹੇ ਪਾ ਦੇਣਗੇ, ਜਿਸ ਰਾਹ ਤੋਂ ਬੰਗਲਾ ਦੇਸ਼ ਵੱਡਾ ਮੋੜਾ ਕੱਟ ਕੇ ਲੀਹੇ ਪਿਆ ਹੈ। ਵਧਦੇ ਕੱਟੜਪੰਥੀ ਮਾਹੌਲ ਅਤੇ ਉਸ ਮਾਹੌਲ ਨੂੰ ਦੇਸ਼ ਦੀ ਸਰਕਾਰ ਦੀ ਸ਼ਹਿ ਨਾਲ ਕਈ ਦੇਸ਼ ਆਪਣਾ ਭਵਿੱਖ ਕਾਲਾ ਕਰ ਚੁੱਕੇ ਹਨ। ਭਾਰਤ ਨੂੰ ਇਸ ਤੋਂ ਬਚਣ ਦੀ ਲੋੜ ਹੈ। ਮੁਸ਼ਕਲ ਇਹ ਹੈ ਕਿ ਜਿਨ੍ਹਾਂ ਨੂੰ ਕੁਰਸੀ ਦਿੱਸ ਪਵੇ, ਉਹ ਏਦਾਂ ਦੀਆਂ ਗੱਲਾਂ ਸੋਚਣ ਦੀ ਲੋੜ ਨਹੀਂ ਸਮਝਦੇ। ਦੇਸ਼ ਲੀਡਰਾਂ ਦਾ ਨਹੀਂ ਹੁੰਦਾ, ਉਸ ਦੇਸ਼ ਦੇ ਲੋਕਾਂ ਦਾ ਹੁੰਦਾ ਹੈ, ਲੋਕ ਹੀ ਉਸ ਨੂੰ ਸਿਰਜਦੇ ਹਨ, ਲੋਕ ਹੀ ਰਾਖੀ ਲਈ ਕੁਰਬਾਨੀਆਂ ਦੇਣ ਅਤੇ ਪਸੀਨਾ ਵਗਾਉਣ ਦਾ ਕੰਮ ਕਰਦੇ ਹਨ ਤਾਂ ਦੇਸ਼ ਕੁਰਾਹੇ ਪੈਂਦਾ ਜਾਪਦਾ ਹੋਵੇ ਤਾਂ ਚਿੰਤਾ ਵੀ ਲੋਕਾਂ ਨੂੰ ਹੀ ਕਰਨੀ ਪੈਣੀ ਹੈ।


# ਸ਼ਰਧਾਂਜਲੀ : ਸਿੱਖ ਕੌਮ ਦੇ ਵਿਦਵਾਨ ਸ. ਪਾਲ ਸਿੰਘ ਪੁਰੇਵਾਲ ਹਿਜਰੀ ਕੈਲੰਡਰ ਅਤੇ ਪੰਜ ਸੌ ਸਾਲਾ ਜੰਤਰੀ ਤੋਂ ਨਾਨਕਸ਼ਾਹੀ ਕੈਲੰਡਰ ਤੱਕ ਦਾ ਸਫ਼ਰ

-ਡਾ. ਗੁਰਵਿੰਦਰ ਸਿੰਘ

ਨਾਨਕਸ਼ਾਹੀ ਕੈਲੰਡਰ ਤਿਆਰ ਕਰਨ ਵਾਲੇ ਸ. ਪਾਲ ਸਿੰਘ ਪੁਰੇਵਾਲ 22 ਸਤੰਬਰ 2022 ਦਿਨ ਵੀਰਵਾਰ, ਸਵੇਰੇ ਦੇ ਸਮੇਂ ਐਡਮਿੰਟਨ ਸ਼ਹਿਰ ਵਿਖੇ ਅਕਾਲ ਚਲਾਣਾ ਕਰ ਗਏ ਹਨ। ਆਪ ਦੀ ਉਮਰ 90 ਸਾਲ ਦੇ ਕਰੀਬ ਸੀ ਅਤੇ ਪਿਛਲੇ ਕੁਝ ਦਿਨਾਂ ਤੋਂ ਹਸਪਤਾਲ ਵਿੱਚ ਦਾਖ਼ਲ ਸਨ। ਪਰਿਵਾਰਕ ਸੂਤਰਾਂ ਅਨੁਸਾਰ ਵੀਰਵਾਰ ਸਵੇਰੇ 1.30 ਵਜੇ ਦੇ ਕਰੀਬ ਭਾਈ ਸਾਹਿਬ ਨੇ ਆਖ਼ਰੀ ਸੁਆਸ ਲਏ। ਪੰਜਾਬ ਦੀ ਜ਼ਿਲ੍ਹਾ ਜਲੰਧਰ ਨਾਲ ਸਬੰਧਤ ਪਿੰਡ ਸ਼ੰਕਰ (ਸ਼ੰਕਰ ਸ਼ਰੀਂਹ) ਵਿਖੇ ਆਪ ਦਾ ਜਨਮ 23 ਨਵੰਬਰ 1932 ਵਿੱਚ ਹੋਇਆ। ਪੰਜਾਬ 'ਚ ਵੱਖ- ਵੱਖ ਸੇਵਾਵਾਂ ਨਿਭਾਉਣ ਤੋਂ ਮਗਰੋਂ ਆਪ ਪਹਿਲਾਂ 1965 ਈਸਵੀ ਵਿਚ ਇੰਗਲੈਂਡ ਅਤੇ ਮਗਰੋਂ 1974 ਵਿਚ ਆ ਵਸੇ, ਜਿਥੇ ਅਧਿਆਪਨ ਅਤੇ ਇੰਜਨੀਅਰਿੰਗ ਖੇਤਰ ਵਿੱਚ ਲੰਮਾ ਸਮਾਂ ਸੇਵਾਵਾਂ ਕੀਤੀਆਂ।

ਵਿੱਦਿਆ ਖੇਤਰ ਦੇ ਮਾਹਰ ਸ. ਪਾਲ ਸਿੰਘ ਪੁਰੇਵਾਲ ਪੰਜਾਬੀ, ਅੰਗਰੇਜ਼ੀ, ਸੰਸਕ੍ਰਿਤ ਅਤੇ ਫ਼ਾਰਸੀ ਦੇ ਗਿਆਤਾ ਸਨ, ਜਿਨ੍ਹਾਂ ਨੇ ਈਸਾਈ, ਹਿੰਦੂ ਅਤੇ ਮੁਸਲਿਮ ਧਰਮ ਗ੍ਰੰਥਾਂ ਦਾ ਅਧਿਐਨ ਕੀਤਾ ਅਤੇ ਉਨ੍ਹਾਂ ਦੇ ਵਿਸ਼ਲੇਸ਼ਣ ਮਗਰੋਂ ਕੈਲੰਡਰ ਤਿਆਰ ਕੀਤੇ। ਇਸ ਦੌਰਾਨ ਆਪ ਨੇ ਮੁਸਲਿਮ ਭਾਈਚਾਰੇ ਦੀ ਮੰਗ 'ਤੇ ਹਿਜਰੀ ਕੈਲੰਡਰ ਤਿਆਰ ਕੀਤਾ, ਜੋ ਕਿ ਪਾਕਿਸਤਾਨ ਵਿਖੇ ਪੰਜਾਬ ਦੇ ਗਵਰਨਰ ਵੱਲੋਂ ਵੱਡੇ ਸਮਾਗਮ ਦੌਰਾਨ ਰਿਲੀਜ਼ ਕੀਤਾ ਗਿਆ। ਆਪ ਨੂੰ ਹਿਜਰੀ ਕੈਲੰਡਰ ਤਿਆਰ ਕਰਨ ਲਈ ਪਾਕਿਸਤਾਨ ਵਿੱਚ 'ਲਾਈਫ ਟਾਈਮ ਅਚੀਵਮੈਂਟ ਅਵਾਰਡ'' ਭਾਵ ਜੀਵਨ ਭਰ ਦੀਆਂ ਪ੍ਰਾਪਤੀਆਂ ਲਈ ਸਨਮਾਨ ਦਿੱਤਾ ਗਿਆ। ਸੰਨ 1994 ਵਿਚ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੰਗ ਤੇ ਆਪ ਵੱਲੋਂ ਪੰਜ ਸੌ ਸਾਲਾ ਜੰਤਰੀ ਤਿਆਰ ਕੀਤੀ ਗਈ।

ਸ ਪਾਲ ਸਿੰਘ ਪੁਰੇਵਾਲ ਵੱਲੋਂ ਘਾਲਣਾ ਨਾਲ ਗਰਿਗੋਰੀਅਨ ਕੈਲੰਡਰ ਵਾਂਗ ਸੂਰਜ ਦੇ ਦੁਆਲੇ ਧਰਤੀ ਦੇ ਗੇੜੇ ਨੂੰ ਆਧਾਰ ਬਣਾ ਕੇ ਨਾਨਕਸ਼ਾਹੀ ਕੈਲੰਡਰ




ਦਾ ਨਿਰਮਾਣ ਕੀਤਾ ਗਿਆ। 1999 ਤਿੰਨ ਸੌ ਸਾਲਾ ਖਾਲਸਾ ਸਾਜਨਾ ਦਿਹਾੜੇ ਮੌਕੇ ਆਪ ਵੱਲੋਂ ਤਿਆਰ ਕੀਤਾ ਗਿਆ ਨਾਨਕਸ਼ਾਹੀ ਕੈਲੰਡਰ ਅਕਾਲ ਤਖ਼ਤ ਨੂੰ ਪ੍ਰਵਾਨ ਕੀਤਾ ਗਿਆ, ਪਰ ਇਸ ਦੇ ਬਾਵਜੂਦ ਸਿੱਖ ਕੌਮ ਦੀ ਵੱਖਰੀ ਪਛਾਣ ਦੀ ਪ੍ਰਤੀਕ 'ਮੂਲ ਨਾਨਕਸ਼ਾਹੀ ਕੈਲੰਡਰ' ਲਾਗੂ ਕਰਨ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਹੀ ਫੈਸਲੇ ਤੋਂ ਪਿਛੇ ਹਟ ਕੇ, ਉਸ ਵਿੱਚ ਕਈ ਤਰ੍ਹਾਂ ਦੀਆਂ ਤਬਦੀਲੀਆਂ ਕਰ ਦਿੱਤੀਆਂ ਗਈਆਂ।

ਮੂਲ ਨਾਨਕਸ਼ਾਹੀ ਕੈਲੰਡਰ ਰੱਦ ਕਰਨ ਦੀ ਕਾਰਵਾਈ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਦੀ ਥਾਂ, ਵਿਸ਼ੇਸ਼ ਇਕੱਤਰਤਾ ਦੌਰਾਨ ਅਗਜੈਕਟਿਵ ਕਮੇਟੀ ਰਾਹੀਂ ਕੀਤੀ ਗਈ, ਜਿਸ ਦੇ ਬਾਰਾਂ ਮੈਂਬਰਾਂ ਚੋਂ ਚਾਰ ਮੈਂਬਰਾਂ ਨੇ ਇਸ ਦਾ ਵਿਰੋਧ ਵੀ ਕੀਤਾ, ਜਿਨ੍ਹਾਂ ਵਿੱਚ ਸ਼ਾਮਲ ਮੈਂਬਰਾਂ 'ਚੋਂ ਅੱਜ ਕੱਲ੍ਹ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਕਰਨੈਲ ਸਿੰਘ ਪੰਜੋਲੀ ਅਤੇ ਮੈਂਬਰ ਬੀਬੀ ਕਿਰਨਜੋਤ ਕੌਰ ਵੀ ਸ਼ਾਮਲ ਸਨ। 'ਉਨ੍ਹਾਂ ਅਨੁਸਾਰ' ਕੈਲੰਡਰ ਰੱਦ ਕਰਨ ਦਾ ਫ਼ੈਸਲਾ ਸੰਤ ਸਮਾਜ, ਡੇਰੇਦਾਰਾਂ, ਨਿਰਮਲਿਆਂ ਅਤੇ ਜੋਤਸ਼ੀਆਂ ਸਮੇਤ ਰਾਸ਼ਟਰੀ ਸੇਵਕ ਸੰਘ ਦੇ ਪ੍ਰਭਾਵ ਅਧੀਨ ਵੋਟ ਰਾਜਨੀਤੀ



ਲਈ ਤਤਕਾਲੀ ਅਕਾਲੀ -ਭਾਜਪਾ ਸਰਕਾਰ ਦੇ ਗੱਠਜੋੜ ਦੀ ਸ਼ਹਿ 'ਤੇ ਲਿਆ ਗਿਆ, ਜੋ ਕਿ ਅਤਿ ਦੁਖਦਾਈ ਸੀ।

ਇਉਂ ਸੂਰਜੀ ਕੈਲੰਡਰ ਅਨੁਸਾਰ ਸ. ਪੁਰੇਵਾਲ ਵਲੋਂ ਤਿਆਰ ਕੀਤੇ ਨਾਨਕਸ਼ਾਹੀ ਕੈਲੰਡਰ ਨੂੰ ਦਰਕਿਨਾਰ ਕਰਕੇ, ਮੁੜ ਚੰਦਰਮਾ ਕੈਲੰਡਰ ਮੁਤਾ-ਬਕ ਬਿਕਰਮੀ ਕੈਲੰਡਰ ਦੀਆਂ ਤਾਰੀਖਾਂ ਸ਼੍ਰੋਮਣੀ ਕਮੇਟੀ ਵੱਲੋਂ ਲਾਗੂ ਕਰ ਦਿੱਤੀਆਂ ਗਈਆਂ, ਪਰ ਗੁਮ-ਰਾਹਕੁਨ ਤਰੀਕੇ ਨਾਲ ਕੈਲੰਡਰ ਦਾ ਨਾਂ 'ਨਾਨਕਸ਼ਾਹੀ ਕੈਲੰਡਰ' ਹੀ ਰੱਖਿਆ ਗਿਆ, ਜੋ ਕਿ ਭਾਈ ਪਾਲ ਸਿੰਘ ਪੁਰੇਵਾਲ ਨੇ ਦਿੱਤਾ ਸੀ।

ਇਸ ਸੱਚਾਈ ਨੂੰ ਬਿਆਨ ਕਰਦੀ ਸ.ਪਾਲ ਸਿੰਘ ਪੁਰੇਵਾਲ ਦੀ ਨਵੀਂ ਕਿਤਾਬ 'ਨਾਨਕਸ਼ਾਹੀ ਕੈਲੰਡਰ' ਹਾਲ ਹੀ ਵਿੱਚ ਛਪੀ ਹੈ, ਜੋ ਕਿ ਅੱਜ ਸਰੀ ਵਿਚ ਰਿਲੀਜ਼ ਹੋਣੀ ਹੈ। ਇਹ ਕਿਤਾਬ ਅੰਗਰੇਜ਼ੀ ਵਿੱਚ ਪ੍ਰਕਾਸ਼ਤ ਕੀਤੀ ਗਈ ਹੈ ਅਤੇ ਇਸ ਵਿੱਚ ਨਾਨਕਸ਼ਾਹੀ ਕੈਲੰਡਰ ਬਾਰੇ ਅਹਿਮ ਖੁਲਾਸੇ ਕੀਤੇ ਗਏ ਹਨ।

ਉਨ੍ਹਾਂ ਦੇ ਜਿਊਂਦੇ ਜੀਅ, ਨਾਨਕਸ਼ਾਹੀ ਕੈਲੰਡਰ ਨੂੰ ਸਤਿਕਾਰ ਦੇ ਕੇ ਲਾਗੂ ਕੀਤੇ ਜਾਣਾ ਬਣਦਾ ਸੀ, ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਅਜੇ ਤਕ ਮੁਕੰਮਲ ਰੂਪ ਵਿੱਚ ਮਾਨਤਾ ਨਹੀਂ ਮਿਲੀ।

ਲੇਖਕ ਨੂੰ ਸੰਨ 2000 ਤੋਂ ਲੈ ਕੇ ਕਈ ਵਾਰ, ਸ. ਪੁਰੇਵਾਲ ਨਾਲ ਮੁਲਾਕਾਤ ਦਾ ਮੌਕਾ ਮਿਲਿਆ, ਜਿਨ੍ਹਾਂ ਹਮੇਸ਼ਾਂ ਹੀ ਇਸ ਗੱਲ 'ਤੇ ਦੁੱਖ ਪ੍ਰਗਟਾਇਆ ਕਿ ਸਿੱਖਾਂ ਵਿੱਚ ਧਰਮ ਦੇ ਉੱਪਰ ਸਿਆਸਤ ਭਾਰੂ ਹੋ ਚੁੱਕੀ ਹੈ, ਜਿਸ ਕਾਰਨ ਸਹੀ ਫ਼ੈਸਲੇ ਲੈਣ ਦੀ ਥਾਂ, ਸਿਆਸੀ ਹਿੱਤਾਂ ਨੂੰ ਹੀ ਵੇਖਿਆ ਜਾਂਦਾ ਹੈ। ਸਿੱਖ ਵਿਦਵਾਨ ਭਾਈ ਪੁਰੇਵਾਲ ਨੇ ਚਲਾਣੇ ਤੋਂ ਕੁਝ ਦਿਨ ਪਹਿਲਾਂ ਬੇਬਾਕੀ ਨਾਲ ਇਹ ਗੱਲ ਨਜ਼ਦੀਕੀਆਂ ਨੂੰ ਕਹੀ ਸੀ ਕਿ ਚਾਹੇ ਉਨ੍ਹਾਂ ਦੇ ਜਿਊਂਦੇ ਜੀਅ ਅਤੇ ਚਾਹੇ ਉਨ੍ਹਾਂ ਦੀ ਮੌਤ ਮਗਰੋਂ ਹੀ ਸਹੀ, ਪਰ ਇੱਕ ਦਿਨ ਸਿੱਖ ਕੌਮ ਨੂੰ ਨਾਨਕਸ਼ਾਹੀ ਕੈਲੰਡਰ ਮੁਕੰਮਲ ਰੂਪ 'ਚ ਕਰਨਾ ਹੀ ਪਵੇਗਾ, ਉਹ ਚਾਹੇ ਅੱਜ ਕਰ ਲੈਣ ਜਾਂ ਕੱਲ ਕਰ ਲੈਣ। ਵੇਖਣਾ ਇਹ ਹੈ ਕਿ ਸ.ਪਾਲ ਸਿੰਘ ਪੁਰੇਵਾਲ ਦਾ ਇਹ ਕਥਨ ਕਦੋਂ ਸੱਚ ਹੁੰਦਾ ਹੈ।

ਸ. ਪਾਲ ਸਿੰਘ ਪੁਰੇਵਾਲ ਦਾ ਅੰਤਿਮ ਸੰਸਕਾਰ ਦਿਨ ਮੰਗਲਵਾਰ 27 ਸਤੰਬਰ ਦਪਿਹਰ 1 ਵਜੇ 6403 ਰੋਪੜ ਰੋਡ 63 6 ਵਿਖੇ ਹੋਵੇਗਾ। ਸਸਕਾਰ ਤੋਂ ਉਪਰੰਤ ਪਾਠ ਦੇ ਭੋਗ ਅਤੇ ਅਰਦਾਸ ਉਸੇ ਦਿਨ ਬਾਅਦ ਦੁਪਹਿਰ 3 ਵਜੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, 4504 ਮਿਲਵੁੱਡਜ਼ ਰੋਡ ਸਾਉਥ, ਐਡਮਿੰਟਨ ਵਿਖੇ ਹੋਵੇਗੀ। ਇਸ ਦੌਰਾਨ ਕੈਨੇਡੀਅਨ ਸਿੱਖ ਸਟੱਡੀਜ਼ ਐਂਡ ਟੀਚਿੰਗ ਸੁਸਾਇਟੀ ਸਮਸਤ ਬੀਸੀ ਦੀਆਂ ਸਿੱਖ ਸੰਸਥਾਵਾਂ ਵੱਲੋਂ ਸਰੀ ਸਥਿਤ ਯਾਰਕ ਸੈਂਟਰ ਵਿਖੇ ਸ ਪਾਲ ਸਿੰਘ ਪੁਰੇਵਾਲ ਨੂੰ ਅੱਜ ਸ਼ਰਧਾਂਜਲੀ ਭੇਟ ਕੀਤੀ ਜਾਏਗੀ ਅਤੇ ਉਨ੍ਹਾਂ ਦੀ ਲਿਖੀ ਕਿਤਾਬ ਲੋਕ ਅਰਪਣ ਕੀਤੀ ਜਾਏਗੀ। ਇਸ ਮੌਕੇ 'ਤੇ ਕਿਤਾਬ ਰਿਲੀਜ਼ ਸਮਾਰੋਹ ਦੀ ਅਗਵਾਈ ਡਾ ਬਲਵੰਤ ਸਿੰਘ ਢਿੱਲੋਂ ਕਰਨਗੇ, ਜੋ ਕਿ ਪਾਲ ਸਿੰਘ ਪੁਰੇਵਾਲ ਹੁਰਾਂ ਦੇ ਨਜ਼ਦੀਕੀਆਂ ਵਿੱਚੋਂ ਇੱਕ ਸਨ।

# ਉੱਚ ਸਿੱਖਿਆ ਵਿੱਚ ਵਿਸ਼ਿਆਂ ਦਾ ਸੰਗਮ

ਵਿਜੈ ਗਰਗ

ਏਕੀਕ੍ਰਿਤ ਮਾਡਲ ਇੱਕ ਪਾਠਕ੍ਰਮ ਵਿੱਚ ਕਈ ਵਿਸ਼ਿਆਂ ਅਤੇ ਖੋਜ ਦੇ ਵੱਖ-ਵੱਖ ਤਰੀਕਿਆਂ ਦਾ ਗਿਆਨ ਲਿਆਉਂਦਾ ਹੈ। ਕੋਰਸਾਂ ਦੇ ਗ੍ਰੈਜੂਏਟਾਂ ਨੂੰ ਸਮਾਜਿਕ ਸਿਹਤ ਸੁਰੱਖਿਆ ਬਾਰੇ ਸਿੱਖਿਅਤ ਕੀਤਾ ਜਾਣਾ ਚਾਹੀਦਾ ਹੈ ਅਤੇ ਰਚਨਾਤਮਕ ਹੱਲਾਂ ਦੀ ਸੰਭਾਵਨਾ ਲਈ ਵੱਖ-ਵੱਖ ਸੱਭਿਆਚਾਰਕ, ਸਮਾਜਿਕ-ਵਾਤਾਵਰਣ ਅਤੇ ਆਰਥਿਕ ਸੰਦਰਭਾਂ ਬਾਰੇ ਜਾਗਰੂਕਤਾ ਵਧੀ ਹੈ। ਉੱਚ ਸਿੱਖਿਆ ਵਿੱਚ ਕੇਵਲ ਇੱਕ ਏਕੀਕ੍ਰਿਤ ਪਹੁੰਚ ਹੀ ਬੌਧਿਕ ਸ਼ਮੂਲੀਅਤ, ਨੀਤੀ-ਆਧਾਰਿਤ ਹੱਲ ਅਤੇ ਗਤੀਸ਼ੀਲਤਾ ਨੂੰ ਸੰਭਵ ਬਣਾ ਸਕਦੀ ਹੈ। ਦੁਨੀਆ ਭਰ ਵਿੱਚ ਅਕਾਦਮਿਕ ਢਾਂਚਾਮਾਰਕੀਟ ਮੁੱਲਾਂ, ਉੱਚ ਸਿੱਖਿਆ ਦੇ ਨਿੱਜੀਕਰਨ ਅਤੇ ਉਪਯੋਗਤਾਵਾਦ ਦੁਆਰਾ ਸੰਚਾਲਿਤ। ਇਸ ਅਕਾਦਮਿਕ ਮਾਹੌਲ ਤੋਂ ਗ੍ਰੈਜੂਏਟਾਂ ਤੋਂ ਥੋੜ੍ਹੇ ਸਮੇਂ ਵਿੱਚ ਕੰਮ ਕਰਨ ਵਾਲੀ ਆਬਾਦੀ ਦਾ ਹਿੱਸਾ ਬਣਨ ਦੀ ਉਮੀਦ ਕੀਤੀ ਜਾਂਦੀ ਹੈ। ਇੱਕ ਆਮ ਧਾਰਨਾ ਹੈ ਕਿ (ਵਿਗਿਆਨ, ਤਕਨਾਲੋਜੀ, ਇੰਜਨੀਅਰਿੰਗ ਅਤੇ ਗਣਿਤ) ਜਾਂ ਵਣਜ ਦੇ ਮੁਕਾਬਲੇ ਕਲਾ ਅਤੇ ਸਮਾਜਿਕ ਵਿਗਿਆਨ ਦੇ ਗ੍ਰੈਜੂਏਟਾਂ ਲਈ ਘੱਟ ਵਪਾਰਕ ਮੌਕੇ ਹਨ। ਕੋਵਿਡ ਮਹਾਂਮਾਰੀ ਨੇ ਇਸ ਧਾਰਨਾ ਨੂੰ ਹੋਰ ਮਜ਼ਬੂਤ ਕੀਤਾ ਹੈ। ਨਤੀਜੇ ਵਜੋਂ ਆਰਟਸ ਅਤੇ ਹਿਊਮੈਨਟੀਜ਼ ਫੈਕਲਟੀ ਦੇ ਸਰੋਤਾਂ ਵਿੱਚ ਭਾਰੀ ਕਟੌਤੀ ਕੀਤੀ ਗਈ ਹੈ। ਇੱਕ ਵਿਸ਼ਵ ਪੱਧਰ 'ਤੇਕਲਾ ਅਤੇ ਮਨੁੱਖਤਾ ਨਾਲ ਸਬੰਧਤ ਕਈ ਪ੍ਰੋਗਰਾਮ ਅਤੇ ਕੋਰਸ ਵੀ ਬੰਦ ਕਰ ਦਿੱਤੇ ਗਏ ਹਨ। ਕੀ ਹੋਣਾ ਚਾਹੀਦਾ ਹੈ ਕਿ ਤਕਨਾਲੋਜੀ ਅਤੇ ਕਲਾ ਅਤੇ ਮਨੁੱਖਤਾ ਵਿਚਕਾਰ ਸੰਤੁਲਨ ਹੋਣਾ ਚਾਹੀਦਾ ਹੈ. ਇਸ ਸੰਦਰਭ ਵਿੱਚ ਧਿਆਨ ਦੇਣ ਯੋਗ ਹੈ ਕਿ ਅਮਰੀਕਾ ਵਿੱਚ ਨੈਸ਼ਨਲ ਅਕੈਡਮੀ ਆਫ਼ ਇੰਜੀਨੀਅਰਿੰਗ ਨੇ ਇੱਕ ਰਿਪੋਰਟ 'ਇੰਜੀਨੀਅਰਿੰਗ ਲਈ ਮਹਾਨ ਚੁਣੌਤੀਆਂ' ਵਿੱਚ ਪ੍ਰਮੁੱਖ ਵਿਸ਼ਵ ਚੁਣੌਤੀਆਂ ਦੀ ਪਛਾਣ ਕੀਤੀ ਹੈ। ਅਮਰੀਕਨ ਸੋਸਾਇਟੀ ਆਫ਼ ਮਕੈਨੀਕਲ ਇੰਜੀਨੀਅਰਜ਼ ਸਟ੍ਰੈਟਜੀ ਵਿਜ਼ਨ 2030 ਅਤੇ ਨੈਸ਼ਨਲ ਅਕੈਡਮੀ ਆਫ਼ ਸਾਇੰਸਿਜ਼ ਇਹ ਵੀ ਸਿਫ਼ਾਰਸ਼ ਕਰਦੇ ਹਨ ਕਿ ਸਮਾਜਿਕ ਚੁਣੌਤੀਆਂ ਦੇ ਹੱਲ ਤਕਨੀਕੀ ਗਿਆਨ ਤੋਂ ਪਰੇ ਹਨ। ਜਾਣਾ ਚਾਹੀਦਾ ਹੈ। ਵੱਖ-ਵੱਖ ਸੰਦਰਭਾਂ ਵਿੱਚ ਕਈ ਹੋਰ ਅਧਿਐਨਾਂ ਵੀ ਇਸੇ ਸਿੱਟੇ 'ਤੇ ਪਹੁੰਚੀਆਂ ਹਨ। ਮਹਾਂਮਾਰੀ ਨੇ ਸਾਨੂੰ ਸਿਖਾਇਆ ਹੈ ਕਿ ਵਿਸ਼ਵ ਦੀਆਂ ਗੰਭੀਰ ਸਮੱਸਿਆਵਾਂ ਦਾ ਹੱਲ ਸਾਰੇ ਵਿਸ਼ਿਆਂ ਦੇ ਨਿਰੰਤਰ ਸਹਿਯੋਗ ਵਿੱਚ ਹੈ। ਸਾਨੂੰ ਨਾ ਸਿਰਫ਼ ਕਲਾ, ਸਮਾਜ ਸ਼ਾਸਤਰ ਅਤੇ ਮਾਨਵਤਾ ਨਾਲ ਸਬੰਧਤ ਵਿਸ਼ਿਆਂ ਦੀ ਲੋੜ ਹੈ, ਸਗੋਂ ਇੰਜਨੀਅਰਿੰਗ ਅਤੇ ਡਿਗਰੀ ਕੋਰਸਾਂ ਵਿੱਚ ਉਨ੍ਹਾਂ ਨੂੰ ਸ਼ਾਮਲ ਕਰਨਾ ਵੀ ਬਰਾਬਰ ਜ਼ਰੂਰੀ ਹੈ। ਉੱਚ ਸਿੱਖਿਆ ਵਿੱਚ ਇੰਜਨੀਅਰਿੰਗ ਪਾਠਕ੍ਰਮ ਨੇ ਤਕਨੀਕੀ ਸਿੱਖਿਆ 'ਤੇ ਇੰਨਾ ਧਿਆਨ ਕੇਂਦਰਿਤ ਕੀਤਾ ਹੈ ਕਿ ਮਨੁੱਖੀ ਕਦਰਾਂ-ਕੀਮਤਾਂ ਵਾਲੇ ਵਿਸ਼ੇ ਜਿਵੇਂ ਕਿ ਕਲਾ ਅਤੇ ਸਮਾਜ ਸ਼ਾਸਤਰ। ਉਸ ਪ੍ਰਤੀ ਉਦਾਸੀਨਤਾ ਹੈ। ਆਮ ਤੌਰ 'ਤੇ ਇੰਜੀਨੀਅਰਿੰਗ ਦੇ ਵਿਦਿਆਰਥੀ ਕਲਾ ਅਤੇ ਮਨੁੱਖਤਾ ਦੇ ਪ੍ਰਵਾਨਿਤ ਕੋਰਸਾਂ ਦੀ ਸੂਚੀ ਵਿੱਚੋਂ ਕੁਝ ਵਿਸ਼ਿਆਂ ਦਾ ਅਧਿਐਨ ਸਿਰਫ਼ ਸਿੱਖਿਆ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਕਰਦੇ ਹਨ, ਜਿਨ੍ਹਾਂ ਦਾ ਇੱਕ ਦੂਜੇ ਨਾਲ ਕੋਈ ਸਬੰਧ ਨਹੀਂ ਹੁੰਦਾ ਹੈ। ਅਮਰੀਕਾ ਵਰਗੇ ਦੇਸ਼ਾਂ ਵਿੱਚ, ਇੰਜੀਨੀਅਰਿੰਗ ਵਿੱਚ ਬੈਚਲਰ ਡਿਗਰੀ ਲਈ ਪਾਠਕ੍ਰਮ ਦਾ 15-20 ਪ੍ਰਤੀਸ਼ਤ ਕਲਾ ਅਤੇ ਮਨੁੱਖਤਾ ਨਾਲ ਸਬੰਧਤ ਹੈ। ਇਸ ਦੇ ਨਾਲ ਹੀ ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ ਭਾਵ ਆਈਆਈਟੀ ਵਿੱਚ ਬੈਚਲਰ ਡਿਗਰੀ ਲਈ ਲਗਭਗ 10 ਫੀਸਦੀ ਕੋਰਸ ਆਰਟਸ ਅਤੇ ਹਿਊਮੈਨਟੀਜ਼ ਨਾਲ ਸਬੰਧਤ ਹਨ। ਰਾਸ਼ਟਰੀ ਤਕਨਾਲੋਜੀ ਸੰਸਥਾਵਾਂ ਵਿੱਚ ਇਹ ਤਿੰਨ ਫੀਸਦੀ ਤੋਂ ਵੀ ਘੱਟ ਹੈ, ਜਦੋਂ ਕਿ ਵੱਖ-ਵੱਖ ਰਾਜਾਂ ਦੇ ਕਈ ਇੰਜਨੀਅਰਿੰਗ ਕਾਲਜਾਂ ਵਿੱਚ ਆਰਟਸ ਅਤੇ ਹਿਊਮੈਨਟੀਜ਼ ਦੇ ਕੋਰਸ ਹੀ ਉਪਲਬਧ ਨਹੀਂ ਹਨ। ਕੁਝ ਅਪਵਾਦ ਹੋ ਸਕਦੇ ਹਨ। ਤਕਨੀਕੀ ਖੇਤਰ ਵਿੱਚ ਪਿਛਲੇ ਕੁਝ ਦਹਾਕਿਆਂ ਵਿੱਚ ਵੱਡੀ ਤਰੱਕੀ ਹੋਈ ਹੈ। ਇਸ ਗਤੀਸ਼ੀਲ, ਵਿਕਾਸਸ਼ੀਲ ਵਾਤਾਵਰਣ ਵਿੱਚ, ਗ੍ਰੈਜੂਏਟਾਂ ਲਈ ਆਪਣੇ ਵਿਚਾਰਾਂ ਨੂੰ ਸਪਸ਼ਟ ਰੂਪ ਵਿੱਚ ਸੰਚਾਰ ਕਰਨ, ਅਚਾਨਕ ਸਮੱਸਿਆਵਾਂ ਨੂੰ ਹੱਲ ਕਰਨ ਜਾਂ ਇੱਕ ਸਮੂਹ ਵਿੱਚ ਚੰਗੀ ਤਰ੍ਹਾਂ ਕੰਮ ਕਰਨ ਲਈ ਉਹਨਾਂ ਨੂੰ ਵਰਤਮਾਨ ਅਤੇ ਭਵਿੱਖ ਦੇ ਯੋਗ ਬਣਾਉਣ ਲਈ ਵਿਸ਼ੇਸ਼ ਲੋੜ ਹੈ। ਅਜਿਹੀ ਸਿੱਖਿਆ ਤੋਂ ਜਿਸ ਵਿੱਚ ਕੱਲ੍ਹ ਇੰਜਨੀਅਰਿੰਗ ਪਾਠਕ੍ਰਮ, ਸਿੱਖਿਆ ਅਤੇ ਮਾਨਵਤਾ ਦੇ ਕੋਰਸਾਂ ਵਿੱਚ ਸੋਚ-ਸਮਝ ਕੇ ਏਕੀਕ੍ਰਿਤ, ਆਲੋਚਨਾਤਮਕ ਸਮੀਖਿਆ ਦੀ ਸਮਰੱਥਾ, ਗੱਲਬਾਤ ਕਰਨ ਦੀ ਸਮਰੱਥਾ, ਇਕੱਠੇ ਕੰਮ ਕਰਨ ਦੀ ਯੋਗਤਾ, ਅਤੇ ਜੀਵਨ ਭਰ ਸਿੱਖਣ ਦੀ ਸੰਭਾਵਨਾ ਨੂੰ ਵਧਾਉਂਦੇ ਹਨ। ਇਸ ਲਈ, ਸਾਨੂੰ ਭਵਿੱਖ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਗ੍ਰੈਜੂਏਟਾਂ ਲਈ ਤਕਨੀਕੀ ਸਿਖਲਾਈ ਤੋਂ ਪਰੇ ਸਿੱਖਿਆ ਦੀ ਜ਼ਰੂਰਤ ਹੈ, ਜੋ ਕਿ ਕਲਾ, ਮਨੁੱਖਤਾ, ਵਿਗਿਆਨ, ਸਮਾਜਿਕ ਵਿਗਿਆਨ, ਇੰਜੀਨੀਅਰਿੰਗ ਅਤੇ ਗਣਿਤ ਵਰਗੇ ਵੱਖ-ਵੱਖ ਵਿਸ਼ਿਆਂ ਨੂੰ ਜੋੜਦੀ ਹੈ। ਸਿੱਖਿਆ ਦਾ ਇਹ ਏਕੀਕ੍ਰਿਤ ਮਾਡਲ ਇੱਕ ਪਾਠਕ੍ਰਮ ਵਿੱਚ ਕਈ ਵਿਸ਼ਿਆਂ ਵਿੱਚ ਗਿਆਨ ਅਤੇ ਖੋਜ ਦੀ ਵਿਸ਼ਾਲ ਸ਼੍ਰੇਣੀ ਪ੍ਰਦਾਨ ਕਰਦਾ ਹੈ। ਉਹਨਾਂ ਤਰੀਕਿਆਂ ਨੂੰ ਇਕੱਠੇ ਲਿਆਉਂਦਾ ਹੈ ਜਿੱਥੇ ਵਿਦਿਆਰਥੀ ਇਹਨਾਂ ਅਨੁਸ਼ਾਸਨਾਂ ਦੇ ਆਪਸੀ ਸਬੰਧਾਂ ਨੂੰ ਸਮਝ ਸਕਦੇ ਹਨ ਅਤੇ ਸਫਲ ਵਰਤੋਂ ਅਤੇ ਪ੍ਰਯੋਗ ਦੁਆਰਾ ਉਹਨਾਂ ਦੀ ਸਿੱਖਿਆ ਨੂੰ ਵਧਾਉਂਦੇ ਹਨ। ਨੈਤਿਕ ਅਤੇ ਪੇਸ਼ੇਵਰ ਜ਼ੰਮੇਵਾਰੀਆਂ ਨੂੰ ਪਛਾਣਨ ਅਤੇ ਚੁਣੌਤੀਪੂਰਨ ਸਥਿਤੀਆਂ ਵਿੱਚ ਸੂਚਿਤ ਫੈਸਲੇ ਲੈਣ ਦੀ ਸਮਰੱਥਾ। ਗਲੋਬਲ ਆਰਥਿਕ, ਵਾਤਾਵਰਣ ਅਤੇ ਸਮਾਜਿਕ ਸੰਦਰਭਾਂ ਵਿੱਚ ਉਹਨਾਂ ਦੇ ਪ੍ਰਭਾਵ ਨੂੰ ਧਿਆਨ ਵਿੱਚ ਰੱਖਦੇ ਹੋਏ ਉਚਿਤ ਇੰਜੀਨੀਅਰਿੰਗ ਹੱਲ ਪ੍ਰਦਾਨ ਕਰਨ ਦੇ ਯੋਗ ਹੋਵੋ। ਕੁਝ ਖੋਜਾਂ ਤੋਂ ਇਹ ਸੰਕੇਤ ਮਿਲਦਾ ਹੈ ਕਿ ਉੱਚ ਸਿੱਖਿਆ ਵਿੱਚ ਕਲਾ, ਮਨੁੱਖਤਾ ਅਤੇ ਇੰਜੀਨੀਅਰਿੰਗ ਦੇ ਏਕੀਕਰਨ ਦਾ ਸਕਾਰਾਤਮਕ ਪ੍ਰਭਾਵ ਹੈ। ਦੇ ਨਤੀਜੇ ਸਾਹਮਣੇ ਆਏ ਹਨ। ਇਹ ਬਹੁਤ ਸਾਰੇ ਹੁਨਰਾਂ ਨੂੰ ਵਿਕਸਤ ਕਰਦਾ ਹੈ ਜਿਵੇਂ ਕਿ ਆਲੋਚਨਾਤਮਕ ਸੋਚ ਪ੍ਰਕਿਰਿਆ, ਨੈਤਿਕ ਫੈਸਲੇ ਲੈਣ, ਸਮੱਸਿਆ ਦਾ ਹੱਲ ਅਤੇ ਆਪਸੀ ਸਹਿਯੋਗ, ਜੋ ਰੁਜ਼ਗਾਰ ਯੋਗਤਾ ਨੂੰ ਵਧਾਉਂਦੇ ਹਨ। ਇਹ ਏਕੀਕ੍ਰਿਤ ਪਹੁੰਚ ਸਮਾਜਿਕ-ਸੁਧਾਰ ਸਾਧਨ ਵਜੋਂ ਔਰਤਾਂ ਅਤੇ ਹਾਸ਼ੀਏ 'ਤੇ ਪਏ ਵਰਗਾਂ ਦੀ ਭਾਗੀਦਾਰੀ ਨੂੰ ਵੀ ਵਧਾਉਂਦੀ ਹੈ। ਕੋਰਸਾਂ ਦੇ ਗ੍ਰੈਜੂਏਟਾਂ ਨੂੰ ਸਮਾਜਿਕ ਸਿਹਤ, ਸੁਰੱਖਿਆ ਬਾਰੇ ਸਿੱਖਿਅਤ ਹੋਣਾ ਚਾਹੀਦਾ ਹੈ ਅਤੇ ਰਚਨਾਤਮਕ ਹੱਲਾਂ ਦੀ ਸੰਭਾਵਨਾ ਰੱਖਣ ਲਈ ਵੱਖ-ਵੱਖ ਸੱਭਿਆਚਾਰਕ, ਸਮਾਜਿਕ, ਵਾਤਾਵਰਣ ਅਤੇ ਆਰਥਿਕ ਸੰਦਰਭਾਂ ਬਾਰੇ ਜਾਗਰੂਕਤਾ ਵਧੀ ਹੈ। ਉੱਚ ਕੇਵਲ ਸਿੱਖਿਆ ਪ੍ਰਤੀ ਏਕੀਕ੍ਰਿਤ ਪਹੁੰਚ ਹੀ ਬੌਧਿਕ ਸ਼ਮੂਲੀਅਤ, ਨੀਤੀ-ਆਧਾਰਿਤ ਹੱਲ ਅਤੇ ਗਤੀਸ਼ੀਲਤਾ ਨੂੰ ਸੰਭਵ ਬਣਾ ਸਕਦੀ ਹੈ। ਏਕੀਕ੍ਰਿਤ ਪਾਠਕ੍ਰਮ ਇੱਕ ਨਵੀਂ ਸੋਚ ਵਾਲੀ ਗਲੋਬਲ ਪਹਿਲਕਦਮੀ ਦੀ ਮੰਗ ਕਰਦਾ ਹੈ, ਜਿਸ ਵਿੱਚ ਸੰਸਥਾਵਾਂ ਅਤੇ ਅਕਾਦਮੀਆਂ ਨੂੰ ਅੱਗੇ ਆਉਣਾ ਹੋਵੇਗਾ।




## ਪੰਜਾਬ ਸਰਕਾਰ ਵੱਲੋਂ ਅੰਤਰ ਰਾਸ਼ਟਰੀ ਬਜ਼ੁਰਗ ਦਿਵਸ 1 ਅਕਤੂਬਰ ਨੂੰ ਲੁਧਿਆਣਾ 'ਚ ਮਨਾਇਆ ਜਾਵੇਗਾ

ਚੰਡੀਗੜ੍ਹ, 29 ਸਤੰਬਰ (ਪੋਸਟ ਬਿਊਰੋ): ਪੰਜਾਬ ਸਰਕਾਰ ਵੱਲੋਂ ਅੰਤਰ ਰਾਸ਼ਟਰੀ ਬਜ਼ੁਰਗ ਦਿਵਸ 1 ਅਕਤੂਬਰ 2022 ਨੂੰ ਗੁਰੂ ਨਾਨਕ ਭਵਨ ਲੁਧਿਆਣਾ ਵਿਖੇ ਰਾਜ ਪੱਧਰੀ ਸਮਾਗਮ ਵਜੋਂ ਮਨਾਇਆ ਜਾ ਰਿਹਾ ਹੈ। ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ ਬਲਜੀਤ ਕੌਰ ਬਤੌਰ ਮੁੱਖ ਮਹਿਮਾਨ ਇਸ ਸਮਾਗਮ ਵਿੱਚ ਸ਼ਾਮਲ ਹੋਣਗੇ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ ਬਲਜੀਤ ਕੌਰ ਨੇ ਦੱਸਿਆ ਕਿ ਇਸ ਮੌਕੇ ਤੇ ਬਜ਼ੁਰਗ ਵਿਅਕਤੀਆਂ ਦਾ ਅੱਖਾਂ ਦਾ ਮੁਫਤ ਚੈੱਕਅਪ ਕੀਤਾ ਜਾਵੇਗਾ ਅਤੇ ਲੋੜਵੰਦ ਬਜ਼ੁਰਗਾਂ ਨੂੰ ਐਨਕਾਂ ਵੀ ਮੁਫਤ ਦਿੱਤੀਆਂ ਜਾਣਗੀਆਂ।ਇਸ ਤੋਂ ਇਲਾਵਾ ਬੁਢਾਪਾ ਪੈਨਸ਼ਨ ਅਤੇ ਹੋਰ ਵਿੱਤੀ ਸਹਾਇਤਾ ਸਕੀਮਾਂ ਦੇ ਫਾਰਮ ਭਰਨ ਅਤੇ ਪੈਨਸ਼ਨਾਂ ਮਨਜ਼ੂਰ ਕਰਨ ਲਈ ਵੀ ਵਿਭਾਗ ਵੱਲੋਂ ਕੈਂਪ ਲਗਾਇਆ ਜਾਵੇਗਾ। 60 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਬਜ਼ੁਰਗ ਵਿਅਕਤੀਆਂ ਦੇ



ਸੀਨੀਅਰ ਸਿਟੀਜ਼ਨ ਕਾਰਡ ਵੀ ਇਸ ਮੌਕੇ ਤੇ ਬਣਾਏ ਜਾਣਗੇ। ਉਹਨਾਂ ਲੋੜਵੰਦ ਬਜ਼ੁਰਗਾ ਨੂੰ ਇਸ ਮੌਕੇ ਦਾ ਲਾਭ ਪ੍ਰਾਪਤ ਕਰਨ ਲਈ ਸਮਾਗਮ ਵਿੱਚ ਪਹੁੰਚਣ ਦੀ ਅਪੀਲ ਕੀਤੀ।

ਇਸ ਮੌਕੇ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਪੰਜਾਬ ਦੇ ਬਜ਼ੁਰਗਾਂ ਦੇ ਮਾਨ ਸਨਮਾਨ ਵਜੋਂ ਸਭਿਆਚਾਰਕ ਪ੍ਰੋਗਰਾਮ ਵੀ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਬਜ਼ੁਰਗਾਂ ਵੱਲੋਂ ਪੇਸ਼ਕਾਰੀ ਕੀਤੀ ਜਾਵੇਗੀ। ਬਜ਼ੁਰਗ ਵਿਅਕਤੀਆਂ ਦੀ ਭਲਾਈ ਦੇ ਖੇਤਰ ਵਿੱਚ ਕੰਮ ਕਰ ਰਹੀਆਂ ਸੰਸਥਾਵਾਂ/ ਜਥੇਬੰਦੀਆਂ ਵੀ ਇਸ ਸਮਾਗਮ ਵਿੱਚ ਉਚੇਚੇ ਤੌਰ ਤੇ ਸ਼ਾਮਲ ਹੋਣਗੀਆਂ।

## ਲੁਧਿਆਣਾ ਪੁਲਿਸ ਨੂੰ ਮਿਲਿਆ ਲਾਰੈਂਸ ਬਿਸ਼ਨੋਈ ਦਾ ਰਿਮਾਂਡ

ਲੁਧਿਆਣਾ, 29 ਸਤੰਬਰ (ਪੋਸਟ ਬਿਊਰੋ): ਸਿੱਧੂ ਮੂਸੇ ਵਾਲੇ ਦੇ ਕਤਲ ਕੇਸ ਦੇ ਮਾਸਟਰਮਾਇੰਡ ਗੈਂਗਸਟਰ ਲਾਰੇਂਸ ਬਿਸ਼ਨੋਈ ਨੂੰ ਲੁਧਿਆਣਾ ਮਾਨਯੋਗ ਅਦਾਲਤ ਵਿੱਚ ਕੀਤਾ ਗਿਆ ਪੇਸ਼ , ਮਾਣਯੋਗ ਅਦਾਲਤ ਵੱਲੋਂ 14 ਦਿਨ ਦਾ ਦਿੱਤਾ ਗਿਆ ਪੁਲੀਸ ਰਿਮਾਂਡ , ਮਾਮਲਾ 2017 ਵਿਚ ਅੰਨ੍ਹੇਵਾਹ ਗੋਲੀਆਂ ਚਲਾ ਕੇ ਕੀਤੇ ਕਤਲ ਦਾ। ਸਿੱਧੂ ਮੂਸੇਵਾਲੇ ਕਤਲ ਕੇਸ ਦਾ ਮਾਸਟਰਮਾਈਂਡ ਗੈਂਗਸਟਰ ਲਾਰੈਂਸ ਬਿਸ਼ਨੋਈ ਨੂੰ ਅੱਜ ਲੁਧਿਆਣਾ ਮਾਨਜੋਗ ਕੋਰਟ ਵਿੱਚ ਪੇਸ਼ ਕੀਤਾ ਗਿਆ ਹੈ । ਲਾਰੇਂਸ ਬਿਸ਼ਨੋਈ ਨੂੰ ਬੇਸ਼ੱਕ ਇਕ ਪੁਰਾਣੇ ਕਤਲ ਕੇਸ ਮਾਮਲੇ ਵਿਚ ਮਾਣਯੋਗ ਅਦਾਲਤ ਵਿੱਚ ਪੇਸ਼ ਕੀਤਾ ਗਿਆ ਹੈ । ਜਿਸ ਵਿਚ ਅੰਨ੍ਹੇਵਾਹ ਗੋਲੀਆਂ ਚਲਾ ਕੇ ਇੱਕ ਕੇਵਲ ਦਾ ਕੰਮ ਕਰਨ ਵਾਲੇ ਵਿਅਕਤੀ ਦਾ ਕਤਲ ਕੀਤਾ ਗਿਆ ਸੀ । ਲਾਰੇਂਸ ਬਿਸ਼ਨੋਈ ਨੂੰ ਬਠਿੰਡਾ ਤੋਂ ਟਰਾਂਜ਼ਿਟ ਰਿਮਾਂਡ ਲੁਧਿਆਣਾ ਲਿਆਂਦਾ ਗਿਆ । ਜਿਥੇ ਮਾਨਯੋਗ ਅਦਾਲਤ ਦੇ ਸਾਹਮਣੇ ਪੇਸ਼ ਕਰ ਰਿਮਾਂਡ ਮੰਗਿਆ ਗਿਆ ਅਤੇ ਮਾਣਯੋਗ ਕੋਰਟ ਨੇ 12 ਅਕਤੂਬਰ ਤੱਕ ਲਾਰੇਂਸ ਬਿਸ਼ਨੋਈ ਨੂੰ ਪੁਲਸ ਰਿਮਾਂਡ ਤੇ ਭੇਜ ਦਿੱਤਾ ਹੈ।

ਇਸ ਦੀ ਜਾਣਕਾਰੀ ਦਿੰਦੇ ਹੋਏ ਏਸੀਪੀ ਗੁਰਦੇਵ ਸਿੰਘ ਨੇ ਦੱਸਿਆ ਕਿ ਗੈਂਗਸਟਰ ਲਾਰੈਂਸ ਬਿਸ਼ਨੋਈ ਨੂੰ ਪੁਰਾਣੇ ਕਤਲ ਕੇਸ ਮਾਮਲੇ ਵਿਚ ਲੁਧਿਆਣਾ ਮਾਣਯੋਗ ਅਦਾਲਤ ਵਿੱਚ ਪੇਸ਼ ਕੀਤਾ ਗਿਆ ਹੈ। ਮਾਮਲਾ ਅੰਨੇਵਾਹ ਗੋਲੀਆਂ ਚਲਾ ਕੇ ਕਤਲ ਕਰਨ ਦਾ ਹੈ । ਉਹਨਾਂ ਨੇ ਦੱਸਿਆ ਕਿ ਮਾਣਯੋਗ ਅਦਾਲਤ ਵੱਲੋਂ 14 ਦਿਨ ਦਾ ਰਿਮਾਂਡ ਮੰਗਿਆ ਗਿਆ ਸੀ ਅਤੇ ਮਾਣਯੋਗ ਅਦਾਲਤ ਵੱਲੋਂ 12 ਅਕਤੂਬਰ ਤੱਕ ਹੀ ਗੈਗਸਟਰ ਲਾਰਿਸ ਬਸਨੋਈ ਨੂੰ ਰਿਮਾਂਡ ਉਪਰ ਭੇਜਿਆ ਗਿਆ ਹੈ । ਲਾਰੈਂਸ ਬਿਸ਼ਨੋਈ ਨੂੰ 12 ਅਕਤੂਬਰ ਨੂੰ ਮੁੜ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ ।

## ਮਜੀਠੀਆ ਨੇ ਕਿਹਾ: ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਭਾਈ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਕੇ ਮਲ੍ਹਮ ਲਾਉਣ ਦਾ ਕੰਮ ਕਰਨ

ਚੰਡੀਗੜ੍ਹ, 29 ਸਤੰਬਰ (ਪੋਸਟ ਬਿਊਰੋ): ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਅੱਜ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਨੂੰ ਅਪੀਲ ਕੀਤੀ ਕਿ ਉਹ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਕੇ ਉਹਨਾਂ ਦੀ ਕੈਦ ਵਿਚੋਂ ਰਿਹਾਈ ਦਾ ਰਾਹ ਪੱਧਰਾ ਕਰ ਕੇ ਜ਼ਖ਼ਮਾਂ ’ਤੇ ਮੱਲ੍ਹਮ ਲਾਉਣ ਦਾ ਕੰਮ ਕਰਨ।



ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਬਕਾ ਮੰਤਰੀ ਨੇ ਕਿਹਾ ਕਿ ਦੁਨੀਆਂ ਵਿਚ ਪੰਜਾਬੀਆਂ ਦੇ ਨਾਲ ਨਾਲ ਗੁਰੂ ਨਾਨਕ ਨਾਮ ਲੇਵਾ ਸੰਗਤ ਇਹ ਮਹਿਸੂਸ ਕਰਦੀ ਹੈ ਕਿ ਭਾਈ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫੀ ਵਿਚ ਦੇਰੀ ਇਸ ਰ ਕੇ ਹੋਈ ਕਿਉਂਕਿ ਕੇਂਦਰ ਸਰਕਾਰ ਨੇ 2019 ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ’ਤੇ ਲਏ ਆਪਣੇ ਫੈਸਲੇ ’ਤੇ ਕਾਰਵਾਈ ਨਹੀਂ ਕੀਤੀ। ਉਹਨਾਂ ਕਿਹਾ ਕਿ ਭਾਈ ਰਾਜੋਆਣਾ ਪਿਛਲੇ 27 ਸਾਲਾਂ ਤੋਂ 8 ਗੁਣਾ 8 ਦੀ ਚੱਕੀ ਬੰਦ ਵਿਚ ਬੰਦ ਹਨ ਤੇ ਉਹਨਾਂ ਨੂੰ ਅੱਜ ਤੱਕ ਪੈਰੋਲ ਵੀ ਨਹੀਂ ਮਿਲੀ। ਉਹਨਾਂ ਕਿਹਾ ਕਿ ਕਿਉਂਕਿ ਉਹਨਾਂ ਨੇ ਆਪਣੀ ਉਮਰ ਕੈਦ ਦੀ ਸਜ਼ਾ ਪੂਰੀ ਕਰ ਲਈ ਹੈ, ਇਸ ਲਈ ਉਹਨਾਂ ਨੂੰ ਫੌਰੀ ਰਿਹਾਅ ਕੀਤਾ ਜਾਣਾ ਚਾਹੀਦਾ ਹੈ।

ਬਿਕਰਮ ਸਿੰਘ ਮਜੀਠੀਆ ਨੇ ਜ਼ੋਰ ਦੇ ਕੇ ਕਿਹਾ ਕਿ ਸੁਪਰੀਮ ਕੋਰਟ ਨੇ ਸਹੀ ਟਿੱਪਣੀ ਕੀਤੀ ਹੈ ਕਿ ਕੇਂਦਰ ਸਰਕਾਰ ਨੇ ਭਾਈ ਰਾਜੋਆਣਾ ਦੀ ਰਹਿਮ ਦੀ ਅਪੀਲ ’ਤੇ ਫੈਸਲਾ ਲੈਣ ਵਿਚ ਬੇਲੋੜੀ ਦੇਰੀ ਕੀਤੀ ਹੈ। ਉਹਨਾਂ ਕਿਹਾ ਕਿ ਹੁਣ ਜਦੋਂ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਭਲਕੇ ਤੱਕ ਫੈਸਲਾ ਲੈਣ ਵਾਸਤੇ ਆਖਿਆ ਹੈ ਤਾਂ ਕੇਂਦਰ ਸਰਕਾਰ ਨੂੰ ਗੈਰ ਸਾਧਾਰਣ ਹਾਲਾਤਾਂ ਨੂੰ ਵੇਖਦਿਆਂ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਦਾ ਫੈਸਲਾ ਲੈਣਾ ਚਾਹੀਦਾ ਹੈ।

ਮਜੀਠੀਆ ਨੇ ਕਿਹਾ ਕਿ ਅਜਿਹਾ ਨਾ ਕਰਨ ਨਾਲ ਘੱਟ ਗਿਣਤੀ ਭਾਈਚਾਰੇ ਵਿਚ ਗਲਤ ਸੰਦੇਸ਼ ਜਾਵੇਗਾ। ਉਹਨਾਂ ਬਿਲਕਿਸ ਬਾਨੋ ਕੇਸ ਜਿਸ ਵਿਚ ਜਬਰ ਜਨਾਹ ਦੇ ਦੋਸ਼ੀਆਂ ਦੀ ਸਜ਼ਾ ਮੁਆਫ ਕਰ ਦਿੱਤੀ ਗਈ, ਦੀ ਗੱਲ ਕਰਦਿਆਂ ਕਿਹਾ ਕਿ ਇਹ ਸੰਦੇਸ਼ ਨਹੀਂ ਜਾਣਾ ਚਾਹੀਦਾ ਕਿ ਘੱਟ ਗਿਣਤੀਆਂ ਵਾਸਤੇ ਦੇਸ਼ ਵਿਚ ਨਿਯਮ ਵੱਖਰੇ ਹਨ। ਉਹਨਾਂ ਨੇ ਝੂਠੇ ਪੁਲਿਸ ਮੁਕਾਬਲਿਆਂ ਵਿਚ ਲੋਕਾਂ ਨੂੰ ਮਾਰਨ ਵਾਲੇ ਪੁਲਿਸ ਅਫਸਰਾਂ ਦੀ ਸਜ਼ਾ ਮੁਆਫੀ ਦੀ ਗੱਲ ਕਰਦਿਆਂ ਕਿਹਾ ਕਿ ਭਾਈ ਰਾਜੋਆਣਾ ਦਾ ਮਾਮਲਾ ਰਹਿਮ ਲਈ ਇਕ ਢੁਕਵਾਂ ਮਾਮਲਾ ਹੈ। ਉਹਨਾਂ ਕਿਹਾ ਕਿ ਗੰਭੀਰ ਤੌਰ ’ਤੇ ਭੜਕਣ ਕਾਰਨ ਜੋ ਕਾਰਵਾਈਆਂ ਉਹਨਾਂ ਨੇ ਕੀਤੀਆਂ, ਉਹਨਾਂ ਦੀ ਸਜ਼ਾ ਉਹ ਭੁਗਤ ਚੁੱਕੇ ਹਨ। ਉਹਨਾਂ ਕਿਹਾ ਕਿ ਭਾਈ ਰਾਜੋਆਣਾ ਸ੍ਰੀ ਅਕਾਲ ਤਖਤ ਸਾਹਿਬ ’ਤੇ ਹੋਏ ਹਮਲੇ ਤੇ ਫਿਰ ਕਾਂਗਰਸ ਸਰਕਾਰ ਵੱਲੋਂ 1984 ਵਿਚ ਕਰਵਾਈ ਗਈ ਸਿੱਖ ਨਸਲਕੁਸ਼ੀ ਤੋਂ ਔਖੇ ਸਨ। ਉਹਨਾਂ ਕਿਹਾ ਕਿ ਉਹ ਇਕ ਕੈਦੀ ਵਜੋਂ ਪੂਰੇ ਜ਼ਾਬਤੇ ਵਿਚ ਰਹੇ ਹਨ ਤੇ ਉਹਨਾਂ ਨੂੰ ਕੈਦ ਵਿਚੋਂ ਰਿਹਾਅ ਕਰਨਾ ਬਣਦਾ ਹੈ ਕਿਉਂਕਿ ਉਹਨਾਂ ਆਪਣੀ ਉਮਰ ਕੈਦ ਪੂਰੀ ਕਰ ਲਈ ਹੈ।

## ਸਬ-ਇੰਸਪੈਕਟਰ ਦੀ ਗੱਡੀ ਵਿਚ ਬੰਬ ਲਾਉਣ ਵਾਲੇ ਯੁਵਰਾਜ ਦਾ ਪੁਲਿਸ ਨੂੰ ਮਿਲਿਆ 14 ਦਿਨਾਂ ਰਿਮਾਂਡ

ਅੰਮ੍ਰਿਤਸਰ, 29 ਸਤੰਬਰ (ਪੋਸਟ ਬਿਊਰੋ):ਪੰਜਾਬ ਪੁਲੀਸ ਦੇ ਸਬ-ਇੰਸਪੈਕਟਰ ਦਿਲਬਾਗ ਸਿੰਘ ਦੀ ਕਾਰ ਹੇਠਾਂ ਧਮਾਕਾਖੇਜ਼ ਸਮੱਗਰੀ ਲਾਉਣ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਗਏ ਯੁਵਰਾਜ ਸਭਰਵਾਲ ਉਰਫ ਯਸ਼ ਨੂੰ ਮਾਣਯੋਗ ਅੰਮ੍ਰਿਤਸਰ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ ਅਤੇ ਉਸ ਦਾ 14 ਦਿਨ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ



ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਸਬ ਇੰਸਪੈਕਟਰ ਦਿਲਬਾਗ ਸਿੰਘ ਦੀ ਗੱਡੀ ਹੇਠਾਂ ਆਈਈਡੀ ਲਗਾਉਣ ਦੇ ਮਾਮਲੇ ਵਿਚ ਲਗਾਤਾਰ ਪੁਲਿਸ ਵਲੋਂ ਗ੍ਰਿਫ਼ਤਾਰੀਆ ਕੀਤੀਆ ਜਾ ਰਹੀਆ ਸਨ, ਜਿਸਦੇ ਚੱਲਦੇ ਹੁਣ ਪੁਲਿਸ ਵਲੋ ਯੁਵਰਾਜ ਸੱਭਰਵਾਲ ਉਰਫ ਯਸ਼ ਨਾਮਕ ਨੌਜਵਾਨ ਨੂੰ ਗ੍ਰਿਫ਼ਤਾਰ ਕੀਤਾ ਸੀ ਜਿਸ ਨੂੰ ਅੱਜ ਮਾਣਯੋਗ ਅਦਾਲਤ ਵਿਚ ਪੇਸ਼ ਕੀਤਾ ਅਤੇ ਮਾਣਯੋਗ ਅਦਾਲਤ ਨੇ 14 ਦਿਨ ਦਾ ਰਿਮਾਂਡ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਯੁਵਰਾਜ ਸਭਰਵਾਲ ਉਰਫ ਯਸ਼, ਕੈਨੇਡੇ ਫਰਾਰ ਹੋਏ ਗੈਂਗਸਟਰ ਲਖਬੀਰ ਸਿੰਘ ਲੰਡਾ ਦਾ ਸਾਥੀ ਹੈ ਤੇ ਇਸ ਨੇ ਲੰਡੇ ਦੇ ਕਹਿਣ ‘ਤੇ ਹੀ ਦਿਲਬਾਗ ਸਿੰਘ ਦੇ ਘਰ ਦੇ ਬਾਹਰ ਦੀਪਕ ਦੇ ਨਾਲ ਮਿਲ ਕੇ 15/16 ਅਗਸਤ ਦੀ ਰਾਤ ਬੋਲੈਰੋ ਗੱਡੀ ‘ਚ ਆਈਈਡੀ ਲਗਾਇਆ ਸੀ। ਯੁਵਰਾਜ ਦੇ ਖਿਲਾਫ 11 ਦੇ ਕਰੀਬ ਮਾਮਲੇ ਦਰਜ ਹਨ।

## ਸਾਬਕਾ ਵਿਧਾਇਕ ਬੈਂਸ ਨੇ ਹਾਈ ਕੋਰਟ ਤੋਂ ਜ਼ਮਾਨਤ ਦੀ ਕੀਤੀ ਮੰਗ

ਚੰਡੀਗੜ੍ਹ, 29 ਸਤੰਬਰ (ਪੋਸਟ ਬਿਊਰੋ) : ਜਬਰ ਜਨਾਹ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਸਾਬਕਾ ਵਿਧਾਇਕ ਸਿਮਰਜੀਤ ਬੈਂਸ ਨੇ ਹੁਣ ਹਾਈ ਕੋਰਟ ’ਚ ਪਟੀਸ਼ਨ ਦਾਇਰ ਕਰਕੇ ਉਨ੍ਹਾਂ ਨੂੰ ਰੈਗੂਲਰ ਜ਼ਮਾਨਤ ਦਿੱਤੇ ਜਾਣ ਦੀ ਮੰਗ ਕੀਤੀ ਹੈ। ਜਸਟਿਸ ਰਾਜਮੋਹਨ ਸਿੰਘ ਨੇ ਇਸ ਪਟੀਸ਼ਨ ’ਤੇ ਸੁਣਵਾਈ ਤੋਂ ਖੁਦ ਨੂੰ ਵੱਖ ਕਰਦੇ ਹੋਏ ਇਸ ਨੂੰ ਹੋਰ ਬੈਂਚ ਨੂੰ ਰੈਫਰ ਕੀਤੇ ਜਾਣ ਲਈ ਚੀਫ ਜਸਟਿਸ ਨੂੰ ਭੇਜ ਦਿੱਤਾ ਹੈ। ਚੀਫ ਜਸਟਿਸ ਦੇ ਆਦੇਸ਼ਾਂ ’ਤੇ ਹਾਈ ਕੋਰਟ ਦਾ ਹੋਰ ਬੈਂਚ ਬੈਂਸ ਦੀ ਇਸ ਜ਼ਮਾਨਤ ’ਤੇ ਜਲਦ ਸੁਣਵਾਈ ਕਰੇਗਾ। ਇਸ ਮਾਮਲੇ ਵਿਚ ਬੈਂਸ ਨੇ ਪਹਿਲਾਂ



ਲੁਧਿਆਣਾ ਦੀ ਅਦਾਲਤ ਤੋਂ ਰੈਗੂਲਰ ਜ਼ਮਾਨਤ ਦਿੱਤੇ ਜਾਣ ਦੀ ਮੰਗ ਕੀਤੀ ਸੀ ਜੋ 9 ਸਤੰਬਰ ਨੂੰ ਖ਼ਾਰਜ ਹੋ ਗਈ ਸੀ। ਲਿਹਾਜ਼ਾ ਹੁਣ ਬੈਂਸ ਨੇ ਇਸ ਮਾਮਲੇ ਵਿਚ ਹਾਈ ਕੋਰਟ ’ਚ ਪਟੀਸ਼ਨ ਦਾਇਰ ਕਰਕੇ ਰੈਗੂਲਰ ਜ਼ਮਾਨਤ ਦਿੱਤੇ ਜਾਣ ਦੀ ਮੰਗ ਕੀਤੀ ਹੈ। ਇਸ ਪਟੀਸ਼ਨ ’ਤੇ ਹੁਣ ਹਾਈ ਕੋਰਟ ਦਾ ਹੋਰ ਬੈਂਚ ਸੁਣਵਾਈ ਕਰੇਗਾ।

## ਚੰਡੀਗੜ੍ਹ ਵਿਚ ਸੱਪ ਦੇ ਡੰਗਣ ਨਾਲ ਔਰਤ ਦੀ ਮੌਤ

ਚੰਡੀਗੜ੍ਹ, 29 ਸਤੰਬਰ (ਪੋਸਟ ਬਿਊਰੋ): ਚੰਡੀਗੜ੍ਹ 'ਚ ਸੱਪ ਦੇ ਡੱਸਣ ਨਾਲ ਔਰਤ ਦੀ ਮੌਤ ਹੋ ਗਈ। ਇਹ ਘਟਨਾ ਸੈਕਟਰ-42 ਸੀ. ਇੱਥੋਂ ਦੇ ਚੰਡੀਗੜ੍ਹ ਹਾਊਸਿੰਗ ਬੋਰਡ ਦੇ ਮਕਾਨ ਵਿੱਚ ਰਹਿੰਦੀ ਔਰਤ ਨੂੰ ਬੁੱਧਵਾਰ ਰਾਤ ਨੂੰ ਸੱਪ ਨੇ ਡੰਗ ਲਿਆ, ਜਿਸ ਕਾਰਨ ਕੁਝ ਦੇਰ ਬਾਅਦ ਹੀ ਔਰਤ ਦੀ ਮੌਤ ਹੋ ਗਈ। ਮ੍ਰਿਤਕ ਔਰਤ ਦੀ ਪਛਾਣ 45 ਸਾਲਾ ਰਿੰਕੂ ਵਜੋਂ ਹੋਈ ਹੈ।ਘਟਨਾ ਦੀ ਜਾਣਕਾਰੀ ਦਿੰਦੇ ਹੋਏ ਔਰਤ ਦੇ ਗੁਆਂਢ 'ਚ ਰਹਿਣ ਵਾਲੇ ਐੱਨ.ਕੇ.ਕਪੂਰ ਨੇ ਦੱਸਿਆ ਕਿ ਬੁੱਧਵਾਰ ਰਾਤ ਕਰੀਬ ਸਾਢੇ 10 ਵਜੇ ਔਰਤ ਰਿੰਕੂ ਨੂੰ ਸੱਪ ਨੇ ਡੰਗ ਲਿਆ। ਔਰਤ ਦਾ ਪਰਿਵਾਰ ਰਾਤ ਦਾ ਖਾਣਾ ਖਾਣ ਤੋਂ ਬਾਅਦ ਘਰ 'ਤੇ ਸੀ, ਜਦੋਂਕਿ ਔਰਤ ਘਰ ਦੇ ਪਿੱਛੇ ਕੱਪੜੇ ਧੋਣ ਵਾਲੀ ਥਾਂ 'ਤੇ ਭਾਂਡੇ ਸਾਫ਼ ਕਰਨ ਗਈ ਸੀ। ਅਚਾਨਕ ਉਹ ਚੀਕਦੀ ਹੋਈ ਘਰ ਦੇ ਅੰਦਰ ਆਈ। ਉਸ ਦੇ ਪੈਰ ਦੇ ਅੰਗੂਠੇ ਅਤੇ ਉਂਗਲੀ 'ਤੇ ਕੱਟ ਦਾ ਨਿਸ਼ਾਨ ਸੀ। ਪਰਿਵਾਰ ਨੇ ਸੋਚਿਆ ਕਿ ਲੱਤ 'ਤੇ ਚੂਹੇ ਨੇ ਡੰਗ ਮਾਰਿਆ ਹੈ, ਜਿਸ 'ਤੇ ਉਨ੍ਹਾਂ ਨੇ ਡੈਟੋਲ ਅਤੇ ਪਾਣੀ ਨਾਲ ਲੱਤ ਨੂੰ ਧੋ ਦਿੱਤਾ। ਇਸ ਤੋਂ ਬਾਅਦ ਪਰਿਵਾਰਕ ਮੈਂਬਰ ਉਸ ਨੂੰ ਜੀ.ਐੱਮ.ਐੱਸ.ਐੱਚ.-16 ਲੈ ਗਏ ਪਰ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਔਰਤ ਦੀ ਮੌਤ ਹੋ ਗਈ।

## ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ ਜਨਮ ਦਿਵਸ ਨੂੰ ਸਮਰਪਿਤ ਰੈਲੀ ਕੱਢੀ

ਫਿਰੋਜ਼ਪੁਰ, 29 ਸਤੰਬਰ (ਪੋਸਟ ਬਿਊਰੋ): ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੀ 115ਵੇਂ ਜਨਮ ਦਿਵਸ ਨੂੰ ਸਮਰਪਿਤ ਇਕ ਵਿਸ਼ਾਲ ਰੈਲੀ ਫਿਰੋਜ਼ਪੁਰ ਵਿਖੇ ਪੂਰੇ ਜੋਸ਼ੋ-ਖਰੋਸ਼ ਅਤੇ ਉਤਸ਼ਾਹ ਨਾਲ ਕੱਢੀ ਗਈ। ਇਸ ਰੈਲੀ ਵਿਚ ਰੱਖਿਆ ਸੇਵਾਵਾਂ, ਫੂਡ ਪ੍ਰੋਸੈਸਿੰਗ ਤੇ ਬਾਗਬਾਨੀ ਮੰਤਰੀ ਫੌਜਾ ਸਿੰਘ ਸਰਾਰੀ, ਵਿਧਾਇਕ ਫਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ, ਵਿਧਾਇਕ ਫਿਰੋਜ਼ਪੁਰ ਦਿਹਾਤੀ ਰਜਨੀਸ਼ ਦਹੀਆ, ਵਿਧਾਇਕ ਜ਼ੀਰਾ ਨਰੇਸ਼ ਕਟਾਰੀਆ, ਡਿਪਟੀ ਕਮਿਸ਼ਨਰ ਅਮ੍ਰਿਤ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਜ) ਸਾਗਰ ਸੇਤੀਆ ਅਤੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਰੁਣ ਕੁਮਾਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਰੈਲੀ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ।

ਇਸ ਮੌਕੇ ਫੌਜਾ ਸਿੰਘ ਸਰਾਰੀ ਨੇ ਕਿਹਾ ਕਿ ਇਸ ਰੈਲੀ ਦਾ ਮੁੱਖ ਉਦੇਸ਼ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਦੇਣਾ ਅਤੇ ਨੌਜਵਾਨਾਂ ਨੂੰ ਉਨ੍ਹਾਂ ਦੇ ਸੁਪਨਿਆਂ ਦਾ ਮੁਲਕ ਬਣਾਉਣ ਲਈ ਪ੍ਰੇਰਿਤ ਕਰਨਾ ਹੈ। ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਰੈਲੀ ਉਨ੍ਹਾਂ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਨ ਦਾ ਵੀ ਇਕ ਜ਼ਰੀਆ ਹੈ।




ਡਿਪਟੀ ਕਮਿਸ਼ਨਰ ਫਿਰੋਜ਼ਪੁਰ ਨੇ ਦੱਸਿਆ ਕਿ ਇਸ ਸ਼ੁਭ ਦਿਹਾੜੇ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਾਡੇ ਸ਼ਹੀਦਾਂ ਦੇ ਆਦਰਸ਼ਾਂ ਤੋਂ ਲੋਕਾਂ ਨੂੰ ਪ੍ਰੇਰਿਤ ਕਰਨ ਅਤੇ ਉਨ੍ਹਾਂ ਦੇ ਸੰਕਲਪ ਦੇ ਰਾਸ਼ਟਰ ਨਿਰਮਾਣ ਦੀ ਪ੍ਰਕ੍ਰਿਆ ਨੂੰ ਸਾਕਾਰ ਕਰਨ ਲਈ ਦਿਨ ਭਰ ਵੱਖ-ਵੱਖ ਪ੍ਰੋਗਰਾਮ ਉਲੀਕੇ ਗਏ ਹਨ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਨੇ ਇਸ ਦੇਸ਼ ਲਈ ਜੋ ਕੁਰਬਾਨੀ ਦਿੱਤੀ ਹੈ, ਉਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ ਅਤੇ ਉਨ੍ਹਾਂ ਦਾ ਨਾਮ ਹਮੇਸ਼ਾ ਸਾਰੇ ਭਾਰਤੀਆਂ ਦੇ ਦਿਲਾਂ ਵਿੱਚ ਵਸਿਆ ਰਹੇਗਾ।

ਇਸ ਮੌਕੇ ਵਿਧਾਇਕ ਸ਼ਹਿਰੀ ਰਣਬੀਰ ਸਿੰਘ ਭੁੱਲਰ ਨੇ ਲੋਕਾਂ ਨੂੰ ਸ਼ਹੀਦਾਂ ਦੀ ਸੋਚ 'ਤੇ ਪਹਿਰਾ ਦੇਣ ਦਾ ਸੱਦਾ ਦਿੰਦਿਆਂ ਕਿਹਾ ਕਿ ਸਾਨੂੰ ਸ਼ਹੀਦਾਂ ਦੀ ਸੋਚ 'ਤੇ ਚੱਲਣ ਦਾ ਪ੍ਰਣ ਕਰਨਾ ਚਾਹੀਦਾ ਹੈ। ਉਨ੍ਹਾਂ ਦੇਸ਼ਾਂ ਅਤੇ ਵਿਦੇਸ਼ਾਂ ਚ ਵਸੇ ਪੰਜਾਬੀਆਂ ਤੇ ਦੇਸ਼ ਵਾਸੀਆਂ ਨੂੰ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਜਨਮ ਦਿਵਸ 'ਤੇ ਵਧਾਈ ਦਿੱਤੀ।

ਇਸ ਅਵਸਰ ‘ਤੇ ਵਿਧਾਇਕ ਫਿਰੋਜ਼ਪੁਰ ਦਿਹਾਤੀ ਰਜਨੀਸ਼ ਦਹੀਆ ਅਤੇ ਵਿਧਾਇਕ ਜ਼ੀਰਾ ਨਰੇਸ਼ ਕਟਾਰੀਆ ਨੇ ਸ਼ਹੀਦੇ-ਏ-ਆਜ਼ਮ ਸ. ਭਗਤ ਸਿੰਘ ਦੇ ਆਦਰਸ਼ਾਂ ‘ਤੇ ਚੱਲਣ ਦੀ ਵਚਨਬੱਧਤਾ ਦੁਹਰਾਈ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਸਾਗਰ ਸੇਤੀਆ ਨੇ ਦੱਸਿਆ ਕਿ ਜ਼ਿਲ੍ਹੇ ਵਿਚ ਸ਼ਹੀਦ ਭਗਤ ਸਿੰਘ ਦੀ ਜਨਮ ਦਿਵਸ ਨੂੰ ਸਮਰਪਿਤ ਵੱਖ-ਵੱਖ ਸਮਾਗਮ ਉਲੀਕੇ ਗਏ ਹਨ, ਜਿਨ੍ਹਾਂ ਦੇ ਇਕ ਹਿੱਸੇ ਵਜੋਂ ਇਹ ਰੈਲੀ ਕਰਵਾਈ ਗਈ ਹੈ।

ਇਸ ਮੌਕੇ ਰੈਲੀ ਵਿੱਚ ਭਾਗ ਲੈਣ ਵਾਲਿਆਂ ਨੇ ਬਸੰਤੀ ਦੁਪੱਟੇ ਤੇ ਬਸੰਤੀ ਰੰਗ ਦੀਆਂ ਪੱਗਾਂ ਬੰਨ੍ਹ ਕੇ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਨੂੰ ਸ਼ਰਧਾਂਜਲੀ ਦਿੱਤੀ। ਸ਼ਹੀਦਾਂ ਦੀ ਸੋਚ 'ਤੇ ਪਹਿਰਾ ਦੇਣ ਦਾ ਸੱਦਾ ਦਿੰਦੀ ਇਹ ਰੈਲੀ ਸਾਰਾਗੜ੍ਹੀ ਤੋਂ ਸ਼ੁਰੂ ਹੋ ਕੇ ਊਧਮ ਸਿੰਘ ਚੌਕ, ਮੁਲਤਾਨੀ ਗੇਟ ਤੋਂ ਹੁੰਦੀ ਹੋਈ ਹੁਸੈਨੀਵਾਲਾ ਵਿਖੇ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੀ ਸਮਾਧ 'ਤੇ ਜਾ ਕੇ ਸਮਾਪਤ ਹੋਈ। ਰੈਲੀ ਦੌਰਾਨ ਭਾਗੀਦਾਰਾਂ ਨੇ ‘ਭਗਤ ਸਿੰਘ ਤੇਰੀ ਸੋਚ 'ਤੇ, ਪਹਿਰਾ ਦਿਆਂਗੇ ਠੋਕ ਕੇ' ਅਤੇ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰਿਆਂ ਨਾਲ ਆਕਾਸ਼ ਗੂੰਜਾ ਦਿੱਤਾ। ਇਸ ਰੈਲੀ ਵਿਚ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਮੈਡਮ ਰਤਨਦੀਪ ਸੰਧੂ, ਵੱਖੋ-ਵੱਖ ਵਿਭਾਗਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ, ਸ਼ਹੀਦ ਭਗਤ ਸਿੰਘ ਰਾਜਗੁਰੂ ਸੁਖਦੇਵ ਮੈਮੋਰੀਅਲ ਦੇ ਮੈਂਬਰ, ਆਂਗਣਵਾੜੀ ਵਰਕਰਜ਼, ਐਨ ਜੀ ਓਜ਼ ਦੇ ਮੈਂਬਰਾਂ ਤੋਂ ਇਲਾਵਾ ਵੱਡੀ ਗਿਣਤੀ ਵਿਚ ਬੱਚਿਆਂ, ਨੌਜਵਾਨਾਂ, ਔਰਤਾਂ ਤੇ ਪੁਰਸ਼ਾਂ ਨੇ ਪੂਰੇ ਜੋਸ਼ ਤੇ ਉਤਸ਼ਾਹ ਨਾਲ ਸ਼ਿਰਕਤ ਕੀਤੀ।








# ਬੈਂਗਲੁਰੂ 'ਚ ਟ੍ਰੈਫਿਕ ਜਾਮ ਤੋਂ ਬਚਣ ਲਈ ਹੁਣ ਲੋਕ ਲੈ ਸਕਦੇ ਹਨ ਹੈਲੀਕਾਪਟਰ ਸੇਵਾ, 15 ਮਿੰਟ 'ਚ ਪੂਰਾ ਹੋਵੇਗਾ 120 ਮਿੰਟ ਦਾ ਸਫਰ

ਬੈਂਗਲੁਰੂ, 29 ਸਤੰਬਰ (ਪੋਸਟ ਬਿਊਰੋ) - ਹੁਣ ਤੁਸੀਂ ਬੈਂਗਲੁਰੂ ਏਅਰਪੋਰਟ ਤੋਂ ਹੈਲੀਕਾਪਟਰ ਲੈ ਕੇ ਸ਼ਹਿਰ ਜਾ ਸਕਦੇ ਹੋ ਅਤੇ ਟ੍ਰੈਫਿਕ ਤੋਂ ਬਚ ਸਕਦੇ ਹੋ। ਆਉਣ-ਜਾਣ ਦਾ ਸਮਾਂ ਮੌਜੂਦਾ 120 ਮਿੰਟਾਂ ਤੋਂ ਘਟਾ ਕੇ ਸਿਰਫ਼ 15 ਮਿੰਟ ਰਹਿ ਜਾਵੇਗਾ। ਬਲੇਡ ਇੰਡੀਆ ਨੇ ਘੋਸ਼ਣਾ ਕੀਤੀ ਹੈ ਕਿ ਉਹ ਬੈਂਗਲੁਰੂ ਅਤੇ ਕੇਮਪੇਗੌੜਾ ਅੰਤਰਰਾਸ਼ਟਰੀ ਹਵਾਈ ਅੱਡੇ ਵਿਚਕਾਰ ਤੇਜ਼ ਯਾਤਰਾ ਨੂੰ ਯਕੀਨੀ ਬਣਾਉਣ ਲਈ ਹੈਲੀਕਾਪਟਰ ਸੇਵਾਵਾਂ ਸ਼ੁਰੂ ਕਰੇਗੀ। ਇਹ ਸੇਵਾਵਾਂ 10 ਅਕਤੂਬਰ ਤੋਂ ਹਫ਼ਤੇ ਵਿੱਚ ਪੰਜ ਵਾਰ ਸ਼ੁਰੂ ਹੋਣਗੀਆਂ। ਪ੍ਰਤੀ ਸੀਟ ਦੀ ਕੀਮਤ ਬਿਨਾਂ ਟੈਕਸ ਦੇ 3,250 ਰੁਪਏ ਹੋਵੇਗੀ। 125 ਏਅਰਬੱਸ ਹੈਲੀਕਾਪਟਰ ਹਿੰਦੁਸਤਾਨ



ਏਅਰੋਨੌਟਿਕਸ ਲਿਮਟਿਡ ਏਅਰਪੋਰਟ ਅਤੇ ਬੈਂਗਲੁਰੂ ਏਅਰਪੋਰਟ ਦੇ ਵਿਚਕਾਰ ਇੱਕ ਸਮੇਂ ਵਿੱਚ ਪੰਜ ਤੋਂ ਛੇ ਯਾਤਰੀਆਂ ਦੇ ਨਾਲ ਉਡਾਣ ਭਰ ਸਕਦਾ ਹੈ।

ਹੈਲੀਕਾਪਟਰ ਸੇਵਾ ਬਾਰੇ ਕੰਪਨੀ ਨੇ ਕਿਹਾ ਹੈ ਕਿ ਯਾਤਰੀ 120 ਮਿੰਟ ਦੀ ਰਾਈਡ ਨੂੰ ਬੈਂਗਲੁਰੂ ਏਅਰਪੋਰਟ 'ਤੇ 15 ਮਿੰਟ ਦੀ ਏਅਰ ਰਾਈਡ ਦੇ ਰੂਪ 'ਚ ਲੈ ਸਕਣਗੇ। ਕੰਪਨੀ ਨੇ ਕਿਹਾ ਕਿ ਇਹ ਬਾਅਦ 'ਚ ਹੋਰ ਰੂਟ ਜੋੜੇਗੀ।" ਵ੍ਹਾਈਟਫੀਲਡ ਅਤੇ ਇਲੈਕਟ੍ਰਾਨਿਕ ਦੀ ਜੋੜੀ ਸਿਟੀ ਨੂੰ ਵੀ ਇਸ ਦੇ ਅੰਦਰ ਲਿਆਂਦਾ ਜਾਵੇਗਾ। ਸ਼ੁਰੂਆਤ 'ਚ ਬਲੇਡ ਇੰਡੀਆ ਦਿਨ 'ਚ ਦੋ ਵਾਰ ਕੰਮ ਕਰੇਗੀ। ਬੈਂਗਲੁਰੂ ਤੋਂ ਐਚਏਐਲ ਏਅਰਪੋਰਟ ਦੀ ਸਵਾਰੀ ਸਵੇਰੇ 9 ਵਜੇ ਨਿਰਧਾਰਤ ਕੀਤੀ ਗਈ ਹੈ। ਵਾਪਸੀ ਦਾ ਹੈਲੀਕਾਪਟਰ ਸ਼ਾਮ 4:15 ਵਜੇ ਉਡਾਣ ਭਰੇਗਾ।

ਦੱਸ ਦੇਈਏ ਕਿ ਹਾਲ ਹੀ ਵਿੱਚ ਬਲੇਡ ਇੰਡੀਆ ਨੇ ਗੋਆ ਵਿੱਚ ਆਪਣੀ ਹੈਲੀਕਾਪਟਰ ਸੇਵਾ ਸ਼ੁਰੂ ਕਰਨ ਦਾ ਐਲਾਨ ਕੀਤਾ ਸੀ। ਸੇਵਾ ਸਥਾਨਕ ਯਾਤਰੀਆਂ ਦੇ ਨਾਲ-ਨਾਲ ਸੈਲਾਨੀਆਂ ਲਈ ਯਾਤਰਾ ਦੀ ਪੇਸ਼ਕਸ਼ ਕਰਦੀ ਹੈ। ਕੰਪਨੀ ਦੇ ਅਨੁਸਾਰ, ਹੈਲੀਕਾਪਟਰ ਸੇਵਾਵਾਂ ਅੰਦਰ ਵੱਲ ਯਾਤਰਾ ਲਈ ਹਨ ਅਤੇ ਗੋਆ ਹਵਾਈ ਅੱਡੇ ਨੂੰ ਉੱਤਰੀ ਗੋਆ, ਦੱਖਣੀ ਗੋਆ ਅਤੇ ਓਲਡ ਗੋਆ ਨਾਲ ਜੋੜਨਗੀਆਂ।

# ਪੀਐਫਆਈ ਮਾਡਿਊਲ ਨੇ ਤਾਮਿਲਨਾਡੂ ਦੇ ਹਿੱਲ ਸਟੇਸ਼ਨ ਜਾਣ ਵਾਲੇ ਯਹੂਦੀਆਂ 'ਤੇ ਹਮਲੇ ਦੀ ਯੋਜਨਾ ਬਣਾਈ ਸੀ: ਐਨਆਈਏ ਅਧਿਕਾਰੀ

ਨਵੀਂ ਦਿੱਲੀ, 29 ਸਤੰਬਰ (ਪੋਸਟ ਬਿਊਰੋ) - ਐਨ.ਆਈ.ਏ ਦੀ ਜਾਂਚ ਮੁਤਾਬਕ 'ਪਾਪੂਲਰ ਫਰੰਟ ਆਫ ਇੰਡੀਆ' (ਪੀ. ਐੱਫ. ਆਈ.) ਨੌਜਵਾਨਾਂ ਨੂੰ ਦੇਸ਼ ਵਿਰੋਧੀ ਗਤੀਵਿਧੀਆਂ 'ਚ ਸ਼ਾਮਲ ਕਰਨ ਲਈ ਸੋਸ਼ਲ ਮੀਡੀਆ ਦੀ ਵੱਡੇ ਪੱਧਰ 'ਤੇ ਵਰਤੋਂ ਕਰ ਰਿਹਾ ਸੀ ਅਤੇ ਹੁਣ ਪਾਬੰਦੀਸ਼ੁਦਾ ਇਕ ਮਾਡਿਊਲ ਨੇ ਤਾਮਿਲਨਾਡੂ ਦੇ ਇੱਕ ਪਹਾੜੀ ਖੇਤਰ ਵੱਟਕਨਾਲ ਵਿੱਚ ਆਉਣ ਵਾਲੇ ਵਿਦੇਸ਼ੀਆਂ ਖਾਸ ਕਰਕੇ ਯਹੂਦੀਆਂ 'ਤੇ ਹਮਲਾ ਕਰਨ ਦੀ ਤਿਆਰੀ ਵੀ ਕੀਤੀ ਸੀ। ਐਨਆਈਏ ਅਧਿਕਾਰੀਆਂ ਨੇ ਦੱਸਿਆ ਕਿ ਏਜੰਸੀ ਦੀ ਜਾਂਚ ਮੁਤਾਬਕ ਦੱਖਣੀ ਰਾਜਾਂ ਵਿੱਚ ਕਰੀਬ 15 ਨੌਜਵਾਨ ਅਤੇ ਉਨ੍ਹਾਂ ਨਾਲ ਜੁੜੇ ਲੋਕ ਇਸ ਮਾਡਿਊਲ ਵਿੱਚ ਸ਼ਾਮਲ ਸਨ।




ਇਨ੍ਹਾਂ 'ਚੋਂ ਜ਼ਿਆਦਾਤਰ ਪੀ.ਐੱਫ.ਆਈ. ਦੇ ਮੈਂਬਰ ਜਾਂ ਗਲੋਬਲ ਅੱਤਵਾਦੀ ਸੰਗਠਨ ਆਈ.ਐੱਸ.ਆਈ.ਐੱਸ. ਦਾ ਸਮਰਥਨ ਕਰਨ ਵਾਲੇ ਸ਼ਾਮਲ ਸਨ। ਮਾਡਿਊਲ ਨੇ ਭਾਰਤ ਵਿੱਚ ਅੱਤਵਾਦੀ ਗਤੀਵਿਧੀਆਂ ਨੂੰ ਅੰਜਾਮ ਦੇਣ ਦੇ ਇਰਾਦੇ ਨਾਲ ਹਾਈ ਕੋਰਟ ਦੇ ਜੱਜਾਂ, ਸੀਨੀਅਰ ਪੁਲਿਸ ਅਧਿਕਾਰੀਆਂ ਅਤੇ ਅਹਿਮਦੀਆ ਭਾਈਚਾਰੇ ਦੇ ਮੁਸਲਮਾਨਾਂ 'ਤੇ ਹਮਲੇ ਦੀ ਸਾਜਿਸ਼ ਵੀ ਰਚੀ ਸੀ। ਅਧਿਕਾਰੀਆਂ ਨੇ ਕਿਹਾ ਕਿ ਮਾਡਿਊਲ ਨੇ ਮਹੱਤਵਪੂਰਨ ਵਿਅਕਤੀਆਂ ਅਤੇ ਜਨਤਕ ਮਹੱਤਵ ਵਾਲੀਆਂ ਥਾਵਾਂ ਨੂੰ ਨਿਸ਼ਾਨਾ ਬਣਾਇਆ ਸੀ। ਵਿਸਫੋਟਕ ਅਤੇ ਹੋਰ ਵਿਨਾਸ਼ਕਾਰੀ ਸਮੱਗਰੀ ਇਕੱਠੀ ਕਰਕੇ ਸਰਕਾਰ ਵਿਰੁੱਧ ਜੰਗ ਛੇੜਨ ਦੀ ਅਪਰਾਧਿਕ ਸਾਜ਼ਿਸ਼ ਰਚੀ ਸੀ।

ਇਸ ਨਾਲ ਜੁੜੇ ਲੋਕ ਆਈਐਸਆਈਐਸ ਦੀ ਵਿਚਾਰਧਾਰਾ ਦਾ ਪ੍ਰਚਾਰ ਕਰਨ ਲਈ ਵੱਖ-ਵੱਖ ਇੰਟਰਨੈਟ ਆਧਾਰਿਤ ਪਲੇਟਫਾਰਮਾਂ ਦੀ ਵਰਤੋਂ ਕਰਦੇ ਸਨ। ਜਾਂਚਕਰਤਾਵਾਂ ਦੁਆਰਾ ਸਰਗਰਮ ਨਿਗਰਾਨੀ ਦੇ ਦੌਰਾਨ, ਪੰਜ ਸ਼ੱਕੀ ਵਿਅਕਤੀਆਂ ਮਾਨਸੀਦ, ਸਵਲਿਤ ਮੁਹੰਮਦ, ਰਸ਼ੀਦ ਅਲੀ ਸਫਵਾਨ ਅਤੇ ਜਾਸਿਮ ਐਨ ਦਾ ਪਤਾ ਲਗਾਇਆ ਗਿਆ ਸੀ। ਉਨ੍ਹਾਂ ਨੂੰ 2 ਅਕਤੂਬਰ, 2016 ਨੂੰ ਕੇਰਲ ਦੇ ਕੰਨੂਰ ਜ਼ਿਲ੍ਹੇ ਤੋਂ ਗ੍ਰਿਫਤਾਰ ਕੀਤਾ ਗਿਆ ਸੀ ਜਦੋਂ ਉਹ ਕਥਿਤ ਤੌਰ 'ਤੇ ਸਰਕਾਰ ਵਿਰੁੱਧ ਜੰਗ ਛੇੜਨ ਦੀ ਸਾਜ਼ਿਸ਼ ਰਚਣ ਲਈ ਮੀਟਿੰਗ ਕਰ ਰਹੇ ਸਨ।

ਅਧਿਕਾਰੀਆਂ ਨੇ ਦੱਸਿਆ ਕਿ ਬਾਅਦ 'ਚ ਮੁਲਜ਼ਮਾਂ ਦੀ ਰਿਹਾਇਸ਼ 'ਤੇ ਛਾਪੇਮਾਰੀ ਕੀਤੀ ਗਈ ਅਤੇ ਉਥੋਂ ਡਿਜੀਟਲ ਉਪਕਰਨਾਂ ਅਤੇ ਦਸਤਾਵੇਜ਼ਾਂ ਸਮੇਤ ਹੋਰ ਸਮੱਗਰੀ ਜ਼ਬਤ ਕੀਤੀ ਗਈ।

# ਟੀਵੀ ਸੀਰੀਅਲ ਨਿਰਮਾਤਾ ਏਕਤਾ ਕਪੂਰ ਅਤੇ ਉਸ ਦੀ ਮਾਂ ਦੇ ਖਿਲਾਫ ਗ੍ਰਿਫਤਾਰੀ ਵਾਰੰਟ ਜਾਰੀ



ਬੇਗੂਸਰਾਏ, 29 ਸਤੰਬਰ (ਪੋਸਟ ਬਿਊਰੋ) - ਬਿਹਾਰ ਦੇ ਬੇਗੂਸਰਾਏ ਦੀ ਇਕ ਅਦਾਲਤ ਨੇ ਬੁੱਧਵਾਰ ਨੂੰ ਫਿਲਮ ਨਿਰਮਾਤਾ ਅਤੇ ਨਿਰਦੇਸ਼ਕ ਏਕਤਾ ਕਪੂਰ ਅਤੇ ਉਸ ਦੀ ਮਾਂ ਸ਼ੋਭਾ ਕਪੂਰ 'ਤੇ ਆਪਣੀ ਵੈੱਬ ਸੀਰੀਜ਼ 'ਟ੍ਰਿਪਲ ਐਕਸ' (ਸੀਜ਼ਨ 2) 'ਚ ਫੌਜੀਆਂ ਦਾ ਅਪਮਾਨ ਕਰਨ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ 'ਚ ਗ੍ਰਿਫਤਾਰੀ ਵਾਰੰਟ ਜਾਰੀ ਕੀਤਾ ਹੈ। ਜਸਟਿਸ ਵਿਕਾਸ ਕੁਮਾਰ ਦੀ ਅਦਾਲਤ ਨੇ ਇਹ ਵਾਰੰਟ ਸਾਬਕਾ ਫੌਜੀ ਅਤੇ ਬੇਗੂਸਰਾਏ ਨਿਵਾਸੀ ਸ਼ੰਭੂ ਕੁਮਾਰ ਦੀ ਸ਼ਿਕਾਇਤ ਦੇ ਆਧਾਰ 'ਤੇ ਜਾਰੀ ਕੀਤਾ ਹੈ।

ਸਾਬਕਾ ਫੌਜੀ ਸ਼ੰਭੂ ਕੁਮਾਰ ਨੇ 2020 ਵਿੱਚ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਸੀ ਕਿ ਲੜੀ 'ਟ੍ਰਿਪਲ ਐਕਸ' (ਸੀਜ਼ਨ-2) ਵਿਚ ਇਕ ਸਿਪਾਹੀ ਦੀ ਪਤਨੀ ਨਾਲ ਸਬੰਧਤ ਕਈ ਇਤਰਾਜ਼ਯੋਗ ਦ੍ਰਿਸ਼ ਦਿਖਾਏ ਗਏ ਸਨ।

ਸ਼ੰਭੂ ਕੁਮਾਰ ਦੇ ਵਕੀਲ ਰਿਸ਼ੀਕੇਸ਼ ਪਾਠਕ ਨੇ ਕਿਹਾ, 'ਟ੍ਰਿਪਲ ਐਕਸ' ਸੀਰੀਜ਼ ਏਕਤਾ ਕਪੂਰ ਦੀ ਬਾਲਾਜੀ ਟੈਲੀਫਿਲਮਜ਼ ਲਿਮਟਿਡ ਦੀ ਮਲਕੀਅਤ ਵਾਲੇ ਇੱਕ ਓਟੀਟੀ ਪਲੇਟਫਾਰਮ ਬਾਲਾਜੀ 'ਤੇ ਪ੍ਰਸਾਰਿਤ ਕੀਤੀ ਗਈ ਸੀ। ਸ਼ੋਭਾ ਕਪੂਰ ਵੀ ਬਾਲਾਜੀ ਟੈਲੀਫਿਲਮਜ਼ ਨਾਲ ਜੁੜੀ ਹੋਈ ਹੈ।"

ਪਾਠਕ ਨੇ ਕਿਹਾ, "ਅਦਾਲਤ ਨੇ ਉਨ੍ਹਾਂ (ਕਪੂਰ) ਨੂੰ ਸੰਮਨ ਜਾਰੀ ਕੀਤਾ ਸੀ ਅਤੇ ਉਨ੍ਹਾਂ ਨੂੰ ਮਾਮਲੇ ਦੇ ਸਿਲਸਿਲੇ 'ਚ ਪੇਸ਼ ਹੋਣ ਲਈ ਕਿਹਾ ਸੀ। ਉਸ (ਕਪੂਰ) ਨੇ ਅਦਾਲਤ ਨੂੰ ਸੂਚਿਤ ਕੀਤਾ ਸੀ ਕਿ ਇਤਰਾਜ਼ਾਂ ਤੋਂ ਬਾਅਦ ਸੀਰੀਜ਼ ਦੇ ਕੁਝ ਦ੍ਰਿਸ਼ਾਂ ਨੂੰ ਹਟਾ ਦਿੱਤਾ ਗਿਆ ਸੀ, ਪਰ ਉਸ ਨੇ ਅਜਿਹਾ ਨਹੀਂ ਕੀਤਾ। ਜਿਸ ਤੋਂ ਬਾਅਦ ਉਸ ਦੇ ਖਿਲਾਫ ਵਾਰੰਟ ਜਾਰੀ ਕੀਤਾ ਗਿਆ ਹੈ।

# ਵਿਦਿਆਰਥਣ ਨੇ ਊਬਰ ਆਟੋ ਡਰਾਈਵਰ 'ਤੇ ਜਿਨਸੀ ਸ਼ੋਸ਼ਣ ਦਾ ਦੋਸ਼ ਲਗਾਇਆ



ਚੇਨਈ, 29 ਸਤੰਬਰ (ਪੋਸਟ ਬਿਊਰੋ)- ਚੇਨਈ ਵਿਚ ਇਕ ਊਬਰ ਆਟੋਰਿਕਸ਼ਾ ਡਰਾਈਵਰ ਨੇ ਕਥਿਤ ਤੌਰ 'ਤੇ ਇਕ ਕਾਲਜ ਵਿਦਿਆਰਥਣ ਦਾ ਜਿਨਸੀ ਸ਼ੋਸ਼ਣ ਕੀਤਾ ਅਤੇ ਰੌਲਾ ਪਾਉਣ 'ਤੇ ਆਪਣੇ ਵਾਹਨ ਨੂੰ ਪਿੱਛੇ ਛੱਡ ਕੇ ਭੱਜ ਗਿਆ। ਘਟਨਾ ਬੀਤੀ ਰਾਤ ਉਸ ਸਮੇਂ ਵਾਪਰੀ, ਜਦੋਂ ਵਿਦਿਆਰਥਣ ਆਪਣੀ ਸਹੇਲੀ ਨਾਲ ਸ਼ਹਿਰ ਦੇ ਇਕ ਹੋਟਲ ਵਿਚ ਵਾਪਸ ਆ ਰਹੀ ਸੀ।

ਟਵਿੱਟਰ 'ਤੇ ਘਟਨਾ ਦਾ ਵੇਰਵਾ ਦਿੰਦਿਆਂ ਵਿਦਿਆਰਥਣ ਨੇ ਕਿਹਾ ਕਿ ਉਸਨੇ ਸੇਮਨਚੇਰੀ ਦੇ ਇਕ ਰੈਸਟੋਰੈਂਟ ਤੋਂ ਇਕ ਹੋਟਲ ਤੱਕ ਊਬਰ ਆਟੋਰਿਕਸ਼ਾ ਦੀ ਸਵਾਰੀ ਬੁੱਕ ਕੀਤੀ ਸੀ। ਉਸਨੇ ਦੋਸ਼ ਲਗਾਇਆ ਕਿ ਜਿਵੇਂ ਹੀ ਉਹ ਅਤੇ ਉਸਦੀ ਦੋਸਤ ਮੰਜ਼ਲ 'ਤੇ ਪਹੁੰਚਣ ਤੋਂ ਬਾਅਦ ਆਟੋ ਤੋਂ ਹੇਠਾਂ ਉਤਰੇ ਤਾਂ ਡਰਾਈਵਰ ਨੇ ਉਸ ਨੂੰ ਗਲਤ ਤਰੀਕੇ ਨਾਲ ਛੂਹ ਲਿਆ।

ਬਾਅਦ ਵਿੱਚ ਇਕ ਟਵੀਟ ਵਿਚ ਉਸਨੇ ਕਿਹਾ ਕਿ ਅਲਾਰਮ ਵੱਜਣ ਤੋਂ ਬਾਅਦ ਡਰਾਈਵਰ ਮੌਕੇ ਤੋਂ ਭੱਜ ਗਿਆ। ਘਟਨਾ ਤੋਂ ਬਾਅਦ ਲੜਕੀ ਨੇ ਦਾਅਵਾ ਕੀਤਾ ਕਿ ਉਸ ਨੇ ਪੁਲਸ ਨੂੰ ਫ਼ੋਨ ਕੀਤਾ ਪਰ ਪੁਲਸ ਵੱਲੋਂ ਕੋਈ ਮਦਦ ਨਹੀਂ ਮਿਲੀ। ਪੀੜਤਾ ਨੇ ਦੱਸਿਆ ਕਿ ਘਟਨਾ ਦੇ 30 ਮਿੰਟ ਬਾਅਦ ਇੱਕ ਪੁਲਿਸ ਮੁਲਾਜ਼ਮ ਦੂਜੇ ਵਿਅਕਤੀ ਨਾਲ ਹੋਟਲ ਪਹੁੰਚਿਆ, ਉਸਨੇ ਦਾਅਵਾ ਕੀਤਾ, ਪਰ ਉੱਥੇ ਕੋਈ ਮਹਿਲਾ ਪੁਲਿਸ ਕਰਮਚਾਰੀ ਨਹੀਂ ਸੀ। "ਉਨ੍ਹਾਂ ਨੇ ਸਾਨੂੰ ਐਫਆਈਆਰ ਦਰਜ ਕਰਨ ਲਈ ਸਵੇਰ ਤੱਕ ਇੰਤਜ਼ਾਰ ਕਰਨ ਲਈ ਕਿਹਾ ਕਿਉਂਕਿ ਸਟੇਸ਼ਨ 'ਤੇ ਕੋਈ ਮਹਿਲਾ ਅਧਿਕਾਰੀ ਨਹੀਂ ਸੀ।

# ਬੰਗਲਾਦੇਸ਼ ਵਿਚ ਕਿਸ਼ਤੀ ਪਲਟਣ ਨਾਲ 60 ਲੋਕਾਂ ਦੀ ਹੋਈ ਮੌਤ



ਢਾਕਾ, 29 ਸਤੰਬਰ (ਪੋਸਟ ਬਿਊਰੋ): ਬੰਗਲਾਦੇਸ਼ ਦੇ ਪੰਚਗੜ੍ਹ ਵਿੱਚ ਐਤਵਾਰ ਨੂੰ ਕਿਸ਼ਤੀ ਪਲਟਣ ਕਾਰਨ ਹੁਣ ਤਕ 60 ਲੋਕਾਂ ਦੀ ਮੌਤ ਹੋ ਗਈ ਹੈ। ਐਤਵਾਰ ਨੂੰ ਮਰਨ ਵਾਲਿਆਂ ਦੀ ਗਿਣਤੀ 26 ਸੀ, ਜੋ ਹੁਣ ਵਧ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਕਿਸ਼ਤੀ ਪਲਟਣ ਤੋਂ ਬਾਅਦ ਗੋਤਾਖ਼ੋਰਾਂ ਦੀ ਟੀਮ ਲਾਸ਼ਾਂ ਦੀ ਭਾਲ ਅਤੇ ਬਚਾਅ ਲਈ ਨਦੀ 'ਤੇ ਖੋਜ਼ ਕਰਨ 'ਚ ਲੱਗੀ ਹੋਈ ਸੀ। ਇਸ ਬਚਾਅ ਕਾਰਜ ਨੂੰ ਦੇਖਣ ਲਈ ਨਦੀ ਦੇ ਕੰਢੇ ਹਜ਼ਾਰਾਂ ਲੋਕ ਇਕੱਠੇ ਹੋ ਗਏ।

ਜਾਣਕਾਰੀ ਅਨੁਸਾਰ ਵਧੀਕ ਡਿਪਟੀ ਕਮਿਸ਼ਨਰ ਦੇ ਹਵਾਲੇ ਨਾਲ ਕਿਹਾ ਕਿ ਦੀਪਾਂਕਰ ਰਾਏ ਨੇ ਮਰਨ ਵਾਲਿਆਂ ਦੀ ਗਿਣਤੀ ਦੀ ਪੁਸ਼ਟੀ ਕੀਤੀ ਹੈ। ਮਰਨ ਵਾਲਿਆਂ ਵਿੱਚ 25 ਔਰਤਾਂ ਅਤੇ 13 ਬੱਚੇ ਸ਼ਾਮਲ ਹਨ। ਇਹ ਸਾਰੇ ਲੋਕ ਇੱਕ ਕਿਸ਼ਤੀ ਵਿੱਚ ਸਵਾਰ ਹੋ ਕੇ ਮਹਾਲਿਆ (ਤਿਉਹਾਰ) ਮਨਾਉਣ ਲਈ ਬੋਦੇਸ਼ਵਰੀ ਮੰਦਰ ਜਾ ਰਹੇ ਸਨ। ਮੁਤਾਬਕ ਐਤਵਾਰ ਦੁਪਹਿਰ ਨੂੰ ਮਾਰੀਆ ਯੂਨੀਅਨ ਦੇ ਔਲੀਆ ਘਾਟ ਤੋਂ ਕਿਸ਼ਤੀ ਪਲਟਣ ਦੀ ਸੂਚਨਾ ਮਿਲੀ। ਇਸ ਘਟਨਾ ਦੀ ਪੁਸ਼ਟੀ ਪੰਜਗੜ੍ਹ ਦੇ ਡਿਪਟੀ ਕਮਿਸ਼ਨਰ ਜ਼ਹੀਰੁਲ ਇਸਲਾਮ ਨੇ ਕੀਤੀ।

# ਦੇਸ਼ ਵਿਚ ਲਾਂਚ ਹੋਵੇਗੀ 5ਜੀ ਮੋਬਾਈਲ ਸਰਵਿਸ, ਇਕ ਅਕਤੂਬਰ ਨੂੰ ਪ੍ਰਧਾਨ ਮੰਤਰੀ ਮੋਦੀ ਕਰਨਗੇ ਆਗਾਜ਼

ਨਵੀਂ ਦਿੱਲੀ, 29 ਸਤੰਬਰ (ਪੋਸਟ ਬਿਊਰੋ): ਦੇਸ਼ ਵਿੱਚ 5ਜੀ ਮੋਬਾਈਲ ਸੇਵਾ ਦੀ ਉਡੀਕ ਕੀਤੀ ਜਾ ਰਹੀ ਸੀ। ਜਾਣਕਾਰੀ ਅਨੁਸਾਰ 1 ਅਕਤੂਬਰ ਨੂੰ ਦੇਸ਼ 'ਚ 5ਜੀ ਸੇਵਾ ਸ਼ੁਰੂ ਹੋ ਜਾਵੇਗੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇੰਡੀਆ ਮੋਬਾਈਲ ਕਾਂਗਰਸ 'ਚ ਇਸ ਸੇਵਾ ਦੀ ਸ਼ੁਰੂਆਤ ਕਰਨਗੇ। ਦਿੱਲੀ ਦੇ ਪ੍ਰਗਤੀ ਮੈਦਾਨ 'ਚ ਇੰਡੀਆ ਮੋਬਾਈਲ ਕਾਂਗਰਸ ਦਾ ਪ੍ਰਬੰਧ ਕੀਤਾ ਜਾਵੇਗਾ। ਸਰਕਾਰ ਦੇ ਰਾਸ਼ਟਰੀ ਬਰਾਡਬੈਂਡ ਮਿਸ਼ਨ ਨੇ ਅੱਜ ਟਵੀਟ ਕੀਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ 1 ਅਕਤੂਬਰ ਨੂੰ ਇਕ ਸਮਾਗਮ 'ਚ ਭਾਰਤ ਵਿੱਚ 5ਜੀ ਸੇਵਾਵਾਂ ਦੀ ਸ਼ੁਰੂਆਤ ਕਰਨਗੇ। 5ਜੀ ਸੇਵਾ ਇਕ ਰੈਵੋਲਿਊਸ਼ਨ ਸਾਬਿਤ ਹੋਵੇਗੀ। ਹੋਲੋਗ੍ਰਾਮ ਜ਼ਰੀਏ ਦੂਰ-ਦਰਾਡੇ ਦੇ ਖੇਤਰਾਂ 'ਚ ਸਿੱਖਿਆ, ਸਿਹਤ ਤੇ ਐਮਰਜੈਂਸੀ ਸੇਵਾਵਾਂ 'ਚ ਵੱਡਾ



ਬਦਲਾਅ ਦੇਖਿਆ ਜਾ ਸਕਦਾ ਹੈ। ਫਿਰ ਚਾਹੇ ਉਹ ਦੂਰ-ਦਰਾਡੇ ਦੇ ਖੇਤਰਾਂ 'ਚ ਲੈਕਚਰ ਹੋਣ ਜਾਂ ਸਿਹਤ ਸੇਵਾਵਾਂ ਬਾਰੇ ਜਾਣਕਾਰੀ ਦੇਣ ਜਾਂ ਕੋਈ ਐਮਰਜੈਂਸੀ, ਇਸ ਰਾਹੀਂ ਸੰਪਰਕ ਤੇ ਜਾਣਕਾਰੀ ਦਾ ਅਦਾਨ-ਪ੍ਰਦਾਨ ਆਸਾਨੀ ਨਾਲ ਹੋ ਸਕੇਗਾ। ਇਸ ਦੇ ਨਾਲ ਹੀ 5ਜੀ ਸੇਵਾ ਨੂੰ ਲੈ ਕੇ ਅਮਰੀਕਾ 'ਚ ਹਵਾਬਾਜ਼ੀ ਦੇ ਮੁੱਦੇ 'ਤੇ ਵੀ ਸ਼ੰਕਾਵਾਂ ਦੂਰ ਹੋ ਗਈਆਂ ਹਨ। ਦੂਰਸੰਚਾਰ ਮੰਤਰਾਲੇ ਨੇ ਇਸ ਮਾਮਲੇ 'ਤੇ ਅਧਿਐਨ ਤੋਂ ਬਾਅਦ ਇਕ ਬਿਆਨ ਜਾਰੀ ਕੀਤਾ ਹੈ ਅਤੇ ਕਿਹਾ ਹੈ ਕਿ ਇਸ ਨੂੰ ਲੈ ਕੇ ਦੇਸ਼ ਵਿਚ ਕੋਈ ਪਰੇਸ਼ਾਨੀ ਨਾ ਹੋਵੇ। ਇਸ ਸਮੱਸਿਆ ਨੂੰ ਲੈ ਕੇ ਆਈਆਈਟੀ ਮਦਰਾਸ 'ਚ ਇੱਕ ਅਧਿਐਨ ਕੀਤਾ ਗਿਆ। ਆਈਆਈਟੀ ਦੇ ਅਧਿਐਨ ਮੁਤਾਬਕ ਗੈਪਿੰਗ ਕਾਰਨ ਅਮਰੀਕਾ 'ਚ ਹੋਣ ਵਾਲੀ ਸਮੱਸਿਆ ਦਾ ਸਾਹਮਣਾ ਭਾਰਤ 'ਚ ਨਹੀਂ ਕਰਨਾ ਪਵੇਗਾ।

# ਭਾਰਤ-ਭੂਟਾਨ ਸਰਹੱਦੀ ਗੇਟ ਨਵੇਂ ਨਿਯਮਾਂ ਨਾਲ ਸੈਲਾਨੀਆਂ ਲਈ ਖੋਲ੍ਹੇ

ਗੁਹਾਟੀ, 29 ਸਤੰਬਰ (ਪੋਸਟ ਬਿਊਰੋ): ਆਸਾਮ ਵਿਚ ਭਾਰਤ-ਭੂਟਾਨ ਸਰਹੱਦੀ ਗੇਟ ਢਾਈ ਸਾਲਾਂ ਦੇ ਵਕਫ਼ੇ ਮਗਰੋਂ ਸੈਲਾਨੀਆਂ ਲਈ ਮੁੜ ਖੋਲ੍ਹ ਦਿੱਤੇ ਗਏ ਹਨ। ਅਧਿਕਾਰੀ ਮੁਤਾਬਕ ਕੋਵਿਡ-19 ਮਹਾਂਮਾਰੀ ਦੇ ਕਹਿਰ ਕਾਰਨ ਬੰਦ ਕੀਤੇ ਗਏ ਭਾਰਤ-ਭੂਟਾਨ ਸਰਹੱਦੀ ਗੇਟ ਨੂੰ ਸ਼ੁੱਕਰਵਾਰ ਨੂੰ ਕੁਝ ਨਵੇਂ ਨਿਯਮਾਂ ਦੇ ਨਾਲ ਮੁੜ ਖੋਲ੍ਹ ਦਿੱਤਾ ਗਿਆ। ਗੁਹਾਟੀ ਵਿਚ ਭੂਟਾਨ ਦੇ ਕੌਂਸਲ ਜਨਰਲ ਜਿਗਮੇ ਥਿਨਲੇ ਨਾਮਗਿਆਲ ਨੇ ਤਾਮੂਲਪੁਰ ਜ਼ਿਲ੍ਹੇ 'ਚ ਸਮਦਰੂਪ-ਜੋਂਗਖਰ, ਚਿਰਾਂਗ ਵਿਚ ਦਾਦਾਗਿਰੀ ਅਤੇ ਗੇਲੇਫੂ, ਬਕਸਾ 'ਚ ਨਾਮਲਾਂਗ ਅਤੇ ਪਨਬੰਗ ਅਤੇ ਉਦਲਗੁੜੀ ਜ਼ਿਲ੍ਹੇ ਵਿਚ ਸਮਰਾਂਗ ਵਿਖੇ ਅੰਤਰਰਾਸ਼ਟਰੀ ਸਰਹੱਦੀ ਗੇਟਾਂ ਨੂੰ ਮੁੜ ਖੋਲ੍ਹਣ ਦਾ ਐਲਾਨ ਕੀਤਾ। ਅਧਿਕਾਰੀ ਮੁਤਾਬਕ ਜੇਕਰ ਸੈਲਾਨੀ ਭੂਟਾਨ 'ਚ ਰੁਕਦੇ ਹਨ ਤਾਂ ਭਾਰਤੀ ਯਾਤਰੀਆਂ ਲਈ 1200 ਰੁਪਏ ਪ੍ਰਤੀ ਦਿਨ ਦੀ ਫੀਸ ਹੋਵੇਗੀ, ਜਦਕਿ ਦੂਜੇ ਦੇਸ਼ਾਂ ਤੋਂ ਆਉਣ ਵਾਲੇ ਯਾਤਰੀਆਂ ਲਈ ਇਹ ਫੀਸ 200 ਅਮਰੀਕੀ ਡਾਲਰ ਰੱਖੀ ਗਈ ਹੈ। ਭਾਰਤ ਤੋਂ ਆਉਣ ਵਾਲੇ ਲੋਕਾਂ ਨੂੰ ਚੈੱਕ ਪੋਸਟ 'ਤੇ ਵੋਟਰ ਆਈਡੀ, ਪਾਸਪੋਰਟ ਜਾਂ ਕੋਈ ਹੋਰ ਪਛਾਣ ਸਬੂਤ ਪੇਸ਼ ਕਰਨਾ ਹੋਵੇਗਾ, ਜਦਕਿ ਬੱਚਿਆਂ ਦਾ ਜਨਮ ਸਰਟੀਫਿਕੇਟ ਪੇਸ਼ ਕਰਨਾ ਹੋਵੇਗਾ।

ਇਸ ਮੌਕੇ ਇੰਡੋ-ਭੂਟਾਨ ਫਰੈਂਡਸ਼ਿਪ ਐਸੋਸੀਏਸ਼ਨ ਦੇ ਮੈਂਬਰ ਹਾਜ਼ਰ ਸਨ। ਇਹ ਗੇਟ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਖੁੱਲ੍ਹੇ ਰਹਿਣਗੇ। ਦੋਵਾਂ ਦੇਸ਼ਾਂ ਦੀ ਸਰਹੱਦ ਨੂੰ ਸੈਲਾਨੀਆਂ ਲਈ ਮੁੜ ਖੋਲ੍ਹਣ ਦੇ ਮੌਕੇ 'ਤੇ ਬਹੁਤ ਸਾਰੇ ਸੈਲਾਨੀ ਅਤੇ ਕਾਰੋਬਾਰੀ ਮੌਜੂਦ ਰਹੇ। ਇਸ ਮੌਕੇ ਦੋਵਾਂ ਦੇਸ਼ਾਂ ਦੇ ਲੋਕਾਂ ਨੇ ਇਕ-ਦੂਜੇ ਨੂੰ

# ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਗੁਲਾਮ ਨਬੀ ਆਜ਼ਾਦ ਨੇ ਨਵੀਂ ਪਾਰਟੀ ਦਾ ਕੀਤਾ ਐਲਾਨ



ਸ੍ਰੀਨਗਰ, 29 ਸਤੰਬਰ (ਪੋਸਟ ਬਿਊਰੋ): ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਗੁਲਾਮ ਨਬੀ ਆਜ਼ਾਦ ਨੇ ਨਵੀਂ ਪਾਰਟੀ 'ਡੈਮੋਕ੍ਰੇਟਿਕ ਆਜ਼ਾਦ ਪਾਰਟੀ' ਦਾ ਐਲਾਨ ਕਰ ਦਿਤਾ ਹੈ। ਉਨ੍ਹਾਂ ਨੇ ਜੰਮੂ ਵਿਚ ਪ੍ਰੈੱਸ ਕਾਨਫਰੰਸ ਕਰਕੇ ਪਾਰਟੀ ਦੇ ਨਾਂ ਦਾ ਐਲਾਨ ਕੀਤਾ। ਆਜ਼ਾਦ ਨੇ ਪਿਛਲੇ ਮਹੀਨੇ ਕਾਂਗਰਸ ਨਾਲ ਆਪਣੇ ਪੰਜ ਦਹਾਕਿਆਂ ਤੋਂ ਵੱਧ ਪੁਰਾਣੇ ਸਬੰਧ ਤੋੜ ਲਏ ਸਨ। ਉਹ ਤਿੰਨ ਦਿਨਾਂ ਦੌਰੇ 'ਤੇ ਐਤਵਾਰ ਨੂੰ ਜੰਮੂ ਆਏ ਹਨ। ਉਨ੍ਹਾਂ ਕਿਹਾ ਕਿ ਪਾਰਟੀ ਦੀ ਵਿਚਾਰਧਾਰਾ ਉਨ੍ਹਾਂ ਦੇ ਨਾਮ ਵਰਗੀ ਹੋਵੇਗੀ ਅਤੇ ਸਾਰੇ ਧਰਮ ਨਿਰਪੱਖ ਲੋਕ ਇਸ ਵਿੱਚ ਸ਼ਾਮਲ ਹੋ ਸਕਦੇ ਹਨ। ਸੂਬਾ ਕਾਂਗਰਸ ਕਮੇਟੀ ਜੰਮੂ-ਕਸ਼ਮੀਰ ਦੇ ਜ਼ਿਆਦਾਤਰ ਸੀਨੀਅਰ ਨੇਤਾ ਪਾਰਟੀ ਛੱਡ ਕੇ ਆਜ਼ਾਦ ਦੇ ਸਮਰਥਨ 'ਚ ਆ ਚੁੱਕੇ ਹਨ। ਉਹ ਪਾਰਟੀ ਦਾ ਏਜੰਡਾ ਪਹਿਲਾਂ ਹੀ ਸਪੱਸ਼ਟ ਕਰ ਚੁੱਕੇ ਹਨ। ਇਸ ਵਿੱਚ ਜੰਮੂ ਅਤੇ ਕਸ਼ਮੀਰ ਨੂੰ ਪੂਰਨ ਰਾਜ ਦਾ ਦਰਜਾ ਬਹਾਲ ਕਰਨਾ, ਸਥਾਨਕ ਲੋਕਾਂ ਲਈ ਜ਼ਮੀਨ ਅਤੇ ਨੌਕਰੀਆਂ ਦੇ ਅਧਿਕਾਰਾਂ ਨੂੰ ਸੁਰੱਖਿਅਤ ਕਰਨ ਲਈ ਸੰਘਰਸ਼ ਜਾਰੀ ਰੱਖਣਾ ਸ਼ਾਮਲ ਹੈ।

# ਮਨੀ ਲਾਂਡਰਿੰਗ ਮਾਮਲੇ ਵਿਚ ਜੈਕਲੀਨ ਫਰਨਾਂਡੀਜ਼ ਨੂੰ ਮਿਲੀ ਅੰਤਰਿਮ ਜ਼ਮਾਨਤ

ਚੰਡੀਗੜ੍ਹ, 29 ਸਤੰਬਰ (ਪੋਸਟ ਬਿਊਰੋ): ਸੁਕੇਸ਼ ਚੰਦਰਸ਼ੇਖਰ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿਚ ਜੈਕਲੀਨ ਫਰਨਾਂਡੀਜ਼ ਨੂੰ ਪਟਿਆਲਾ ਹਾਊਸ ਕੋਰਟ ਨੇ ਰਾਹਤ ਦਿੰਦਿਆਂ ਅੰਤਰਿਮ ਜ਼ਮਾਨਤ ਦੇ ਦਿੱਤੀ ਹੈ। ਜਿਕਰਯੋਗ ਹੈ ਕਿ ਈਡੀ ਨੇ ਸੁਕੇਸ਼ ਚੰਦਰਸ਼ੇਖਰ ਨਾਲ ਜੁੜੇ 200 ਕਰੋੜ ਰੁਪਏ ਦੇ ਮਨੀ ਲਾਂਡਰਿੰਗ ਮਾਮਲੇ ਵਿੱਚ ਚਾਰਜਸ਼ੀਟ ਵਿੱਚ ਬਾਲੀਵੁੱਡ ਅਦਾਕਾਰਾ ਜੈਕਲੀਨ ਫਰਨਾਂਡੀਜ਼ ਨੂੰ ਵੀ ਨਾਮਜ਼ਦ ਕੀਤਾ ਸੀ .

ਪਿਛਲੀ ਸੁਣਵਾਈ ਵਿਚ ਚਾਰਜਸ਼ੀਟ ਦਾ ਨੋਟਿਸ ਲੈਂਦਿਆਂ ਅਦਾਲਤ ਨੇ ਜੈਕਲੀਨ ਨੂੰ ਅੱਜ ਪੇਸ਼ ਹੋਣ ਲਈ ਸੰਮਨ ਜਾਰੀ ਕੀਤਾ ਸੀ। ਅਦਾਲਤ ਨੇ ਜੈਕਲੀਨ ਨੂੰ 50,000 ਰੁਪਏ ਦੇ ਮੁਚਲਕੇ 'ਤੇ ਅੰਤਰਿਮ ਜ਼ਮਾਨਤ ਦੇ ਦਿੱਤੀ ਹੈ। ਜੈਕਲੀਨ ਵੱਲੋਂ ਅੰਤਰਿਮ ਜ਼ਮਾਨਤ ਦੀ ਮੰਗ



ਕੀਤੀ ਗਈ ਸੀ। ਇਸ 'ਤੇ ਅਦਾਲਤ ਨੇ ਉਸ ਨੂੰ ਅੰਤਰਿਮ ਜ਼ਮਾਨਤ ਦੇ ਦਿੱਤੀ ਹੈ। ਇਸ ਦੇ ਨਾਲ ਹੀ ਅਦਾਲਤ ਨੇ ਰੈਗੂਲਰ ਜ਼ਮਾਨਤ ਦੀ ਅਰਜ਼ੀ 'ਤੇ ਈਡੀ ਨੂੰ ਜਵਾਬ ਦੇਣ ਲਈ ਕਿਹਾ ਹੈ। ਇਸ ਤੋਂ ਇਲਾਵਾ ਬਾਲੀਵੁੱਡ ਅਦਾਕਾਰਾ ਨੂੰ ਚਾਰਜਸ਼ੀਟ ਦੀ ਕਾਪੀ ਮੁਹੱਈਆ ਕਰਵਾਈ ਗਈ ਹੈ, ਹੁਣ ਅਗਲੀ ਸੁਣਵਾਈ 22 ਅਕਤੂਬਰ ਨੂੰ ਹੋਵੇਗੀ।

# ਕੇਜਰੀਵਾਲ ਨੇ ਆਪਣੇ ਘਰ ਗੁਜਰਾਤ ਦੇ ਸਫ਼ਾਈ ਕਰਮਚਾਰੀ ਨੂੰ ਬੁਲਾਕੇ ਦੇ ਉਸ ਦੇ ਪਰਿਵਾਰ ਨਾਲ ਖਾਦਾ ਖਾਣਾ

ਨਵੀਂ ਦਿੱਲੀ, 29 ਸਤੰਬਰ (ਪੋਸਟ ਬਿਊਰੋ): ਪਿਛਲੇ ਦਿਨ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਹਿਮਦਾਬਾਦ ਵਿਚ ਇਕ ਰੈਲੀ ਕੀਤੀ ਸੀ ਜਿਸ ਵਿਚ ਉਨ੍ਹਾਂ ਨੇ ਸਫ਼ਾਈ ਕਰਮਚਾਰੀਆਂ ਨਾਲ ਆਯੋਜਿਤ 'ਟਾਊਨ ਹਾਲ' ਪ੍ਰੋਗਰਾਮ ਦੌਰਾਨ ਅਨੁਸੂਚਿਤ ਜਾਤੀ ਦੇ ਭਾਈਚਾਰੇ ਨਾਲ ਸੰਬੰਧ ਰੱਖਣ ਵਾਲੇ ਸੋਲੰਕੀ ਨੇ ਕੇਜਰੀਵਾਲ ਨੂੰ ਰਾਤ ਦੇ ਭੋਜਨ 'ਤੇ ਆਪਣੇ ਘਰ ਆਉਣ ਦਾ ਸੱਦਾ ਦਿੱਤਾ ਸੀ। ਉਨ੍ਹਾਂ ਨੇ ਸੋਮਵਾਰ ਨੂੰ ਇੱਥੇ ਆਪਣੀ ਰਿਹਾਇਸ਼ 'ਤੇ ਗੁਜਰਾਤ ਦੇ ਇਕ ਸਫਾਈ ਕਰਮਚਾਰੀ ਅਤੇ ਉਸ ਦੇ ਪਰਿਵਾਰ ਦੀ ਦੁਪਹਿਰ ਦੇ ਖਾਣੇ ਲਈ ਮੇਜ਼ਬਾਨੀ ਕੀਤੀ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਗੁਜਰਾਤ ਦੇ ਇਕ ਸਫਾਈ ਕਰਮਚਾਰੀ ਹਰਸ਼ ਸੋਲੰਕੀ ਨੇ ਆਪਣੇ ਪਰਿਵਾਰ ਸਮੇਤ ਦਿੱਲੀ ਦੇ ਇਕ ਸਰਕਾਰੀ ਸਕੂਲ ਅਤੇ ਇਕ ਹਸਪਤਾਲ ਦਾ ਵੀ ਦੌਰਾ ਕੀਤਾ। ਅਧਿਕਾਰੀਆਂ ਨੇ







ਦੱਸਿਆ ਕਿ ਸੋਲੰਕੀ ਨੇ ਕੇਜਰੀਵਾਲ ਨੂੰ ਬੀ.ਆਰ. ਅੰਬੇਡਕਰ ਦੀ ਤਸਵੀਰ ਵੀ ਭੇਂਟ ਕੀਤੀ ਗਈ।

ਉੱਥੇ ਹੀ ਕੇਜਰੀਵਾਲ ਨੇ ਸੋਲੰਕੀ ਅਤੇ ਉਸ ਦੇ ਪਰਿਵਾਰ ਨੂੰ ਦਿੱਲੀ ਸਥਿਤ ਆਪਣੇ ਘਰ ਦੁਪਹਿਰ ਦੇ ਭੋਜਨ ਲਈ ਬੁਲਾਇਆ ਸੀ। ਮੁੱਖ ਮੰਤਰੀ ਕੇਜਰੀਵਾਲ ਨੇ ਐਤਵਾਰ ਨੂੰ ਕਿਹਾ ਸੀ,''ਕੱਲ (ਸੋਮਵਾਰ) ਮੈਂ ਸੋਲੰਕੀ ਜੀ ਦੀ ਆਪਣੇ ਦਿੱਲੀ ਸਥਿਤ ਘਰ ਮੇਜ਼ਬਾਨੀ ਕਰਾਂਗਾ ਅਤੇ ਉਨ੍ਹਾਂ ਨਾਲ ਦੁਪਹਿਰ ਦਾ ਭੋਜਨ ਕਰਾਂਗਾ। ਮੈਂ ਸਨਮਾਨ ਮਹਿਸੂਸ ਕਰ ਰਿਹਾ ਹਾਂ ਕਿ ਉਨ੍ਹਾਂ ਨੇ ਮੇਰਾ ਸੱਦਾ ਸਵੀਕਾਰ ਕੀਤਾ।''

# ਹਰਿਆਣਾ ਦੇ ਮੁੱਖ ਮੰਤਰੀ ਖੱਟੜ ਦਾ ਐਲਾਨ: ਪਾਨੀਪਤ ਦੇ ਪਿੰਡ ਬਾਬਰਪੁਰ ਦਾ ਨਾਂ ਹੁਣ 'ਗੁਰੂ ਨਾਨਕਪੁਰ' ਹੋਵੇਗਾ

ਪਾਨੀਪਤ, 29 ਸਤੰਬਰ (ਪੋਸਟ ਬਿਊਰੋ): ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਨੇ ਐਲਾਨ ਕੀਤਾ ਹੈ ਕਿ ਹਰਿਆਣਾ ਦੇ ਪਾਨੀਪਤ ਵਿਚ ਬਾਬਰਪੁਰ ਨਾਮ ਦੇ ਪਿੰਡ ਨੂੰ ਹੁਣ ਤੋਂ ਗੁਰੂ ਨਾਨਕਪੁਰ ਕਿਹਾ ਜਾਵੇਗਾ। ਮੁੱਖ ਮੰਤਰੀ ਮਨੋਹਰ ਲਾਲ ਖੱਟੜ ਨੇ ਇਸ ਸੰਬੰਧ 'ਚ ਕਿਹਾ ਕਿ ਨਾਮ ਬਦਲਣ ਦਾ ਕੰਮ ਚੰਗਾ ਹੈ। ਇਤਿਹਾਸ 'ਚ ਜੋ ਗਲਤੀਆਂ ਹੋਈਆਂ ਹਨ, ਉਨ੍ਹਾਂ ਨੂੰ ਸੁਧਾਰਨਾ ਸਰਕਾਰ ਦਾ ਹੀ ਕੰਮ ਹੈ। ਇਸ ਲਈ ਲੋਕਾਂ ਦੀ ਭਾਵਨਾ ਨੂੰ ਦੇਖਦੇ ਹੋਏ ਇਹ ਪ੍ਰਸਤਾਵ ਪਾਸ ਹੋਇਆ ਅਤੇ ਸਰਕਾਰ ਨੇ ਵੀ ਇਸ ਨੂੰ ਮੰਨਿਆ। ਖੱਟੜ ਨੇ ਇਹ ਐਲਾਨ ਕਰਨ ਤੋਂ ਪਹਿਲਾਂ ਐਤਵਾਰ ਨੂੰ ਪਾਨੀਪਤ ਦੇ ਇਤਿਹਾਸਕ ਪਹਿਲੀ ਪਾਤਸ਼ਾਹੀ ਗੁਰਦੁਆਰਾ ਸਾਹਿਬ ਵਿਚ



ਮੱਥਾ ਟੇਕਿਆ। ਇਸ ਦੌਰਾਨ ਉਨ੍ਹਾਂ ਨੇ ਤਸਵੀਰਾਂ ਟਵੀਟ ਕਰਦੇ ਹੋਏ ਕਿਹਾ,''ਪਾਨੀਪਤ ਦੇ ਇਤਿਹਾਸਕ ਪਹਿਲੀ ਪਾਤਸ਼ਾਹੀ ਗੁਰਦੁਆਰਾ ਸਾਹਿਬ 'ਚ ਨਤਮਸਤਕ ਹੋ ਕੇ ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸਾਰੇ ਪ੍ਰਦੇਸ਼ ਵਾਸੀਆਂ ਦੀ ਸੁੱਖ ਖੁਸ਼ਹਾਲੀ ਲਈ ਅਰਦਾਸ ਕੀਤੀ।''



# ਅਮਰੀਕਾ ਵਿਚ ਪੁਲਿਸ ਵੱਲੋਂ ਯੂਨੀਵਰਸਿਟੀ ਵਿਚ ਸਿੱਖ ਵਿਦਿਆਰਥੀ ਨਾਲ ਬਦਸਲੂਕੀ



ਨਵੀਂ ਦਿੱਲੀ, 29 ਸਤੰਬਰ (ਪੋਸਟ ਬਿਊਰੋ): ਅਮਰੀਕਾ ਵਿਚ ਪੁਲਿਸ ਵੱਲੋਂ ਯੂਨੀਵਰਸਿਟੀ ਵਿਚ ਸਿੱਖ ਵਿਦਿਆਰਥੀ ਨਾਲ ਬਦਸਲੂਕੀ ਕਰਨ ਦੀ ਘਟਨਾ ਸਾਹਮਣੇ ਆਈ ਹੈ। ਅਮਰੀਕਾ ਦੀ ਨੌਰਥ ਕੈਰੋਲੀਨਾ ਯੂਨੀਵਰਸਿਟੀ ਵਿਚ ਇੱਕ ਸਿੱਖ ਵਿਦਿਆਰਥੀ ਨਾਲ ਪੁਲਿਸ ਵੱਲੋਂ ਬਦਸਲੂਕੀ ਕੀਤੀ ਗਈ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਵੀਡੀਓ ਵੀ ਟਵੀਟ ਕਰਕੇ ਇਸ ਦੀ ਸਖ਼ਤ ਨਿਖੇਧੀ ਕੀਤੀ ਹੈ।

ਅੰਮ੍ਰਿਤਧਾਰੀ ਸਿੱਖ ਵਿਦਿਆਰਥੀ ਆਪਣੀ ਮਰਿਆਦਾ ਅਨੁਸਾਰ ਮੁਤਾਬਕ ਸਿਰੀ ਸਾਹਿਬ ਪਾ ਕੇ ਨਾਰਥ ਕੈਰੋਲੀਨਾ ਯੂਨੀਵਰਸਿਟੀ ਪਹੁੰਚਿਆ ਸੀ, ਪਰ ਉਥੇ ਹਾਜ਼ਰ ਪੁਲਿਸ ਮੁਲਾਜ਼ਮਾਂ ਨੇ ਉਸ ਨੂੰ ਸਿਰੀ ਸਾਹਿਬ ਉਤਾਰਨ ਲਈ ਕਿਹਾ।

ਇਸ ’ਤੇ ਸਿੱਖ ਨੌਜਵਾਨ ਨੇ ਉਥੇ ਮੌਜੂਦ ਵਰਦੀਧਾਰੀ ਪੁਲੀਸ ਅਧਿਕਾਰੀ ਨੂੰ ਕਿਹਾ ਕਿ ਇਹ ਇਹ ਕਕਾਰ ਉਨ੍ਹਾਂ ਦੇ ਧਰਮ ਦੀ ਨਿਸ਼ਾਨੀ ਹੈ। ਉਹ ਇਸਨੂੰ ਉਤਾਰ ਨਹੀਂ ਸਕਦਾ। ਇਸ ਤੋਂ ਬਾਅਦ ਪੁਲਿਸ ਅਧਿਕਾਰੀ ਨੇ ਖੁਦ ਸਿੱਖ ਵਿਦਿਆਰਥੀ ਵੱਲੋਂ ਪਾਈ ਕਿਰਪਾਨ ਨੂੰ ਉਤਾਰਨ ਦੀ ਕੋਸ਼ਿਸ਼ ਕਰਨੀ ਸ਼ੁਰੂ ਕਰ ਦਿੱਤੀ। ਇਸ 'ਤੇ ਸਿੱਖ ਨੌਜਵਾਨ ਬੜੀ ਨਿਮਰਤਾ ਨਾਲ ਕਿਹਾ ਕਿ ਇਸ ਨੂੰ ਹੱਥ ਨਾ ਲਗਾਓ। ਪੁਲਿਸ ਅਧਿਕਾਰੀ ਨੇ ਕਿਹਾ ਕਿ ਕ੍ਰਿਪਾਨ ਨਾ ਉਤਾਰੀ ਤਾਂ ਤੁਹਾਨੂੰ ਹੱਥਕੜੀ ਲਾਉਣੀ ਪਵੇਗੀ।

ਇਸ ਤੋਂ ਬਾਅਦ ਸਿੱਖ ਨੌਜਵਾਨ ਸੋਫ਼ੇ ਤੋਂ ਉੱਠ ਕੇ ਆਪਣੇ ਹੱਥੀਂ ਹੱਥ ਮੋੜ ਲੈਂਦਾ ਹੈ। ਪੁਲਿਸ ਅਫਸਰ ਅੰਮ੍ਰਿਤਧਾਰੀ ਸਿੱਖ ਨੌਜਵਾਨ ਨੂੰ ਹਥਕੜੀਆਂ ਪਾ ਕੇ ਆਪਣੇ ਨਾਲ ਲੈ ਜਾਂਦਾ ਹੈ। ਇਸ ਵੀਡੀਓ ਦੇ ਵਾਇਰਲ ਹੁੰਦੇ ਹੀ ਸਿੱਖ ਜਗਤ 'ਚ ਭਾਰੀ ਰੋਸ ਹੈ। ਅਮਰੀਕੀ ਪੁਲਿਸ ਅਧਿਕਾਰੀ ਦੇ ਇਸ ਤਰ੍ਹਾਂ ਦੇ ਵਤੀਰੇ ਦੀ ਸਿੱਖ ਸੰਗਤਾਂ ਵੱਲੋਂ ਸਖ਼ਤ ਨਿਖੇਧੀ ਕੀਤੀ ਜਾ ਰਹੀ ਹੈ।

# ਇਆਨ ਤੂਫਾਨ ਨੇ ਅਮਰੀਕਾ, ਕਿਊਬਾ 'ਚ ਮਚਾਈ ਤਬਾਹੀ, ਲੱਖਾਂ ਲੋਕ ਹੋਏ ਪ੍ਰਭਾਵਿਤ

* 241 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਹਵਾਵਾਂ ਚੱਲੀਆਂ





ਫਲੋਰਿਡਾ, 29 ਸਤੰਬਰ (ਪੋਸਟ ਬਿਊਰੋ) - ਇਆਨ ਤੂਫ਼ਾਨ ਪੂਰੀ ਰਫ਼ਤਾਰ ਨਾਲ ਅਮਰੀਕਾ ਅਤੇ ਕਿਊਬਾ ਦੇ ਤੱਟ ਨਾਲ ਟਕਰਾ ਗਿਆ।ਇਸ ਦੌਰਾਨ ਭਾਰੀ ਮੀਂਹ ਪਿਆ ਅਤੇ ਬੀਚ ਦੇ ਨਾਲ ਲੱਗਦੇ ਇਲਾਕਿਆਂ ਵਿੱਚ ਪਾਣੀ ਭਰ ਗਿਆ।ਤੂਫਾਨ ਦੀ ਮਾਰ ਤੋਂ ਬਾਅਦ "ਫਲੋਰਿਡਾ ਪ੍ਰਾਇਦੀਪ" ਵਿੱਚ ਹੜ੍ਹ ਵਰਗੇ ਹਾਲਾਤ ਪੈਦਾ ਹੋ ਗਏ ਹਨ। ਟੀਵੀ 'ਤੇ ਵਿਨਾਸ਼ਕਾਰੀ ਤੂਫਾਨ ਦੇ ਭਿਆਨਕ ਦ੍ਰਿਸ਼ ਦੇਖੇ ਗਏ ਹਨ।ਤੂਫਾਨ ਕਾਰਨ ਪੂਰੇ ਫਲੋਰਿਡਾ ਅਤੇ ਦੱਖਣੀ ਪੂਰਬੀ ਰਾਜਾਂ ਜਾਰਜੀਆ ਅਤੇ ਦੱਖਣੀ ਕੈਰੋਲੀਨਾ 'ਚ ਲੱਖਾਂ ਲੋਕਾਂ ਦੇ ਪ੍ਰਭਾਵਿਤ ਹੋਣ ਦਾ ਖਦਸ਼ਾ ਹੈ।ਹਰੀਕੇਨ ਇਆਨ ਕਾਰਣ ਟੈਂਪਾ ਅਤੇ ਓਰਲੈਂਡੋ ਦੇ ਹਵਾਈ ਅੱਡਿਆਂ ਲਈ ਅਤੇ ਆਉਣ ਵਾਲੀਆਂ ਸਾਰੀਆਂ ਵਪਾਰਕ ਉਡਾਣਾਂ ਨੂੰ ਬੰਦ ਕਰ ਦਿੱਤਾ ਗਿਆ ਹੈ ਅਤੇ 850,000 ਘਰਾਂ ਵਿੱਚ ਬਿਜਲੀ ਬੰਦ ਹੋ ਗਈ ਹੈ।

ਇਆਨ ਬੁੱਧਵਾਰ ਦੁਪਹਿਰ ਨੂੰ ਇੱਕ ਖਤਰਨਾਕ ਸ਼੍ਰੇਣੀ 4 ਪੱਧਰ 'ਤੇ ਸਮੁੰਦਰੀ ਕਿਨਾਰੇ ਨਾਲ ਟਕਰਾਇਆ। ਇਸ ਦੌਰਾਨ 241 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਹਵਾਵਾਂ ਚੱਲੀਆਂ।ਤੂਫਾਨ ਇਆਨ ਹਾਲ ਹੀ ਦੇ ਸਾਲਾਂ ਵਿੱਚ ਅਮਰੀਕਾ ਵਿੱਚ ਆਉਣ ਵਾਲਾ ਸਭ ਤੋਂ ਭਿਆਨਕ ਤੂਫਾਨ ਸੀ।ਯੂਐਸ ਨੈਸ਼ਨਲ ਹਰੀਕੇਨ ਸੈਂਟਰ ਨੇ ਕਿਹਾ ਕਿ ਤੱਟ ਨਾਲ ਟਕਰਾਉਣ ਦੇ ਅੱਠ ਘੰਟੇ ਬਾਅਦ, ਇਆਨ ਦੀ ਰੇਟਿੰਗ ਘਟਾ ਕੇ 1 ਹੋ ਗਈ।ਐਸ ਬਾਰਡਰ ਪੈਟਰੋਲ ਨੇ ਦੱਸਿਆ ਕਿ ਕਿਸ਼ਤੀ ਡੁੱਬਣ ਤੋਂ ਬਾਅਦ 20 ਪ੍ਰਵਾਸੀ ਲਾਪਤਾ ਹਨ।ਤੂਫਾਨ ਕਾਰਨ ਪੂਰੇ ਫਲੋਰਿਡਾ ਅਤੇ ਜਾਰਜੀਆ ਅਤੇ ਦੱਖਣੀ ਕੈਰੋਲੀਨਾ ਦੇ ਦੱਖਣ-ਪੂਰਬੀ ਰਾਜਾਂ ਵਿੱਚ ਲੱਖਾਂ ਲੋਕਾਂ ਦੇ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ।

## ਯੂਕਰੇਨ ਦੇ 4 ਹਿੱਸਿਆਂ ਨੂੰ ਤੋੜ ਕੇ ਰੂਸ ਵਿਚ ਕੀਤਾ ਜਾਵੇਗਾ ਸ਼ਾਮਲ, ਪੁਤਿਨ ਦੇਣਗੇ ਅਹਿਮ ਭਾਸ਼ਣ

ਮਾਸਕੋ, 29 ਸਤੰਬਰ (ਪੋਸਟ ਬਿਊਰੋ) - ਰੂਸ ਦੀ ਸੰਸਦ ਕ੍ਰੇਮਲਿਨ ਨੇ ਕਿਹਾ ਹੈ ਕਿ ਰਾਏਸ਼ੁਮਾਰੀ ਤੋਂ ਬਾਅਦ ਸ਼ੁੱਕਰਵਾਰ ਨੂੰ ਯੂਕਰੇਨ ਦੇ ਰੂਸ ਦੇ ਕੰਟਰੋਲ ਵਾਲੇ ਚਾਰ ਖੇਤਰਾਂ ਨੂੰ ਰੂਸ ਨਾਲ ਮਿਲਾਇਆ ਜਾਵੇਗਾ।ਇਹ ਜਾਣਕਾਰੀ ਦਿੰਦੇ ਹੋਏ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਬੁਲਾਰੇ ਨੇ ਕਿਹਾ, "ਕੱਲ੍ਹ ਗ੍ਰੈਂਡ ਕ੍ਰੇਮਲਿਨ ਪੈਲੇਸ ਦੇ ਜਾਰਜੀਅਨ ਹਾਲ ਵਿੱਚ ਇੱਕ ਹਸਤਾਖਰ ਸਮਾਰੋਹ ਹੋਵੇਗਾ।ਰੂਸ ਵਿੱਚ ਨਵੇਂ ਖੇਤਰਾਂ ਨੂੰ ਇਸ ਵਿੱਚ ਜੋੜਿਆ ਜਾਵੇਗਾ।" ਉਨ੍ਹਾਂ ਇਹ ਵੀ ਦੱਸਿਆ ਕਿ ਰੂਸੀ ਨੇਤਾ ਇਸ ਮੌਕੇ ਅਹਿਮ ਭਾਸ਼ਣ ਦੇਣਗੇ।ਰੂਸ ਨੇ ਯੂਕਰੇਨ ਦੇ ਲੁਹਾਨਸਕ, ਡੋਨੇਟਸਕ, ਖੇਰਸਨ ਅਤੇ ਜ਼ਪੋਰੀਝੀਆ ਖੇਤਰਾਂ 'ਤੇ ਕਬਜ਼ਾ ਕਰ ਲਿਆ।ਇੱਥੇ ਤਾਇਨਾਤ ਰੂਸੀ ਅਧਿਕਾਰੀਆਂ ਨੇ ਦੱਸਿਆ ਸੀ ਕਿ ਇਨ੍ਹਾਂ ਇਲਾਕਿਆਂ ਦੇ ਨਿਵਾਸੀਆਂ ਨੇ ਰਾਏਸ਼ੁਮਾਰੀ ਵਿੱਚ ਰੂਸ ਦਾ ਸਮਰਥਨ ਕੀਤਾ ਸੀ।

ਇਨ੍ਹਾਂ ਚਾਰ ਖੇਤਰਾਂ ਦੇ ਰੂਸੀ ਸਮਰਥਕ ਨੇਤਾਵਾਂ ਨੇ ਕਿਹਾ ਕਿ ਉਹ ਮਾਸਕੋ ਵਿੱਚ ਹਨ ਅਤੇ ਰਾਸ਼ਟਰਪਤੀ ਪੁਤਿਨ ਨਾਲ ਮੁਲਾਕਾਤ ਕਰਨ ਦੀ ਉਮੀਦ ਕਰ ਰਹੇ ਹਨ।ਇਹ ਮੀਟਿੰਗ ਯੂਕਰੇਨੀ ਖੇਤਰਾਂ ਵਿੱਚ ਹੋਏ ਕਥਿਤ ਜਨਮਤ ਸੰਗ੍ਰਹਿ ਬਾਰੇ ਚਰਚਾ ਕਰਨ ਲਈ ਬੁਲਾਈ ਗਈ ਸੀ। ਇਸ ਦੇ ਨਾਲ ਹੀ ਯੂਰਪੀ ਸੰਘ ਦੇ ਮੁਖੀ ਨੇ ਕਿਹਾ ਕਿ ਸਮੂਹ ਯੂਕਰੇਨ ਜਨਮਤ ਲਈ ਜ਼ਿੰਮੇਵਾਰ ਰੂਸ ਨੂੰ ਅਧਿਕਾਰੀਆਂ 'ਤੇ ਨਵੀਆਂ ਪਾਬੰਦੀਆਂ ਲਗਾਉਣੀਆਂ ਚਾਹੀਦੀਆਂ ਹਨ।

ਮੰਗਲਵਾਰ ਨੂੰ ਰੂਸ ਦੇ ਕੰਟਰੋਲ ਵਾਲੇ ਯੂਕਰੇਨ ਦੇ ਖੇਤਰਾਂ ਵਿੱਚ ਚੱਲ ਰਹੇ ਜਨਮਤ ਸੰਗ੍ਰਹਿ ਲਈ ਵੋਟਿੰਗ ਦਾ ਆਖਰੀ ਦਿਨ ਸੀ।ਇਹ ਖਦਸ਼ਾ ਸੀ ਕਿ ਰੂਸ ਛੇਤੀ ਹੀ ਇਨ੍ਹਾਂ ਇਲਾਕਿਆਂ ਨੂੰ ਆਪਣੀ ਪ੍ਰਭੂਸੱਤਾ ਸੰਪੰਨ ਸਰਹੱਦ ਘੋਸ਼ਿਤ ਕਰ ਦੇਵੇਗਾ।ਰੂਸ ਦੇ ਇਸ ਕਦਮ ਅਤੇ ਜੰਗ ਵਿੱਚ ਪਰਮਾਣੂ ਹਥਿਆਰਾਂ ਦੀ ਵਰਤੋਂ ਦੀ ਧਮਕੀ ਕਾਰਨ ਰੂਸ ਅਤੇ ਪੱਛਮੀ ਦੇਸ਼ਾਂ ਵਿਚਾਲੇ ਤਣਾਅ ਵੀ ਵਧਦਾ ਜਾ ਰਿਹਾ ਹੈ।

ਅਮਰੀਕਾ ਨੇ ਰੂਸ ਦੇ ਕਬਜ਼ੇ ਵਾਲੇ ਪੂਰਬੀ ਅਤੇ ਦੱਖਣੀ ਯੂਕਰੇਨ ਦੇ ਕੁਝ ਹਿੱਸਿਆਂ ਨੂੰ ਜੋੜਨ ਲਈ ਜਨਮਤ ਕਰਵਾਉਣ ਦੀ ਮਾਸਕੋ ਦੀ ਯੋਜਨਾ ਨੂੰ "ਪ੍ਰਭੁਸੱਤਾ ਅਤੇ ਖੇਤਰੀ ਅਖੰਡਤਾ ਦੇ ਸਿਧਾਂਤ ਦਾ ਅਪਮਾਨ" ਕਿਹਾ ਹੈ।ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੇਕ ਸੁਲੀਵਾਨ ਨੇ ਮੰਗਲਵਾਰ ਨੂੰ ਦਾਅਵਾ ਕੀਤਾ ਕਿ "ਜਨਤਸੰਗਤ ਵਿੱਚ ਹੇਰਾਫੇਰੀ ਕੀਤੀ ਜਾਵੇਗੀ"।

# ਹੁਣ ਰੂਸ ਵਿਚ ਮਿਲਿਆ ਕੋਰੋਨਾ ਵਰਗਾ ਵਾਇਰਸ



ਵਾਸ਼ਿੰਗਟਨ, 29 ਸਤੰਬਰ (ਪੋਸਟ ਬਿਊਰੋ): ਕੋਰੋਨਾ ਮਹਾਮਾਰੀ ਦਾ ਡਰ ਅਜੇ ਖਤਮ ਨਹੀਂ ਹੋਇਆ ਹੈ। ਇਹ ਵਾਇਰਸ ਪਹਿਲੀ ਵਾਰ 2020 ਵਿੱਚ ਰੂਸ ਵਿੱਚ ਚਮਗਿੱਦੜਾਂ ਵਿੱਚ ਪਾਇਆ ਗਿਆ ਸੀ, ਪਰ ਉਸ ਸਮੇਂ ਵਿਗਿਆਨੀਆਂ ਨੂੰ ਇਸ ਗੱਲ ਦਾ ਕੋਈ ਅੰਦਾਜ਼ਾ ਨਹੀਂ ਸੀ ਕਿ ਇਹ ਮਨੁੱਖਾਂ ਲਈ ਵੀ ਖ਼ਤਰਾ ਹੋ ਸਕਦਾ ਹੈ। ਵਿਗਿਆਨੀਆਂ ਦੀ ਖੋਜ ਤੋਂ ਬਾਅਦ, ਇਹ ਪਾਇਆ ਗਿਆ ਕਿ ਵਾਇਰਸ ਮਨੁੱਖੀ ਸੈੱਲਾਂ ਨੂੰ ਸੰਕਰਮਿਤ ਕਰ ਸਕਦਾ ਹੈ। ਇਸ ਵਾਇਰਸ ਦੀ ਅਜੇ ਤੱਕ ਕੋਈ ਦਵਾਈ ਨਹੀਂ ਹੈ। ਕੋਵਿਡ ਵੈਕਸੀਨ ਦਾ ਚਮਗਿੱਦੜਾਂ ਵਿੱਚ ਪਾਏ ਜਾਣ ਵਾਲੇ ਖੋਸਤਾ-2 ਵਾਇਰਸ 'ਤੇ ਕੋਈ ਅਸਰ ਨਹੀਂ ਹੁੰਦਾ।

ਇਸ ਦੌਰਾਨ, ਰੂਸ ਤੋਂ ਖ਼ਬਰ ਹੈ ਕਿ ਇੱਥੇ ਚਮਗਿੱਦੜਾਂ ਵਿੱਚ ਕੋਰੋਨਾ ਵਰਗਾ ਵਾਇਰਸ ਪਾਇਆ ਗਿਆ ਹੈ। ਸਿਹਤ ਵਿਗਿਆਨੀਆਂ ਨੇ ਇਸ ਨੂੰ ਖੋਸਤਾ-2 ਦਾ ਨਾਂ ਦਿੱਤਾ ਹੈ। ਚਿੰਤਾ ਵਾਲੀ ਗੱਲ ਇਹ ਹੈ ਕਿ ਇਹ ਵਾਇਰਸ ਮਨੁੱਖਾਂ ਵਿੱਚ ਵੀ ਫੈਲ ਸਕਦਾ ਹੈ। ਹਾਲਾਂਕਿ, ਹੁਣ ਤੱਕ ਕਿਸੇ ਵੀ ਮਨੁੱਖ ਵਿੱਚ ਇਸਦੀ ਪੁਸ਼ਟੀ ਨਹੀਂ ਹੋਈ ਹੈ। ਰੂਸ ਵਿਚ ਸਿਹਤ ਅਧਿਕਾਰੀ ਇਸ ਨੂੰ ਗੰਭੀਰਤਾ ਨਾਲ ਲੈ ਰਹੇ ਹਨ, ਕਿਉਂਕਿ ਕੋਰੋਨਾ ਵਾਇਰਸ ਦੀ ਸ਼ੁਰੂਆਤ ਚੀਨ ਵਿਚ ਵੀ ਇਸੇ ਤਰ੍ਹਾਂ ਹੋਈ ਸੀ ਅਤੇ ਫਿਰ ਤੇਜ਼ੀ ਨਾਲ ਇਸ ਮਹਾਮਾਰੀ ਨੇ ਪੂਰੀ ਦੁਨੀਆ ਨੂੰ ਆਪਣੀ ਲਪੇਟ ਵਿਚ ਲੈ ਲਿਆ ਸੀ।

# ਨਵਾਂ ਟਾਪੂ, ਸਿਰਫ਼ 7 ਦਿਨਾਂ ’ਚ 6 ਗੁਣਾ ਵੱਡਾ ਹੋਇਆ ਆਕਾਰ



ਵਾਸ਼ਿੰਗਟਨ, 29 ਸਤੰਬਰ (ਪੋਸਟ ਬਿਊਰੋ): ਪੁਲਾੜ ਏਜੰਸੀ ਨਾਸਾ (ਨਾਸਾ) ਨੇ ਆਸਟ੍ਰੇਲੀਆ ਨੇੜੇ ਦੱਖਣ-ਪੱਛਮੀ ਪ੍ਰਸ਼ਾਂਤ ਸਾਗਰ 'ਚ ਜਵਾਲਾਮੁਖੀ ਫਟਣ ਤੋਂ ਕੁਝ ਘੰਟਿਆਂ ਬਾਅਦ ਇਕ ਛੋਟਾ ਜਿਹਾ ਟਾਪੂ ਦੇਖਿਆ ਹੈ।ਇਸ ਮਹੀਨੇ ਦੇ ਸ਼ੁਰੂ ਵਿੱਚ, ਟੋਂਗਾ ਦੇ ਕੇਂਦਰੀ ਟਾਪੂ 'ਤੇ ਹੋਮ ਰੀਫ ਜਵਾਲਾਮੁਖੀ ਨੇ ਲਾਵਾ, ਸੁਆਹ ਅਤੇ ਧੂੰਆਂ ਉਗਲਣਾ ਸ਼ੁਰੂ ਕਰ ਦਿੱਤਾ ਸੀ।ਇਸ ਕਾਰਨ ਆਲੇ-ਦੁਆਲੇ ਦੇ ਪਾਣੀ ਦਾ ਰੰਗ ਬਦਲ ਗਿਆ ਸੀ।ਪਰ ਨਾਸਾ ਦੀ ਧਰਤੀ ਨਿਗਰਾਨੀ ਵਰਕਸ਼ਾਪ ਨੇ ਦੱਸਿਆ ਹੈ ਕਿ ਇਸ ਜਵਾਲਾਮੁਖੀ ਦੇ ਫਟਣ ਦੇ 11 ਘੰਟੇ ਬਾਅਦ ਹੀ ਪਾਣੀ ਦੀ ਸਤ੍ਹਾ 'ਤੇ ਇਕ ਨਵਾਂ ਟਾਪੂ ਦਿਖਾਈ ਦਿੱਤਾ।ਇਸ ਨਿਗਰਾਨੀ ਵਰਕਸ਼ਾਪ ਨੇ ਸੈਟੇਲਾਈਟ ਰਾਹੀਂ ਇਸ ਟਾਪੂ ਦੀਆਂ ਤਸਵੀਰਾਂ ਵੀ ਲਈਆਂ।

ਨਾਸਾ ਦੀ ਇੱਕ ਪ੍ਰੈਸ ਰਿਲੀਜ਼ ਦੇ ਅਨੁਸਾਰ, ਨਵੇਂ ਬਣੇ ਟਾਪੂ ਦਾ ਆਕਾਰ ਜਲਦੀ ਹੀ ਵਧ ਗਿਆ।13 ਸਤੰਬਰ ਨੂੰ ਖੋਜਕਰਤਾਵਾਂ ਨੇ ਟੋਂਗਾ ਦੀ ਭੂ-ਵਿਗਿਆਨਕ ਸੇਵਾ ਦੇ ਨਾਲ ਮਿਲ ਕੇ ਟਾਪੂ ਦਾ ਖੇਤਰਫਲ 4000 ਵਰਗ ਮੀਟਰ, ਜਾਂ ਲਗਭਗ 1 ਏਕੜ ਦੱਸਿਆ, ਅਤੇ ਇਸਦੀ ਉਚਾਈ ਸਮੁੰਦਰ ਤਲ ਤੋਂ 10 ਮੀਟਰ (ਲਗਭਗ 33 ਫੁੱਟ) ਦੱਸੀ ਗਈ। ਹਾਲਾਂਕਿ, 20 ਸਤੰਬਰ ਨੂੰ ਖੋਜਕਰਤਾਵਾਂ ਨੇ ਜਾਣਕਾਰੀ ਦਿੱਤੀ ਹੈ ਕਿ ਇਸ ਟਾਪੂ ਦਾ ਆਕਾਰ ਵਧ ਕੇ 24000 ਵਰਗ ਮੀਟਰ ਜਾਂ ਕਹਿ ਲਓ ਲਗਭਗ 6 ਏਕੜ ਹੋ ਗਿਆ ਹੈ।

ਅਮਰੀਕੀ ਪੁਲਾੜ ਏਜੰਸੀ ਦਾ ਕਹਿਣਾ ਹੈ ਕਿ ਇਹ ਨਵਾਂ ਟਾਪੂ ਸੈਂਟਰਲ ਟੋਂਗਾ ਟਾਪੂ 'ਚ ਹੋਮ ਰੀਫ ਸੀਮਾਉਂਟ 'ਤੇ ਬਣਿਆ ਹੈ।ਪਰ ਨਾਲ ਹੀ ਇਹ ਵੀ ਕਿਹਾ ਗਿਆ ਕਿ ਇਹ ਛੋਟਾ ਜਿਹਾ ਟਾਪੂ ਸ਼ਾਇਦ ਇੱਥੇ ਹਮੇਸ਼ਾ ਲਈ ਨਹੀਂ ਰਹੇਗਾ।ਨਾਸਾ ਨੇ ਦੱਸਿਆ ਹੈ ਕਿ "ਇਹ ਟਾਪੂ ਸਮੁੰਦਰ ਵਿੱਚ ਡੁੱਬੇ ਜਵਾਲਾਮੁਖੀ ਕਾਰਨ ਬਣਿਆ ਹੈ ਅਤੇ ਅਜਿਹੇ ਟਾਪੂ ਥੋੜ੍ਹੇ ਸਮੇਂ ਲਈ ਹੀ ਮੌਜੂਦ ਹਨ।ਹਾਲਾਂਕਿ ਕਈ ਵਾਰ ਇਹ ਕਈ ਸਾਲਾਂ ਤੱਕ ਰਹਿੰਦੇ ਹਨ।"


## ਉਡਾਣ ਦੇ ਅੱਧ 'ਚ ਮਿਲੀ 'ਬੰਬ ਦੀ ਧਮਕੀ', ਲੜਾਕੂ ਜਹਾਜ਼ਾਂ ਦੀ ਨਿਗਰਾਨੀ 'ਚ ਉਤਰਿਆ ਸਿੰਗਾਪੁਰ ਏਅਰਲਾਈਨਜ਼ ਦਾ ਜਹਾਜ਼




ਸਿੰਗਾਪੁਰ, 29 ਸਤੰਬਰ (ਪੋਸਟ ਬਿਊਰੋ): ਸਿੰਗਾਪੁਰ ਏਅਰਲਾਈਨਜ਼ ਦੇ ਜਹਾਜ਼ ਨੂੰ ਲੜਾਕੂ ਜਹਾਜ਼ਾਂ ਦੀ ਨਿਗਰਾਨੀ ਹੇਠ ਚਾਂਗੀ ਹਵਾਈ ਅੱਡੇ 'ਤੇ ਉਤਰਨਾ ਪਿਆ। ਬੁੱਧਵਾਰ ਨੂੰ ਇਸ ਯਾਤਰੀ ਜਹਾਜ਼ ਦੇ ਇਕ ਯਾਤਰੀ ਨੇ ਬੰਬ ਦੀ ਧਮਕੀ ਦਿੱਤੀ ਸੀ। ਸਿੰਗਾਪੁਰ ਦੇ ਰੱਖਿਆ ਮੰਤਰਾਲੇ ਨੇ ਇਹ ਜਾਣਕਾਰੀ ਦਿੱਤੀ ਹੈ।ਰਾਇਟਰਜ਼ ਦੀ ਰਿਪੋਰਟ ਮੁਤਾਬਕ ਸੈਨ ਫਰਾਂਸਿਸਕੋ ਤੋਂ ਇਸ ਫਲਾਈਟ 'ਚ 37 ਸਾਲਾ ਵਿਅਕਤੀ ਬੈਠਾ ਸੀ।ਉਸ ਨੇ ਦਾਅਵਾ ਕੀਤਾ ਕਿ ਉਸ ਦੇ ਹੱਥ ਦੇ ਸਮਾਨ ਵਿਚ ਬੰਬ ਸੀ।ਪਰ ਬਾਅਦ ਵਿਚ ਪਤਾ ਲੱਗਾ ਕਿ ਬੰਬ ਦੀ ਇਹ ਧਮਕੀ ਝੂਠੀ ਸੀ।ਤਰਾਲੇ ਨੇ ਕਿਹਾ ਕਿ ਪੁਲਿਸ ਨੇ ਸ਼ੱਕੀ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਜਾਂਚ ਕੀਤੀ ਜਾ ਰਹੀ ਹੈ।

ਸਿੰਗਾਪੁਰ ਪੁਲਸ ਨੇ ਅਜੇ ਤੱਕ ਇਸ ਮਾਮਲੇ 'ਤੇ ਕੋਈ ਟਿੱਪਣੀ ਨਹੀਂ ਕੀਤੀ ਹੈ।ਸਿੰਗਾ-ਪੁਰ ਏਅਰਲਾਈਨਜ਼ ਦੇ ਬੁਲਾਰੇ ਨੇ ਦੱਸਿਆ ਕਿ ਸਾਰੇ ਯਾਤਰੀ ਅਤੇ ਚਾਲਕ ਦਲ ਸੁਰੱਖਿਅਤ ਹਨ ਅਤੇ ਜਹਾਜ਼ ਤੋਂ ਉਤਰ ਗਏ ਹਨ।ਉਸ ਨੇ ਘਟਨਾ ਬਾਰੇ ਹੋਰ ਕੋਈ ਵੀ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ।

# ਚੀਨ ਨੇ 9 ਹਜ਼ਾਰ ਤੋਂ ਜ਼ਿਆਦਾ ਉਡਾਣਾਂ ਕੀਤੀਆਂ ਰੱਦ




ਪੇਈਚਿੰਗ, 29 ਸਤੰਬਰ (ਪੋਸਟ ਬਿਊਰੋ): ਚੀਨ ਨੇ ਵੱਡੇ ਪੈਮਾਨੇ ’ਤੇ ਆਪਣੀਆਂ ਉਡਾਣਾਂ ਨੂੰ ਰੱਦ ਕਰਨਾ ਸ਼ੁਰੂ ਕਰ ਦਿੱਤਾ ਹੈ। ਹਾਲਾਂਕਿ, ਫਲਾਈਟ ਰੱਦ ਹੋਣ ਦਾ ਕਾਰਨ ਸਪੱਸ਼ਟ ਨਹੀਂ ਹੋ ਸਕਿਆ ਹੈ। ‘ਦਿ ਏਪੋਚ ਟਾਈਮਸ’ ਦੀ ਰਿਪੋਰਟ ਦੇ ਆਧਾਰ ’ਤੇ ਫਲਾਈਟ ਮਾਸਟਰ ਨੇ ਕਿਹਾ ਕਿ 21 ਸਤੰਬਰ ਨੂੰ ਦੇਸ਼ ਭਰ ’ਚ 9,583 ਉਡਾਣਾਂ ਰੱਦ ਕੀਤੀਆਂ ਗਈਆਂ ਹਨ। ਰੱਦ ਕੀਤੀਆਂ ਗਈਆਂ ਉਡਾਣਾਂ ਦਿਨ ਦੀਆਂ ਕੁਲ ਨਿਰਧਾਰਿਤ ਉਡਾਣਾਂ ਦਾ 59.66 ਫੀਸਦੀ ਸੀ। ਇਹ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਕਿ ਫਲਾਈਟ ਮਾਸਟਰ ਦੇਸ਼ ’ਚ ਉਡਾਣ, ਟਿਕਟ ਅਤੇ ਯਾਤਰਾ ਸੇਵਾਵਾਂ ਬਾਰੇ ਜਾਣਕਾਰੀ ਦੇ ਸੋਮੇ ਦੇ ਰੂਪ ’ਚ ਕਾਰਜ ਕਰਦਾ ਹੈ। ਇਸ ਤੋਂ ਇਲਾਵਾ ਰਿਪੋਰਟਾਂ ’ਚ ਕਿਹਾ ਗਿਆ ਹੈ ਕਿ ਚੀਨ ਦੇ ਕੁਝ ਹਵਾਈ ਆਵਾਜਾਈ ਕੇਂਦਰਾਂ ’ਚ 50 ਫੀਸਦੀ ਤੋਂ ਜ਼ਿਆਦਾ ਉਡਾਣਾਂ ਰੱਦ ਕਰਨ ਦੀ ਰਿਪੋਰਟ ਸੀ।

# ਇਕ ਵਿਅਕਤੀ ਨੇ 100 ਦਿਨ ਇਕੱਲੇ ‘ਚੱਕਰ’ ਵਿਚ ਰਹਿ ਕੇ ਜਿੱਤੇ 4 ਕਰੋੜ ਰੁਪਏ



ਕੰਸਾਸ, 29 ਸਤੰਬਰ (ਪੋਸਟ ਬਿਊਰੋ) - ਜੇਕਰ ਤੁਸੀਂ ਯੂ-ਟਿਊਬ 'ਤੇ ਐਕਟਿਵ ਹੋ ਤਾਂ ਤੁਸੀਂ ਜਾਣਦੇ ਹੋਵੋਗੇ ਕਿ ਮਸ਼ਹੂਰ ਯੂਟਿਊਬਰ ਮਿਸਟਰ ਬੀਸਟ ਨੂੰ ਯੂਟਿਊਬ 'ਤੇ ਸਭ ਤੋਂ ਵੱਧ ਕਮਾਈ ਕਰਨ ਵਾਲਿਆਂ ਵਿਚ ਗਿਣਿਆ ਜਾਂਦਾ ਹੈ।ਸਮੇਂ-ਸਮੇਂ 'ਤੇ ਉਸ ਦੇ ਵੀਡੀਓ ਅਤੇ ਚੁਣੌਤੀਆਂ ਚਰਚਾ 'ਚ ਰਹਿੰਦੀਆਂ ਹਨ।ਇੱਕ ਵਾਰ ਫਿਰ ਮਿਸਟਰ ਬੀਸਟ ਦਾ ਇਕ ਚੈਲੇਂਜ ਬਹੁਤ ਚਰਚਾ ਵਿੱਚ ਹੈ ਪਰ ਇਸ ਵਾਰ ਇਸ ਚੈਲੇਂਜ ਨਾਲ ਕਿਸੇ ਹੋਰ ਦੀ ਕਿਸਮਤ ਬਦਲ ਗਈ ਹੈ।ਦਰਅਸਲ, ਮਿਸਟਰ ਬੀਸਟ ਨੇ ਆਪਣੀ ਚੁਣੌਤੀ ਨੂੰ ਪੂਰਾ ਕਰਨ ਵਾਲੇ ਵਿਅਕਤੀ ਨੂੰ ਇਨਾਮ ਵਜੋਂ ਲਗਭਗ 4 ਕਰੋੜ ਰੁਪਏ ਦਿੱਤੇ ਹਨ।

ਮਿਸਟਰ ਬੀਸਟ ਦੇ ਯੂਟਿਊਬ 'ਤੇ 105 ਮਿਲੀਅਨ ਸਬਸਕਰਾਈਬਰ ਹਨ।ਉਹ ਨਾ ਸਿਰਫ ਆਪਣੇ ਚੈਨਲ 'ਤੇ ਆਪਣੇ ਵਿਲੱਖਣ ਵੀਡੀਓ ਬਣਾਉਂਦਾ ਹੈ, ਉਹ ਵਿਚ ਕੁਝ ਚੁਣੌਤੀਆਂ ਵੀ ਲਿਆਉਂਦਾ ਹੈ।ਉਹ ਚੁਣੌਤੀ ਜਿੱਤਣ ਵਾਲਿਆਂ ਨੂੰ ਵੱਡਾ ਇਨਾਮ ਦਿੰਦਾ ਹੈ।ਇਸ ਦੇ ਮੱਦੇਨਜ਼ਰ ਉਹ ਹਾਲ ਹੀ ਵਿਚ ਇੱਕ ਹੋਰ ਨਵੀਂ ਚੁਣੌਤੀ ਲੈ ਕੇ ਆਏ ਹਨ।ਇਸ ਚੈਲੇਂਜ ਵਿਚ ਉਸ ਨੇ ਇਕਾਂਤ ਜਗ੍ਹਾ 'ਤੇ ਚੱਕਰ ਬਣਾ ਲਿਆ।ਸਰਕਲ ਦੇ ਅੰਦਰ ਇੱਕ ਆਰਜ਼ੀ ਮਕਾਨ ਵੀ ਬਣਾਇਆ ਗਿਆ ਸੀ।ਘਰ ਦੇ ਅੰਦਰ ਖਾਣ-ਪੀਣ ਦਾ ਸਮਾਨ, ਕੱਪੜੇ ਅਤੇ ਰੋਜ਼ਾਨਾ ਲੋੜੀਂਦਾ ਹੋਰ ਸਮਾਨ ਵੀ ਦਿੱਤਾ ਗਿਆ।ਮਿਸਟਰ ਬੀਸਟ ਨੇ ਚੁਣੌਤੀ ਦਿੱਤੀ ਕਿ ਜੋ ਵਿਅਕਤੀ ਇਸ ਸਰਕਲ ਵਿੱਚ 100 ਦਿਨ ਇਕੱਲਾ ਰਹੇਗਾ, ਉਸ ਨੂੰ 4 ਕਰੋੜ ਰੁਪਏ ਇਨਾਮ ਵਜੋਂ ਦਿੱਤੇ ਜਾਣਗੇ।

ਮਿਸਟਰ ਬੀਸਟ ਦੀ ਚੁਣੌਤੀ ਨੂੰ ਸੀਨ ਨਾਮਕ ਉਸਦੇ ਇਕ ਸਬਸਕਰਾਈਬਰ ਦੁਆਰਾ ਸਵੀਕਾਰ ਕੀਤਾ ਗਿਆ ਸੀ।ਪਰਿਵਾਰ ਨੂੰ ਛੱਡਣ ਤੋਂ ਬਾਅਦ, ਸੀਨ ਉਸ ਚੱਕਰ ਵਿੱਚ ਦਾਖਲ ਹੋਇਆ ਅਤੇ ਉਸਦਾ ਕੰਮ ਸ਼ੁਰੂ ਹੋਇਆ।ਸੀਨ ਦੀ ਗਤੀਵਿਧੀ ਨੂੰ ਰਿਕਾਰਡ ਕਰਨ ਲਈ ਉਸ ਚੱਕਰ ਦੇ ਅੰਦਰ ਵੱਖ-ਵੱਖ ਪੁਆਇੰਟਾਂ 'ਤੇ ਕੈਮਰੇ ਲਗਾਏ ਗਏ ਸਨ। ਸੀਨ ਨੂੰ 100 ਦਿਨ ਇੱਕੋ ਚੱਕਰ ਵਿੱਚ ਰਹਿ ਕੇ ਗੁਜ਼ਾਰਨੇ ਪਏ।ਖਾਣਾ ਪਕਾਉਣ ਤੋਂ ਲੈ ਕੇ ਬਾਥਰੂਮ ਦੀ ਸਫ਼ਾਈ ਤੱਕ, ਸਭ ਕੁਝ ਮੈਨੂੰ ਆਪ ਹੀ ਕਰਨਾ ਪੈਂਦਾ ਸੀ ਅਤੇ ਉਸੇ ਦਾਇਰੇ ਵਿੱਚ ਰਹਿਣਾ ਪੈਂਦਾ ਸੀ।ਇਸ ਟਾਸਕ ਵਿਚ ਕੁਝ ਚੁਣੌਤੀਆਂ ਵੀ ਸ਼ਾਮਲ ਕੀਤੀਆਂ ਗਈਆਂ ਪਰ ਸ਼ਾਨ ਨੇ ਹਾਰ ਨਹੀਂ ਮੰਨੀ ਅਤੇ ਚੁਣੌਤੀ ਨੂੰ ਪੂਰਾ ਕਰਕੇ 4 ਕਰੋੜ ਰੁਪਏ ਜਿੱਤ ਲਏ।

## ਮਲਾਲਾ ਯੂਸਫ਼ਜ਼ਈ ਆਪਣੀ ਪਹਿਲੀ ਫ਼ਿਲਮ ਐਪਲ ਟੀਵੀ + ਨਾਲ ਕਿਤਾਬ ਉਤੇ ਆਧਾਰਿਤ ਬਣਾਏਗੀ



ਅਮਰੀਕਾ, 29 ਸਤੰਬਰ (ਪੋਸਟ ਬਿਊਰੋ) - ਨੋਬਲ ਪੁਰਸਕਾਰ ਜੇਤੂ ਮਲਾਲਾ ਯੂਸਫਜ਼ਈ ਦੀ ਫਿਲਮ ਨਿਰਮਾਣ ਕੰਪਨੀ 'ਐਕਸਟ੍ਰਾਕਰਿਕੁਲਰ' ਨੇ ਡਿਜੀਟਲ ਪਲੇਟਫਾਰਮ ਓਟੀਟੀ ਐਪਲ ਟੀਵੀ + ਦੇ ਸਹਿਯੋਗ ਨਾਲ ਪਹਿਲੀ ਫਿਲਮ ਬਣਾਉਣ ਦਾ ਐਲਾਨ ਕੀਤਾ ਹੈ।ਮਲਾਲਾ ਨੇ ਪਿਛਲੇ ਸਾਲ ਐਪਲ ਟੀਵੀ + ਦੇ ਨਾਲ ਇੱਕ ਸਮਝੌਤਾ ਸਾਈਨ ਕੀਤਾ ਸੀ।ਇਸ ਸਮਝੌਤੇ ਤਹਿਤ ਫਿਲਮਾਂ ਅਤੇ ਟੈਲੀਵਿਜ਼ਨ ਸੀਰੀਅਲਾਂ ਦਾ ਨਿਰਮਾਣ ਕੀਤਾ ਜਾਣਾ ਸੀ।ਮਨੋਰੰਜਨ ਵੈੱਬਸਾਈਟ 'ਵੈਰਾਇਟੀ' ਮੁਤਾਬਕ ਇਸ ਸਮਝੌਤੇ ਤਹਿਤ ਡਰਾਮਾ, ਕਾਮੇਡੀ, ਡਾਕੂਮੈਂਟਰੀ, ਐਨੀਮੇਸ਼ਨ ਅਤੇ ਬੱਚਿਆਂ ਦੇ ਲੜੀਵਾਰ ਤਿਆਰ ਕੀਤੇ ਜਾਣਗੇ।ਪਾਕਿਸਤਾਨੀ ਮੂਲ ਦੀ ਅਧਿਕਾਰ ਕਾਰਕੁਨ ਮਲਾਲਾ ਆਸਕਰ ਜੇਤੂ ਐਡਮ ਮੈਕਕੇ ਦੀ ਫਿਲਮ ਪ੍ਰੋਡਕਸ਼ਨ ਕੰਪਨੀ ਨਾਲ ਮਿਲ ਕੇ ਇਕ ਫਿਲਮ ਦਾ ਨਿਰਮ-ਾਣ ਕਰੇਗੀ।

ਇਸ ਫਿਲਮ ਦਾ ਨਾਂ 'ਡਿਸੋਰੀਐਂਟੇਸ਼ਨ' ਹੋਵੇਗਾ।ਇਹ ਫਿਲਮ ਐਲਨ ਹਸੀਅਹ ਚੋਅ ਦੀ ਇਸੇ ਨਾਮ ਦੀ ਕਿਤਾਬ 'ਤੇ ਆਧਾਰਿਤ ਹੈ।ਮਲਾਲਾ ਯੂਸਫਜ਼ਈ ਨੇ ਪਿਛਲੇ ਸਾਲ ਹੀ ਆਕਸਫੋਰਡ ਯੂਨੀਵਰਸਿਟੀ ਤੋਂ ਆਪਣੀ ਗ੍ਰੈਜੂਏਸ਼ਨ ਪੂਰੀ ਕੀਤੀ ਸੀ।ਜਿਸ ਤੋਂ ਬਾਅਦ ਉਨ੍ਹਾਂ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਕਾਫੀ ਵਾਇਰਲ ਹੋਈਆਂ।

# ਈਰਾਨ ਵਿਚ ਹਿਜਾਬ ਖਿਲਾਫ਼ ਪ੍ਰਦਰਸ਼ਨ ਕਰ ਰਹੀ ਅਤੇ ਵਾਲ ਖੋਲ੍ਹਣ ਵਾਲੀ 20 ਸਾਲਾ ਲੜਕੀ ਨੂੰ ਪੁਲਿਸ ਨੇ ਮਾਰੀ ਗੋਲੀ



ਨਵੀਂ ਦਿੱਲੀ, 29 ਸਤੰਬਰ (ਪੋਸਟ ਬਿਊਰੋ): ਈਰਾਨ ਵਿਚ ਹਿਜਾਬ ਦੇ ਖਿਲਾਫ਼ ਵਿਰੋਧ ਪ੍ਰਦਰਸ਼ਨ ਕਰਨ ਵਾਲੀ 20 ਸਾਲਾ ਲੜਕੀ ਨੂੰ ਪੁਲਿਸ ਨੇ ਮੌਤ ਦੇ ਘਾਟ ਉਤਾਰ ਦਿੱਤਾ ਹੈ। ਹਦੀਸ ਨਜਫੀ ਨੂੰ ਤਹਿਰਾਨ ਨੇੜੇ ਕਾਰਜ਼ ਸ਼ਹਿਰ ਵਿੱਚ ਇੱਕ ਪ੍ਰਦਰਸ਼ਨ ਦੌਰਾਨ ਗੋਲੀ ਮਾਰ ਦਿੱਤੀ ਗਈ ਸੀ। ਭੂਰੇ ਵਾਲਾਂ ਵਾਲੀ ਹਦੀਸ ਦੀ ਇੱਕ ਵੀਡੀਓ ਵਾਇਰਲ ਹੋਈ ਸੀ। ਇਸ 'ਚ ਉਹ ਇਕ ਪ੍ਰਦਰਸ਼ਨ ਦੌਰਾਨ ਬਿਨਾਂ ਹਿਜਾਬ ਦੇ ਪੁਲਿਸ ਕਰਮਚਾਰੀਆਂ ਦੇ ਸਾਹਮਣੇ ਪਹੁੰਚੀ ਸੀ। ਇਸ ਤੋਂ ਬਾਅਦ ਉਹ ਆਪਣੇ ਵਾਲਾਂ ਨੂੰ ਰਬੜ ਬੈਂਡ ਨਾਲ ਬੰਨ੍ਹ ਰਹੀ ਸੀ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਈਰਾਨ 'ਚ ਹਿਜਾਬ ਨਾ ਪਾਉਣ 'ਤੇ ਮਾਸ਼ਾ ਅਮੀਨੀ ਦੀ ਕੁੱਟਮਾਰ ਕੀਤੀ ਗਈ ਸੀ। ਉਸ ਤੋਂ ਬਾਅਦ ਉਸ ਦੀ ਮੌਤ ਹੋ ਗਈ ਸੀ। ਉਦੋਂ ਤੋਂ ਹੀ ਇਰਾਨ ਵਿੱਚ ਔਰਤਾਂ ਹਿਜਾਬ ਦੇ ਖਿਲਾਫ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਕਰ ਰਹੀਆਂ ਹਨ। ਅਜਿਹੇ ਹੀ ਇੱਕ ਪ੍ਰਦਰਸ਼ਨ ਦੌਰਾਨ ਨਫਾਜੀ ਆਪਣੇ ਖੁੱਲ੍ਹੇ ਵਾਲਾਂ ਨਾਲ ਪੁਲਿਸ ਦੇ ਸਾਹਮਣੇ ਪਹੁੰਚ ਗਈ ਸੀ। ਉਨ੍ਹਾਂ ਦਾ ਇਹ ਵੀਡੀਓ ਕਲਿੱਪ ਸੋਸ਼ਲ ਮੀਡੀਆ 'ਤੇ ਕਾਫੀ ਵਾਇਰਲ ਹੋਇਆ ਸੀ। ਪੁਲਿਸ ਦੀ ਸਖ਼ਤੀ ਕਾਰਨ ਅਮੀਨੀ ਦੀ ਜਾਨ ਚਲੀ ਗਈ। ਇਸ ਤੋਂ ਬਾਅਦ ਜਿੱਥੇ ਪੂਰੇ ਈਰਾਨ 'ਚ ਹਿਜਾਬ ਦੇ ਖਿਲਾਫ ਜ਼ੋਰਦਾਰ ਪ੍ਰਦਰਸ਼ਨ ਹੋ ਰਹੇ ਹਨ। ਦੂਜੇ ਪਾਸੇ ਪੂਰੀ ਦੁਨੀਆਂ 'ਚ ਉਨ੍ਹਾਂ ਦੀ ਆਲੋਚਨਾ ਵੀ ਹੋ ਰਹੀ ਹੈ।

## ਭਾਰਤੀ ਅਮਰੀਕੀ ਵਿਗਿਆਨੀ ਡਾ.ਆਰਤੀ ਪ੍ਰਭਾਕਰ ਨੇ ਰਚਿਆ ਇਤਿਹਾਸ, ਸਾਇੰਸ ਐਂਡ ਟੈਕਨਾਲੋਜੀ ਪਾਲਿਸੀ ਦੇ ਡਾਇਰੈਕਟਰ ਵਜੋਂ ਦੇਣਗੇ ਸੇਵਾਵਾਂ



ਵਾਸ਼ਿੰਗਟਨ, 29 ਸਤੰਬਰ (ਪੋਸਟ ਬਿਊਰੋ): ਪਹਿਲੀ ਭਾਰਤੀ ਅਮਰੀਕੀ ਵਿਗਿਆਨੀ ਡਾ. ਆਰਤੀ ਪ੍ਰਭਾਕਰ ਵਾਈਟ ਹਾਊਸ ਆਫਿਸ ਆਫ਼ ਸਾਇੰਸ ਐਂਡ ਟੈਕਨਾਲੋਜੀ ਪਾਲਿਸੀ ਦੇ ਡਾਇਰੈਕਟਰ ਵਜੋਂ ਸੇਵਾ ਕਰਨਗੇ। ਸੈਨੇਟ ਦੁਆਰਾ ਇਸ ਪੁਸ਼ਟੀ ਦੇ ਨਾਲ ਭਾਰਤੀ ਅਮਰੀਕੀ ਵਿਗਿਆਨੀ ਡਾ. ਆਰਤੀ ਪ੍ਰਭਾਕਰ ਨੇ ਵ੍ਹਾਈਟ ਹਾਊਸ ਆਫਿਸ ਆਫ਼ ਸਾਇੰਸ ਐਂਡ ਟੈਕਨਾਲੋਜੀ ਪਾਲਿਸੀ ਦੀ ਡਾਇਰੈਕਟਰ ਵਜੋਂ ਸੇਵਾ ਕਰਨ ਵਾਲੀ ਪਹਿਲੀ ਭਾਰਤੀ ਔਰਤ ਨੇ ਇਤਿਹਾਸ ਰਚਿਆ ਹੈ। ਭਾਰਤ ਵਿੱਚ ਜਨਮੀ ਪ੍ਰਵਾਸੀ ਮਾਪਿਆਂ ਦੀ ਬੇਟੀ ਪ੍ਰਭਾਕਰ ਵਿਗਿਆਨ ਅਤੇ ਟੈਕਨਾਲੋਜੀ ਲਈ ਰਾਸ਼ਟਰਪਤੀ ਜੋਅ ਬਾਈਡੇਨ ਦੇ ਮੁੱਖ ਸਲਾਹਕਾਰ, ਵਿਗਿਆਨ ਅਤੇ ਟੈਕਨਾਲੋਜੀ ਬਾਰੇ ਰਾਸ਼ਟਰਪਤੀ ਦੀ ਸਲਾਹਕਾਰ ਕੌਂਸਲ ਦੀ ਕੋ-ਚੇਅਰ ਅਤੇ ਰਾਸ਼ਟਰਪਤੀ ਦੀ ਕੈਬਨਿਟ ਦੀ ਉਹ ਮੈਂਬਰ ਵੀ ਹੋਣਗੇ।

ਜੂਨ 'ਚ ਬਾਈਡੇਨ ਦੁਆਰਾ ਉਸ ਨੂੰ ਇਸ ਅਹੁਦੇ ਲਈ ਨਾਮਜ਼ਦ ਕੀਤਾ ਗਿਆ ਸੀ, ਉਸ ਦੀ ਸੈਨੇਟ ਦੁਆਰਾ 22 ਸਤੰਬਰ ਨੂੰ ਇਕ 'ਇਤਿਹਾਸਕ ਦੋ-ਪੱਖੀ' 5640 ਵੋਟਾਂ ਵਿੱਚ ਪੁਸ਼ਟੀ ਕੀਤੀ ਗਈ ਸੀ।

# ਕਲੀਵਵਿਊ ਸੀਨੀਅਰਜ਼ ਕਲੱਬ ਦੇ ਆਮ ਇਜਲਾਸ ਵਿਚ ਦਿਮਾਗੀ ਸਿਹਤ ’ਤੇ ਲੈਕਚਰ







ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ) ਬਰੈਂਪਟਨ ਦੇ ਕਲੀਵਵਿਊ ਸੀਨੀਅਰਜ਼ ਕਲੱਬ ਦੇ ਬੀਤੇ ਵੀਰਵਾਰ ਹੋਏ ਆਮ ਇਜਲਾਸ ਵਿਚ ਮਨੋਵਿ-ਗਆਨ ਦੇ ਮਾਹਰ ਬਲਵਿੰਦਰ ਬਰਨਾਲਾ ਵਲੋਂ ਦਿਮਾਗੀ ਸਿਹਤ ਤੇ ਲੈਕਚਰ ਦਿੱਤਾ ਗਿਆ ਅਤੇ ਸਰਦੀਆਂ ਬਾਅਦ ਕਿਸ ਤਰ੍ਹਾਂ ਕਲੱਬ ਦੀ ਨਵੀਂ ਕਾਰਜਕਰਨੀ ਦੀ ਚੋਣ ਕੀਤੀ ਜਾਣੀ ਹੈ, ਬਾਰੇ ਡਾ ਬਲਜਿੰਦਰ ਸੇਖੋਂ ਨੇ ਮੈਂਬਰਾਂ ਨੂੰ ਸਵਿੰਧਾਨ ਦੀ ਧਾਰਵਾਂ ਮੁਤਾਬਿਕ ਵਿਸਥਾਰ ਵਿਚ ਦੱਸਿਆ। ਇਸ ਸਮੇਂ ਮੀਟਿੰਗ ਵਿਚ ਸਿੱਟੀ ਕੌਂਸਲ ਦੀਆਂ ਚੋਣਾਂ ਵਿਚ ਉਮੀਦਵਾਰ ਵੀ ਅਪਣੇ ਵਿਚਾਰ ਰੱਖਣ ਆਏ, ਜਿਨ੍ਹਾਂ ਵਿਚ ਮੇਅਰ ਪੈਟਰਿਕ ਬਰਾਊਨ ਸ਼ਾਮਿਲ ਸਨ।

ਮੀਟਿੰਗ ਦੀ ਕਾਰਵਾਈ ਕਲੱਬ ਦੇ ਜਨਰਲ ਸਕੱਤਰ ਤਰਲੋਚਨ ਸਿੰਘ ਬਡਵਾਲ ਨੇ ਸ਼ੁਰੂ ਕਰਦਿਆਂ ਸਾਰੇ ਆਏ ਮੈਂਬਰਾਂ ਨੂੰ ਜੀ ਆਇਆਂ ਕਿਹਾ ਅਤੇ ਸਭ ਦਾ ਕਲੱਬ ਦੀ ਕਾਰਜਕਰਨੀ ਨਾਲ ਸਹਿਯੋਗ ਕਰਨ ਲਈ ਧੰਨਵਾਦ ਕੀਤਾ। ਮਨੋਵਿਗਿਆਨ ਦੇ ਮਾਹਰ ਬਲਵਿੰਦਰ ਬਰਨਾਲਾ ਨੇ ਮੈਂਬਰਾਂ ਨੂੰ ਵੱਡੀ ਉਮਰ ਵਿਚ ਦਿਮਾਗੀ ਸਿਹਤ ਕਿਸ ਤਰ੍ਹਾਂ ਕਾਇਮ ਰੱਖਣੀ ਹੈ, ਬਾਰੇ ਅਪਣੇ ਵਿਚਾਰ ਰੱਖੇ। ਉਨ੍ਹਾਂ ਮੈਂਬਰਾਂ ਨੂੰ ਕਲੱਬ ਦਾ ਭਰਪੂਰ ਫਾਇਦਾ ਉਠਾਉਂਦਿਆਂ, ਆਪਸੀ ਗਲਬਾਤ ਰਾਹੀਂ ਇੱਕ ਦੂਜੇ ਦੇ ਫਿਕਰ ਫਾਕੇ, ਦੁੱਖ ਸੁੱਖ ਸਾਂਝੇ ਕਰਨ ਤੇ ਜੋਰ ਦਿੱਤਾ। ਉਨ੍ਹਾਂ ਦਾ ਕਹਿਣਾ ਸੀ ਕਿ ਦਿਮਾਗ ਨੂੰ ਜਿਨਾ ਵਰਤੋਂਗੇ, ਉਨਾਂ ਹੀ ਇਹ ਤੰਦਰੁਸਤ ਰਹੇਗਾ। ਅਪਣੇ ਆਪ ਨੂੰ ਹਰ ਉਮਰ ਵਿਚ ਸਰੀਰਕ ਅਤੇ ਮਾਨਸਿਕ ਤੌਰ ਤੇ ਕਿਰਿਆਸ਼ੀਲ ਰਖਣ ਨਾਲ ਸਿਹਤ ਠੀਕ ਰਹਿੰਦੀ ਹੈ। ਡਾ ਬਲਜਿੰਦਰ ਸੇਖੋਂ ਨੇ ਮੈਂਬਰਾਂ ਨੂੰ ਕਲੱਬ ਦੇ ਸਵਿੰਧਾਨ ਦੀਆਂ ਧਾਰਵਾਂ ਦਾ ਹਵਾਲਾ ਦਿੰਦੇ ਦੱਸਿਆ ਕਿ ਅਜੋਕੀ ਕਾਰਜਕਰਨੀ ਦਾ ਸਮਾਂ ਅਗਲੇ ਅਪਰੈਲ ਵਿਚ ਖਤਮ ਹੋ ਜਾਵੇਗਾ ਅਤੇ ਅਜੋਕੀ ਕਾਰਜਕਰਨੀ ਦੇ ਕਿਸੇ ਮੈਂਬਰ ਨੂੰ ਉਸ ਤੋਂ ਅਗਲੇ ਦੋ ਸਾਲਾਂ ਲਈ ਅਹੁਦੇਦਾਰਾਂ ਦੀ ਜਿਮੇਵਾਰੀ ਨਹੀਂ ਦਿੱਤੀ ਜਾ ਸਕਦੀ, ਸੋ ਉਸ ਸਮੇਂ ਇੱਕ ਨਵੀਂ ਕਾਰਜਕਰਨੀ ਦੀ ਚੋਣ ਕਰਨੀ ਹੋਵੇਗੀ ਜੋ ਸਵਿੰਧਾਨ ਮੁਤਾਬਿਕ ਸਰਵਸੰਮਤੀ ਨਾਲ ਚੁੱਣੀ ਜਾਵੇ ਤਾਂ ਚੰਗਾ ਹੈ। ਮੈਂਬਰਾਂ ਨੇ ਕਾਰਜਕਰਨੀ ਦੇ 9 ਮੈਂਬਰ ਚੁਣਨੇ ਹਨ ਜੋ ਅਪਣੀ ਰਾਇ ਮੁਤਾਬਿਕ ਅਹੁਦੇਦਾਰਾਂ ਦੀ ਚੋਣ ਕਰਨਗੇ। ਮੈਂਬਰਾਂ ਵਲੋਂ ਇਸ ਬਾਰੇ ਕਾਫੀ ਵਿਚਾਰ ਵਟਾਂਦਰਾ ਕੀਤਾ ਗਿਆ। ਇਹ ਤਜ਼ਵੀਜ ਕਿ ਉਸ ਵੇਲੇ ਪਹਿਲੀ ਕਾਰਜਕਰਨੀ ਵਿਚੋਂ ਕੁਝ ਮੈਂਬਰ ਸਲਾਹਕਾਰ ਲਏ ਜਾਣ, ਵੀ ਬਹਿਸ ਉਪਰੰਤ ਖਾਰਜ ਕਰ ਦਿੱਤੀ ਗਈ। ਸਰਦੀ ਦੀ ਰੁੱਤ ਸ਼ੁਰੂ ਹੋਣ ਤੋਂ ਪਹਿਲਾਂ ਇੱਕ ਹੋਰ ਪ੍ਰੋਗਰਾਮ ਕਰਨ ਬਾਰੇ ਵੀ ਸਭ ਨੇ ਸਹਿਮਤੀ ਦੇ ਦਿੱਤੀ। ਇਸ ਮੀਟਿੰਗ ਵਿਚ ਅਜੋਕੇ ਮੇਅਰ ਪੈਟਰਿਕ ਬਰਾਊਨ ਤੋਂ ਇਲਾਵਾ, ਕੌਂਸਲਰ ਦੇ ਤੌਰ ਤੇ ਚੋਣ ਲੜ ਰਹੀ ਨਵਜੀਤ ਕੌਰ, ਸਕੂਲ ਟਰੱਸਟੀ ਦੀ ਉਮੀਦਵਾਰ ਨਿਰਪਾਲ ਸੇਖੋਂ ਵੀ ਆਏ ਹੋਏ ਸਨ। ਸਭ ਉਮੀਦਵਾਰਾਂ ਨੇ ਉਹ ਕਿਉਂ ਵੋਟ ਦੇ ਹਕਦਾਰ ਹਨ ਬਾਰੇ ਅਪਣੇ ਵਿਚਾਰ ਰੱਖੇ। ਇਸ ਇਜਲਾਸ ਵਿਚ ਮੈਂਬਰਾਂ ਲਈ ਕਲੱਬ ਵਲੋਂ ਚੰਗੇ ਦੁਪਿਹਰ ਦੇ ਖਾਣੇ ਦਾ ਇੰਤਜ਼ਾਮ ਕੀਤਾ ਗਿਆ ਸੀ, ਜਿਸ ਦਾ ਸਮੇਤ ਆਏ ਮਹਿਮਾਨਾਂ ਦੇ ਸਭ ਨੇ ਆਨੰਦ ਮਾਣਿਆਂ। ਇਸ ਮੀਟਿੰਗ ਦੇ ਪ੍ਰਬੰਧ ਵਿਚ ਮਿਸਟਰ ਜੇ ਲਾਲ ਅਤੇ ਮਨਜੀਤ ਸਿੰਘ ਦਾ ਖਾਸ ਯੋਗਦਾਨ ਰਿਹਾ। ਕਲੱਬ ਬਾਰੇ ਹੋਰ ਜਾਣਕਾਰੀ ਲਈ ਤਰਲੋਚਨ ਸਿੰਘ ਬਡਵਾਲ (647 960 9841) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਰਿਪੂਦਮਨ ਢਿੱਲੋਂ ਨੇ ਵਾਰਡ 7 ਅਤੇ 8 ਲਈ ਆਪਣੀ ਮੁਹਿੰਮ ਦੀ ਕੀਤੀ ਸ਼ੁਰੂਆਤ

...ਪੰਨਾ 1 ਦਾ ਬਾਕੀ

ਉਨ੍ਹਾਂ ਨੇ ਕਿਹਾ ਕਿ ਮੈਂ ਆਪਣੀ ਕਾਰੋਬਾਰੀ ਸਫਲਤਾ, ਕਮਿਊਨਿਟੀ ਵਿਕਾਸ ਲਈ ਮੇਰੇ ਪਿਆਰ ਅਤੇ ਸੇਵਾ ਲਈ ਕੰਮ ਕਰਨਾ ਚਾਹੁੰਦਾ ਹਾਂ ਚਾਹੁੰਦਾ ਹਾਂ ਅਤੇ ਮੇਰੇ ਪਸੰਦੀਦਾ ਸ਼ਹਿਰ ਵਿੱਚ ਸਕਾਰਾਤਮਕ ਤਬਦੀਲੀ ਲਿਆਉਣਾ ਚਾਹੁੰਦਾ ਹਾਂ।"

ਉਨ੍ਹਾਂ ਵਾਅਦਾ ਕੀਤਾ ਕਿ:

-ਸਾਡੇ ਚੁਣੇ ਹੋਏ ਅਧਿਕਾਰੀਆਂ ਵਿਚ ਜਨਤਕ ਵਿਸ਼ਵਾਸ ਨੂੰ ਬਹਾਲ ਕਰਨਾ

-ਵਧ ਰਹੇ ਕਿਫਾਇਤੀ ਸੰਕਟ ਦਾ ਮੁਕਾਬਲਾ ਕਰਨ ਲਈ ਟੈਕਸ ਫ੍ਰੀਜ਼ ਨੂੰ ਉਤਸ਼ਾਹਿਤ ਕਰਨਾ

-ਹਰ ਕਿਸੇ ਲਈ ਸੜਕ ਸੁਰੱਖਿਆ ਨੂੰ ਤਰਜੀਹ ਦੇਣਾ ਹੈ।

ਵਾਰਡ 7 ਅਤੇ 8 ਲਈ ਰਿਪੁਦਮਨ ਢਿੱਲੋਂ ਨੂੰ ਅਗਲੇ ਕੌਂਸਲਰ ਵਜੋਂ ਚੁਣਨ ਦੀ ਮੁਹਿੰਮ ਦਾ ਸਮਰਥਨ ਕਰਨ ਲਈ, ਕਿਰਪਾ ਕਰਕੇ www.ripu.ca. 'ਤੇ ਜਾਓ। ਮੁਹਿੰਮ ਦਫ਼ਤਰ 470 ਕ੍ਰਿਸਲਰ ਡਰਾਈਵ, ਯੂਨਿਟ 17 'ਤੇ ਸਥਿਤ ਹੈ। ਵਧੇਰੇ ਜਾਣਕਾਰੀ ਲਈ 905 588 4786 ਨੰਬਰ ’ਤੇ ਸੰਪਰਕ ਵੀ ਕੀਤਾ ਜਾ ਸਕਦਾ ਹੈ।

















# 'ਦੀਵਿਆਂ ਦੀ ਡਾਰ'.....ਬਾਰੇ ਕੁੱਝ ਪ੍ਰਭਾਵ

ਡਾ ਕੁਲਵਿੰਦਰ ਸਿੰਘ ਬਾਠ

ਬਹੁਤੀ ਵਾਰ ਜਦ ਤੁਸੀਂ ਕੋਈ ਕਿਤਾਬ ਖਰੀਦਦੇ ਹੋ, ਜਾਂ ਫਿਰ ਕੋਈ ਭੇਜਦਾ ਹੈ ਤਾਂ ਤੁਸੀਂ ਪਹਿਲਾਂ ਓਪਰੀ ਜਿਹੀ ਨਿਗ੍ਹਾ ਮਾਰ ਕੇ ਟਟੋਲਦੇ ਹੋ, ਕਿ ਇਹ ਕਿਤਾਬ ਪੜਨ ਦੇ ਯੋਗ ਹੈ ਵੀ ਜਾਂ ਨਹੀਂ। ਮੈਂ ਖੁਦ ਵੀ ਕਿਸੇ ਕਿਤਾਬ ਤੇ ਪਹਿਲਾਂ ਅਜਿਹੀ ਨਜ਼ਰ ਹੀ ਫੇਰਦਾ ਹਾਂ। ਜੇਕਰ ਮਨ ਨੂੰ ਲੱਗ ਗਈ ਫਿਰ ਉਤਨਾ ਚਿਰ ਉਸ ਕਿਤਾਬ ਨੂੰ ਸ਼ੈਲਫ ਤੇ ਨਹੀਂ ਰੱਖਦਾ ਜਿੰਨਾ ਚਿਰ ਪੂਰੀ ਪੜ੍ਹ ਨਹੀਂ ਲੈਂਦਾ। ਦੁਬਾਰਾ ਤੇ ਫਿਰ ਅਕਸਰ ਕਈ ਵਾਰ ਵੀ ਪੜ੍ਹਦਾ ਹਾਂ। ਕਾਰਨ ਇਹ ਨਹੀਂ ਕੇ ਪਹਿਲੀ ਵਾਰੀ ਸਮਝ ਨਹੀਂ ਆਈ, ਬਲਕਿ ਇਸ ਲਈ ਕੇ ਇਸ ਸੁੰਦਰ ਕਿਤਾਬ ਵਿੱਚੋਂ ਮੈਨੂੰ ਇੱਕ ਹੋਰ ਬਹੁਤ ਹੀ ਕਰੀਬੀ ਦੋਸਤ ਮਿਲ ਜਾਂਦਾ ਹੈ। ਇਸ ਵਾਰੀ ਮੇਰਾ ਚੰਗਾ ਦੋਸਤ ਬਣੀ ਡਾ਼ ਗੁਰਬਖ਼ਸ਼ ਸਿੰਘ ਭੰਡਾਲ ਦੀ ਨਵ ਲਿਖਤ ਕਿਤਾਬ "ਦੀਵਿਆਂ ਦੀ ਡਾਰ" ਜੋ ਕਾਫ਼ੀ ਦਿਨਾਂ ਤੋ ਮੇਰੇ ਨਾਲ ਹੀ ਤੁਰੀ
ਫਿਰਦੀ ਹੈ। ਬਹੁਤ ਹੀ ਪਿਆਰ ਨਾਲ ਭੇਜੀ ਇਹ ਕਿਤਾਬ ਮੈਨੂੰ 6 ਸਿਤੰਬਰ ਨੂੰ ਮਿਲੀ। ਪਹਿਲੀ ਗੱਲ ਤਾਂ ਪੰਜਾਬੀ ਸਾਹਿਤ ਵਿੱਚ ਇੱਕ ਕੱਦਵਾਰ ਤੇ ਜਾਣੇ
ਪਹਿਚਾਣੇ ਸਾਹਿਤਕਾਰ ਦੁਆਰਾ ਆਪਣੀ ਨਵੀਂ ਕਿਤਾਬ ਪੜਨ ਲਈ ਮੈਨੂੰ ਭੇਜਣੀ ਹੀ ਮੇਰੇ ਲਈ ਬਹੁਤ ਮਾਣ ਦੀ ਗੱਲ ਸੀ। ਡਾ. ਗੁਰਬ਼ਖਸ਼ ਸਿੰਘ
ਭੰਡਾਲ ਨੂੰ ਪੰਜਾਬੀ ਸਾਹਿਤ ਦੀ ਦੁਨੀਆਂ 'ਚ ਭਲਾ ਕੌਣ ਨਹੀਂ ਜਾਣਦਾ? "ਵਾਰਤਕ ਦੇ ਬਾਦਸ਼ਾਹ" ਤਾਂ ਇਹ ਹੈਨ ਹੀ, ਪਰ ਨਾਲ ਹੀ ਇੱਕ ਬਹੁਤ ਵੱਧੀਆ
ਇਨਸਾਨ, ਸਾਇੰਸਦਾਨ, ਅਤੇ ਅਧਿਆਪਕ ਵੀ ਹਨ। 20 ਕੁ ਕਿਤਾਬਾਂ ਦੇ ਲੇਖਕ ਵਾਰੇ ਜਾਂ ਫਿਰ ਇੰਨਾਂ ਦੀ ਕਿਸੇ ਵੀ ਲਿਖਿਤ ਜਾਂ ਕਿਤਾਬ ਵਾਰੇ ਮੇਰੇ ਵਰਗੇ ਸਧਾਰਨ ਵਿਅਕਤੀ ਦੁਆਰਾ ਕੁਝ ਅੱਖਰ ਲਿਖਣਾ ਸੂਰਜ ਨੂੰ ਦੀਵਾ ਦਿਖਾਉਣ ਜਿਹੀ ਹੀ ਗੱਲ ਹੈ। ਕੁੱਜੇ ਚ ਸਮੁੰਦਰ ਬੰਦ ਕਰਨਾ ਮੇਰੇ ਲਈ ਕੋਈ ਅਸਾਨ ਕੰਮ ਵੀ ਨਹੀਂ। ਆਪਣੀ ਜ਼ਿੰਦਗੀ ਦੇ ਕੰਮਾਂ ਕਾਜਾਂ ਵਿੱਚ ਰੁੱਝਿਆਂ
ਰਹਿੰਦਿਆਂ ਵੀ ਇਹ ਕਿਤਾਬ ਮੈਂ ਹੁਣ ਤੱਕ ਦੋ ਵਾਰ ਪੜ੍ਹ ਚੁੱਕਾ ਹਾਂ।
ਮੈਂ ਕੋਈ ਲੇਖਕ ਜਾਂ ਸਮੀਖਿਆਕਾਰ ਤਾਂ ਹੈ ਨਹੀਂ, ਪਰ ਫਿਰ ਵੀ ਮੇਰੀ ਨਿੱਜੀ ਸਮਝ ਅਨੁਸਾਰ ਇਹ ਲਾਜਵਾਬ ਕਿਤਾਬ ਤੁਹਾਡੀ "ਚੰਗੀਆਂ ਕਿਤਾਬਾਂ"
ਵਾਲੀ ਸ਼ੈਲਫ ਦਾ ਹਿੱਸਾ ਬਣਨ ਦੇ ਬਿਲਕੁਲ ਕਾਬਲ ਹੈ। 207 ਪੰਨਿਆਂ ਅਤੇ 28 ਦੀਵਿਆਂ ਦੀ ਇਸ ਡਾਰ ਦਾ ਇੱਕ-ਇੱਕ ਦੀਵਾ ਬਹੁਤ ਹੀ ਦਿਲਚਸਪ ਤੇ ਚਾਨਣ ਦਾ
ਮੁਨਾਰਾ ਹੈ। ਦੀਵਾ ਰੌਸ਼ਨੀ / ਚਾਨਣ ਦਾ ਪ੍ਰਤੀਕ ਹੁੰਦਾ ਹੈ ਅਤੇ ਇਸ
ਕਿਤਾਬ ਚ ਜਗਦਾ ਹਰ ਦੀਵਾ ਤੁਹਾਨੂੰ ਜੀਵਨ ਜਾਂਚ ਦੀ ਇੱਕ ਕੜੀ ਲਗਦੀ ਹੈ। ਇਸ
ਕਿਤਾਬ ਵਿੱਚ ਬਹੁਤ ਹੀ ਚੰਗੇ ਤਰੀਕੇ ਨਾਲ ਪਰੋਈ ਹੋਈ ਵਾਰਤਕ, ਕਵਿਤਾ, ਤੇ ਗੁਰਬਾਣੀ ਦਾ ਸੁਮੇਲ ਹੈ ਜੋ ਇੱਕ ਬਾਹਰੋਂ ਤੇ ਅੰਦਰੋਂ ਸੱਚੇ ਤੇ ਸੁਹੱਪਣ ਵਾਲੇ ਚੰਗੇ ਦੋਸਤ ਦੀ ਤਰਾਂ ਮਹਿਸੂਸ ਹੁੰਦਾ ਹੈ। ਅਠਾਈ ਦੀਵਿਆਂ ਦੀ ਡਾਰ ਵਿੱਚੋਂ ਕਿਸ ਦੀਵੇ ਦੀ ਗੱਲ ਕਰੀਏ ਤੇ ਕਿਸ ਨੂੰ ਛੱਡੀਏ ਪਤਾ ਨਹੀਂ ਲਗਦਾ। ਜਿਵੇਂ ਕੇ...ਸੁਪਨਿਆਂ ਨੂੰ ਫੜਦਿਆਂ...,ਜਾਂ ਦਿਲ ਦੇ ਵਰਕੇ ਫਰੋਲਦਿਆਂ..., ਜਾਂ ਮਰ ਜਾਣਿਓ!ਜਿਊਣਾ ਸਿੱਖੋ..., ਜਾਂ ਚੁੱਪ ਦੀ ਵੀ ਜ਼ੁਬਾਨ ਹੁੰਦੀ ਆ..., ਜਾਂ ਹੱਸਿਆ ਵੀ ਕਰੋ ਯਾਰੋ..., ਜਾਂ ਅਰਦਾਸ ਦੀ ਆਸਥਾ..., ਜਾਂ ਮਹਾਨ ਤੇ ਮਸ਼ਹੂਰੀ ਵਿਚਲਾ ਅੰਤਰ..., ਜਾਂ ਫਿਰ ਕੋਈ ਹੋਰ - ਸਭ ਇੱਕ ਤੋਂ ਵੱਧ ਇੱਕ। ਸਭ ਦੀਵੇ ਇਕੱਲੇ ਜਾਂ ਫਿਰ ਇਕੱਠੇ - ਇੱਕ ਡਾਰ ਦੇ ਰੂਪ ਵਿੱਚ ਇੱਕ ਵਿਲੱਖਣ ਅੰਦਾਜ਼। ਸੁਪਨਿਆਂ ਦੇ ਮਗਰ ਦੌੜਦੇ ਡਾ. ਭੰਡਾਲ ਨੇ ਕਸਮ ਖਾ ਲਈ, ਤੇ ਕਸਮ ਦੇ ਕ੍ਰਿਸ਼ਮੇ ਨੇ ਉਹਨਾਂ ਨੂੰ ਮੰਜ਼ਲ ਦਿਖਾਈ, ਮੰਜ਼ਲ ਤੇ ਪਹੁੰਚਣ ਦਾ ਰਾਹ ਦਿਖਾਇਆ। ਆਪਣੇ ਕੈਰੀਅਰ ਦੀ ਪਹਿਲੀ ਪੌੜੀ ਤੋਂ ਜਰਾ ਖਿਸਕ ਕੇ ਡਿਗਣ ਦੀ ਝੰਜੋੜ ਨੇ ਹੀ ਪੌੜੀ ਦਾ ਉਪਰਲਾ ਸਿਰਾ ਦਿਖਾਇਆ। ਫਿਰ ਕੀ ਸੀ ਭੰਡਾਲ ਸਾਹਿਬ ਪੌੜੀ ਦਰ ਪੌੜੀ ਚੜਦੇ ਪਹੁੰਚ ਗਏ ਸਿਖਰ। ਸਫਰ ਭਾਵੇਂ ਅਸਾਨ
ਨਹੀਂ ਸੀ, ਗਿਲੇ ਸ਼ਿਕਵੇ ਵੀ ਸਨ, ਜਿਗਰੀ ਯਾਰਾਂ ਦੇ ਅੱਖਾਂ ਸਾਹਵੇਂ ਟੁੱਟਦੇ
ਭਰੋਸੇ ਵੀ, ਪਰ ਮੈਨੂੰ ਲਗਦਾ ਉਹਨਾਂ ਆਪਣੀ ਲਗਨ ਲਗਾਈ ਰੱਖੀ। ਭਾਈ ਵੀਰ ਸਿੰਘ ਦੇ ਕਹਿਣ ਵਾਂਗ " ਸੀਨੇ ਖਿੱਚ ਜਿਨਾਂ ਨੇ ਖਾਧੀ, ਉਹ ਕਰ ਆਰਾਮ
ਨਹੀਂ ਬਹਿੰਦੇ"। ਜੀਵਨ ਦੀ ਇਸ ਕਸ਼ਮਕਸ਼ 'ਚ ਜਿਉਣਾਂ ਵੀ ਨਹੀ ਭੁੱਲਣ
ਦਿੱਤਾ ਤੇ ਬਸ਼ੀਰ ਬਦਰ ਦਾ ਇਹ ਖੂਬਸੂਰਤ ਸ਼ੇਅਰ ਵੀ ਮਨ ਅੰਦਰ ਯਾਦ
ਰੱਖਿਆ...."ਉਨ ਕੋ ਕਾਮਯਾਬੀ ਸੇ ਸਕੂਨ ਨਜ਼ਰ ਆਇਆ ਤੋ ਵੋ ਦੌੜਤੇ ਗਏ,
ਹਮੇ ਸਕੂਨ ਸੇ ਕਾਮਯਾਬੀ ਦਿਖੀ ਤੋ ਹਮ ਠਹਿਰ ਗਏ।


ਖਾਹਸ਼ਾਂ ਕੇ ਬੋਝ ਮੇ ਬਸ਼ੀਰ ਤੂ ਕਿਆ ਕਿਆ ਕਰ ਰਹਾ ਏ,

ਇਤਨਾ ਤੋ ਜੀਨਾ ਭੀ ਨਹੀਂ ਜਿਤਨਾ ਤੂ ਮਰ ਰਹਾ ਏ।"

ਕਿਤਾਬ ਦੀਆ ਕੁੱਝ ਝਲਕਾਂ....
ਮਨ- ਜੋਗੀਆ ਵੇ...
ਅੰਦਰ ਬੈਠੀ ਸੁੰਨ ਨੂੰ ਤੂੰ ਕਦੇ ਤਾਂ ਸੁਣ।
'ਵਾਵਾਂ ਵਿੱਚ ਰਮੇ ਹੋਏ, ਹਾਵਿਆਂ ਨੂੰ ਪੁਣ।
ਜੱਗ ਨਾਲ਼ੋਂ ਵੀ ਪਹਿਲਾਂ, ਜਿਨ੍ਹਾਂ ਖੁਦ ਜਗਾਇਆ।
ਉਹਨਾਂ ਖੁਦ 'ਚੋਂ ਖੁਦ ਦਾ, ਖੁਦ ਦੀਦਾਰ ਪਾਇਆ।

.... ਚੁੱਪ ਦੀ ਵੀ ਜ਼ੁਬਾਨ ਹੁੰਦੀ ਆ
..... ਚੁੱਪ ਕਦੇ ਵੀ ਕਮਜ਼ੋਰੀ ਜਾਂ ਬੁਜ਼ਦਿਲੀ ਨਹੀਂ।
ਕਬਰਾਂ, ਚੁੱਪ ਹੀ ਭਲੀਆਂ।
ਬੋਲਣ ਲੱਗ ਪੈਣ ਤਾਂ ਕਹਿਰ ਟੱਟਦਾ।

.... ਘਰ 'ਚ ਸੁੱਤੀ ਸੁੰਨ ਨਾ ਛੇੜ੍ਹ,
ਪੈਣੀਆਂ ਜਾਗ ਉਡੀਕਾਂ।




ਕੰਧਾਂ ਨੇ ਵੀ ਸ਼ੋਰ ਮਚਾਣਾਂ,
ਮਸਾਂ ਸੁਆਈਆਂ ਲੀਕਾਂ।
..... ਮਹਾਨਤਾ ਤੇ ਮਸ਼ਹੂਰੀ ਵਿਚ ਅੰਤਰ ਹੁੰਦਾ ਹੈ
.... ਹਰ ਮਹਾਨ ਵਿਅਕਤੀ ਮਸ਼ਹੂਰ ਤਾਂ ਹੋ ਸਕਦਾ।
ਪਰ ਹਰ ਮਸ਼ਹੂਰ ਵਿਅਕਤੀ ਕਦੇ ਮਹਾਨ ਨਹੀਂ ਹੁੰਦਾ।

.....ਮੈਂ ਵੀ ਰੁੱਸਿਆ ਤੇ ਸੱਜਣ ਵੀ ਰੁੱਸੇ, ਆਈ ਰੁੱਤ-ਰੁੱਸਵਾਈ।
ਮੇਰੀ 'ਮੈਂ' ਨੇ ਮੇਥੋਂ ਖੋਹ ਲਈ,
ਰਹਿਮਤ ਭਰੀ ਖੁਦਾਈ।

ਕਦੇ ਰੁੱਸੇ ਨਾ ਮਹਿਕ ਸਾਹਾਂ ਤੋਂ, ਨਾ ਪੈਰਾਂ ਤੋਂ ਪੈੜਾਂ।
ਨਾ ਕੋਈ ਦੁਆ-ਅਸੀਸ ਹੀ ਰੁੱਸੇ, ਨਾ ਮਿਹਰਾਂ ਤੇ ਖ਼ੈਰਾਂ।
ਨਾ ਕੰਧਾਂ ਤੋਂ ਛੱਤਾਂ ਰੁੱਸਣ, ਨਾ ਕਮਰੇਤੋਂ ਖਿੜਕੀ।
ਨਾ ਵਿਹੜੇ ਤੋਂ ਚੌਂਕਾ ਰੁੱਸੇ, ਨਾ ਹੀ ਦਰ ਤੋ ਬਿੜਕੀ।

ਬਈ ਪਸੰਦ ਆਪੋ ਆਪਣੀ। ਪਰ ਇਸ ਕਿਤਾਬ ਦਾ ਹਰ ਅੱਖਰ ਤੁਹਾਡੇ ਨਾਲ ਗੱਲਾਂ ਕਰਨ ਤੇ ਸਾਂਝ ਪਾਉਣ ਨੂੰ ਉਤਾਵਲਾ ਹੈ। ਕਿਤਾਬ ਲਈ ਕੀਤੀ ਸਖ਼ਤ ਮਿਹਨਤ, ਸ਼ਬਦਾਂ ਦੇ ਭੰਡਾਰ, ਅਤੇ ਸ਼ਬਦਾਂ ਦੀ ਜਾਦੂਗਰੀ ਦੀ ਝਲਕ ਡਾ. ਭੰਡਾਲ ਦੀ ਹਰੇਕ ਲਿਖਤ ਦੀ ਤਰਾਂ ਇਸ ਕਿਤਾਬ ਵਿੱਚੋਂ ਵੀ ਸਾਫ਼ ਝਲਕਦੀ ਹੈ। ਡਾ. ਗੁਰਬ਼ਖ਼ਸ਼ ਸਿੰਘ ਭੰਡਾਲ ਭਾਵੇਂ ਮੇਰੇ ਪਸੰਦੀ ਦਾ ਲੇਖਕ ਤੇ ਦੋਸਤ ਹਨ। ਪਰ ਮੇਰੀ ਇਮਾਨਦਾਰ ਰਾਏ 'ਚ ਇਹ ਕਿਤਾਬ ਉਹਨਾਂ ਦੀ ਇੱਕ ਹੋਰ 'ਮਾਸਟਰ ਪੀਸ' ਹੈ ਅਤੇ ਮੇਰੇ ਕਿਤਾਬ ਰੂਪੀ ਦੋਸਤਾਂ ਵਿੱਚ ਸ਼ਾਮਲ ਹੋ ਗਈ ਹੈ।

# ਨਵੀਆਂ ਮੰਜ਼ਿਲਾਂ ਸਰ ਕਰਦਾ ਨਿਊਟਨ ਟੈਨਿਸ ਕਲੱਬ ਸਰੀ

## ਯਾਦਗਾਰੀ ਹੋ ਨਿਬੜਿਆ ਟੈਨਿਸ ਬੀ. ਸੀ ਤੋਂ ਮਾਨਤਾ ਪ੍ਰਾਪਤ ਪਲੇਠਾ 'ਸਰੀ ਓਪਨ 2022'















ਜਗਜੀਤ ਸਿੰਘ ਗਣੇਸ਼ਪੁਰ
ਵਟਸਐਪ: +919465576022

ਦੁਨੀਆਂ ਦੀ ਚੋਥੇ ਨੰਬਰ (ਫੁੱਟਬਾਲ, ਕ੍ਰਿਕਟ, ਹਾਕੀ ਤੋਂ ਬਾਅਦ) ਦੀ ਹਰਮਨ ਪਿਆਰੀ ਖੇਡ 'ਟੈਨਿਸ' ਦੇ ਪੂਰੀ ਦੁਨੀਆਂ ਵਿੱਚ ਖੇਡ ਪ੍ਰਸੰਸਕਾਂ ਦੀ ਗਿਣਤੀ ਲਗਭਗ 100 ਕਰੋੜ ਹੈ ਅਤੇ ਹਰ ਸਾਲ ਚਾਰ ਗਰੈਂਡ ਸਲੈਮ (ਆਸਟ੍ਰੇਲੀਆ, ਫਰੈਂਚ, ਵਿੰਭਲਡਨ ਅਤੇ ਯੂ.ਐਸ.ਏ) ਟੂਰਨਾਮੈਂਟ ਹੁੰਦੇ ਹਨ। ਦੁਨੀਆਂ ਭਰ ਦੇ ਟੈਨਿਸ ਖਿਡਾਰੀ ਇਨ੍ਹਾਂ ਵਕਾਰੀ ਟੂਰਨਾਮੈਂਟ ਵਿੱਚ ਆਪਣੀ ਖੇਡ ਦਾ ਲੋਹਾ ਮਨਵਾਉਣ ਲਈ ਸਖਤ ਮਿਹਨਤ ਕਰਦੇ ਹਨ। ਪਰੰਤੂ ਜੇਕਰ ਪੰਜਾਬੀਆਂ ਦੇ ਨਜਰੀਏ ਤੋਂ ਗੱਲ ਕਰੀਏ ਤਾਂ ਟੈਨਿਸ ਵਿੱਚ ਪੰਜਾਬੀ ਖਿਡਾਰੀਆਂ ਦੀ ਕੋਈ ਬਹੁਤੀ ਵੱਡੀ ਪ੍ਰਾਪਤੀ ਨਹੀਂ ਰਹੀ ਭਾਵ ਕਿ ਕੋਈ ਅਜਿਹਾ ਖਿਡਾਰੀ ਨਹੀਂ ਪੈਦਾ ਹੋਇਆ ਜਿਸ ਨੇ ਦੁਨੀਆਂ ਦੇ ਨਕਸ਼ੇ ਉਪਰ ਇਸ ਖੇਡ ਵਿੱਚ ਵੱਡਾ ਨਾਮਣਾ ਖੱਟਿਆ ਹੋਵੇ। ਅਜਿਹਾ ਹੀ ਕੁੱਝ ਕਰਨ ਦਾ ਅਹਿਦ ਧਾਰ ਕੇ ਨਿਊਟਨ-ਸਰੀ ਪੰਜਾਬੀ ਭਾਈਚਾਰੇ ਨੇ ਆਪਸੀ ਸਹਿਯੋਗ ਨਾਲ ਨਿਊਟਨ ਟੈਨਿਸ ਕਲੱਬ ਦਾ ਗਠਨ ਕਰ ਕੇ ਵੱਡਾ ਉੱਦਮ ਕੀਤਾ ਹੈ ਤਾਂ ਜੋ ਟੈਨਿਸ ਵਰਗੀ ਵੱਕਾਰੀ ਖੇਡ ਵਿੱਚ ਵੀ ਪੰਜਾਬੀ ਮੂਲ ਦੇ ਖਿਡਾਰੀਆਂ ਨੂੰ ਖੇਡਣ ਲਈ ਉਤਸ਼ਾਹਿਤ ਕੀਤਾ ਜਾ ਸਕੇ। ਇਸ ਕਲੱਬ ਦਾ ਮੁੱਖ ਮਕਸਦ ਬਚਿਆ ਨੂੰ ਮੁੱਢ ਤੋਂ ਹੀ ਖੇਡ ਸਭਿਆਚਾਰ ਨਾਲ ਜੋੜਨ ਦਾ ਹੈ ਤਾਂ ਜੋ ਉਹ ਵਿਦੇਸ਼ਾਂ ਵਿੱਚ ਜਿਹੜੀਆਂ ਘਟਨਾਵਾਂ ਸਾਨੂੰ ਸਾਰਿਆਂ ਨੂੰ ਅਕਸਰ ਤੰਗ ਅਤੇ ਪਰੇਸ਼ਾਨ ਕਰਦੀਆਂ ਹਨ ਕਿ ਸਾਡੀ ਨੌਜਵਾਨੀ ਨਸ਼ਾ ਅਤੇ ਗੈਂਗਵਾਰ ਵਿੱਚ ਫਸ ਕੇ ਆਪਣੀ ਜ਼ਿੰਦਗੀ ਅਤੇ ਕੰਮਿਊਨਿਟੀ ਦਾ ਵਿਦੇਸ਼ਾਂ ਵਿੱਚ ਅਕਸ ਖਰਾਬ ਕਰ ਰਹੇ ਹਨ, ਤੋਂ ਆਪਣੀ ਨਵੀਂ ਪੀੜੀ ਨੂੰ ਬਚਾਇਆ ਜਾ ਸਕੇ।

ਨਿਊਟਨ ਕਲੱਬ, ਉਂਝ ਤਾਂ 2015 ਤੋਂ ਹੀ ਕਾਰਜਸ਼ੀਲ ਹੈ ਪਰੰਤੂ ਅਧਿਕਾਰਤ ਤੌਰ ਤੇ ਇਹ 2019 ਤੋਂ ਹੀ ਹੋਂਦ ਵਿੱਚ ਆਇਆ ਹੈ। ਇਸ ਕਲੱਬ ਦੇ ਮੌਜੂਦਾ ਸਮੇਂ 100 ਮੈਂਬਰ ਹਨ ਅਤੇ ਹਰੇਕ ਸਾਲ ਇੱਕ ਡਬਲ ਟੂਰਨਾਮੈਂਟ ਕਰਵ-'ਇਆ ਜਾਂਦਾ ਹੈ। ਇਸ ਹੀ ਸੰਦਰਭ ਵਿੱਚ ਇਸ ਸਾਲ ਅਗਸਤ ਮਹੀਨੇ ਟੈਨਿਸ ਬੀ. ਸੀ ਦੁਆਰਾ ਮਾਨਤਾ ਪ੍ਰਾਪਤ ਪਲੇਠਾ 'ਸਰੀ ਓਪਨ ਟੈਨਿਸ ਟੂਰਨਾਮੈਂਟ 2022' ਸਫਲਤਾਪੂਰਵਕ ਕਰਵਾ ਕੇ ਕਲੱਬ ਨੇ ਇਕ ਹੋਰ ਮੀਲ ਪੱਥਰ ਸਥਾਪਿਤ ਕੀਤਾ ਹੈ। ਇਹ ਟੂਰਨਾਮੈਂਟ 5 ਅਗਸਤ ਤੋਂ 14 ਅਗਸਤ ਤੱਕ ਨਿਊਟਨ ਟੈਨਿਸ ਕੋਰਟ ਵਿੱਚ ਕਰਵਾਇਆ ਗਿਆ ਜਿਸ ਵਿੱਚ ਟੈਨਿਸ ਦੇਵੱਖ-ਵੱਖ ਪੱਧਰ ਜਿਵੇਂ 2.5, 3.0, 3.5, 4.0, 4.5 ਨੂੰ ਸ਼ਾਮਿਲ ਕੀਤਾ ਗਿਆ ਜਿੰਨਾ ਵਿੱਚ ਫਰੇਜ ਵੈਲੀ, ਲੋਅਰ ਮੇਨਲੈਂਡ ਅਾਫ ਵੈਨਕੂਵਰ ਅਤੇ ਹੋਰ ਸੂਬਿਆਂ (ਕੈਲਗਰੀ ਅਤੇ ਅਲਬਰਟਾ) ਦੇ 355 ਖਿਡਾਰੀਆਂ ਨੇ ਵੱਖ-ਵੱਖਮੁਕਾਬਲਿਆਂ ਵਿੱਚ ਸ਼ਮੂਲੀਅਤ ਕੀਤੀ। ਪੁਰਸ਼ਾ ਦੇ ਓਪਨ ਵਰਗ ਵਿੱਚ ਸਭ ਤੋਂ ਵੱਧ 60 ਖਿਡਾਰੀਆਂ ਨੇ ਭਾਗ ਲਿਆ ਜਦ ਕਿ 3.5 ਸਿੰਗਲਜ਼ ਵਿੱਚ 47, 4.0 ਅਤੇ 4.5 ਵਿੱਚ 33 ਖਿਡਾਰੀਆਂ ਨੇ ਹਿੱਸਾ ਲਿਆ। ਨਿਊਟਨ ਟੈਨਿਸ ਕਲੱਬ ਦੇ ਮੈਂਬਰ ਅਣਥੱਕ ਯਤਨ ਕਰ ਰਹੇ ਹਨ ਕਿ ਵੱਧ ਤੋਂ ਵੱਧ ਕੁੜੀਆਂ ਨੂੰ ਇਸ ਕਲੱਬ ਨਾਲ ਜੋੜ ਕੇ ਬਰਾਬਰ ਦੇ ਮੌਕੇ ਦਿੱਤੇ ਜਾਣ ਤਾਂ ਜੋ ਉਹ ਖੇਡਾਂ ਵਿੱਚ ਮਰਦਾਂ ਦੇ ਬਰਾਬਰ ਨਾਮਣਾ ਖੱਟ ਸਕਣ ਜਿਸ ਦੇ ਨਤੀਜੇ ਵਜੋਂ ਇਸ ਕੱਪ ਦੇ ਔਰਤ ਵਰਗ ਵਿੱਚ ਵੀ 54 ਖਿਡਾਰਨਾਂ ਨੇ ਆਪਣੀ ਭਰਵੀਂ ਹਾਜਰੀ ਦਰਜ ਕਰਵਾਈ।

> ਕਲੱਬ ਦਾ ਮੋਟੋ ਹੈ:'ਅਸੀਂ ਇੱਕਜੁੱਟ ਹੋ ਕੇ ਖੇਡਾਂਗੇ ਅਤੇ ਜਿੱਤਾਂਗੇ'

ਖਿਡਾਰੀਆਂ ਦੀ ਹੌਂਸਲਾ ਅਫਜਾਈ ਕਰਨ ਲਈ ਵੱਡੀ ਗਿਣਤੀ ਵਿੱਚ ਦਰਸ਼ਕਾਂ ਦਾ ਵੀ ਭਰਪੂਰ ਸਾਥ ਮਿਲਿਆ। ਇਸ ਟੂਰਨਾਮੈਂਟ ਨੂੰ ਸਰੀ ਸਿਟੀ ਵਲੋਂ ਪੂਰਾ ਸਹਿਯੋਗ ਦਿੱਤਾ ਗਿਆ। ਸਪਾਂਸਰਜ, ਨਿਊਟਨ ਪ੍ਰਸ਼ਾਸਨਿਕ ਅਧਿਕਾਰੀਆਂ, ਵਲੰਟੀਅਰਾਂ ਅਤੇ ਕਮਿਊਨਿਟੀ ਮੈਂਬਰਾਂ ਨੇ ਵੀ ਇਸ ਕੱਪ ਦੀ ਸਫਲਤਾ ਲਈ ਆਪਣਾ ਵੱਡਮੁੱਲਾ ਯੋਗਦਾਨ ਪਾਇਆ। ਸਿਹਤਮੰਦ ਅਤੇ ਪੋਸਟਿਕ ਭੋਜਨ ਰੋਜ਼ਾਨਾ ਪਰੋਸਿਆ ਗਿਆ ਅਤੇ ਫਾਈਨਲ ਵਾਲੇ ਦਿਨ ਤੇ ਇਕ ਸ਼ਾਨਦਾਰ ਬਾਰਬਿਕਯੂ ਪਾਰਟੀ ਦਾ ਅਯੋਜਨ ਵੀ ਕੀਤਾ ਗਿਆ। ਪੁਰਸ਼ਾ ਦੇ ਵਰਗ ਵਿੱਚ 'ਰਿਆਨ ਡੁਟੋਇਟ' ਨੇ ਪਹਿਲਾ ਸਥਾਨ ਅਤੇ 'ਜੈਕਸਨ ਬੂਨ' ਉਪ-ਜੈਤੂ ਰਿਹਾ। ਇਸ ਤਰ੍ਹਾਂ ਹੀ ਮਹਿਲਾ ਵਰਗ ਵਿੱਚ 'ਰੇਬੇਕਾ ਜੌਜ਼ੀ' ਜੈਤੂ ਅਤੇ 'ਅੰਨਾ ਮਾਰੀਆਂ' ਉਪ-ਜੈਤੂ ਰਹੀ। ਸਿਟੀ ਮੇਅਰ ਡੱਗ ਮੈਕਲਮ ਅਤੇ ਕੌਂਸਲ ਨੇ ਫਾਈਨਲ ਮੁਕਾਬਲੇ ਵਾਲੇ ਦਿਨ ਕਲੱਬ ਪ੍ਰਬੰਧਕਾ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਜੈਤੂ ਖਿਡਾਰੀਆਂ ਨੂੰ ਇਨਾਮ ਤਕਸੀਮ ਕੀਤੇ। ਡਾਇਰੈਕਟਰ ਗੈਰੀ ਡੇਹਲੋ ਅਤੇ ਗੁਰਮੁਖ ਝੁਟੀ ਨੇ ਇਸ ਟੂਰਨਾਮੈਂਟ ਦਾ ਸਫਲ ਅਯੋਜਨ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ।

ਨਿਊਟਨ ਕਲੱਬ, ਟੈਨਿਸ ਬੀ.ਸੀ ਤੋਂ ਮਾਨਤਾ ਪ੍ਰਾਪਤ ਹੈ ਅਤੇ ਅਗਾਂਹ ਨਿਊਟਨ ਕਲੱਬ ਨੂੰ ਟੈਨਿਸ ਕੈਨੇਡਾ ਦਾ ਮੈਂਬਰ ਹੋਣ ਦਾ ਵੀ ਮਾਣ ਪ੍ਰਾਪਤ ਹੈ। ਨਿਊਟਨ, ਇੱਕ ਗੈਰ ਮੁਨਾਫ਼ਾ ਸੰਸਥਾ ਹੈ ਜਿਸ ਦਾ ਮੁੱਖ ਮਕਸਦ ਟੈਨਿਸ ਖੇਡ ਨੂੰ ਆਮ ਲੋਕਾਂ ਵਿੱਚ ਹੋਰ ਪ੍ਰਫੁਲਿਤ ਕਰਨ ਤੋਂ ਹੈ। ਕਲੱਬ ਮੁੱਖ ਤੌਰ ਤੇ ਬਚਿਆ ਅਤੇ ਨੌਜਵਾਨਾ ਨੂੰ ਖੇਡਾਂ ਰਾਹੀ ਇੱਕ ਯੋਗ ਅਤੇ ਨਰੋਈ ਸੇਧ ਦੇਣ ਲਈ ਵਚਨਬੱਧ ਹੈ। ਨਿਊਟਨ ਟੈਨਿਸ ਕਲੱਬ, ਟੈਨਿਸ ਖੇਡ ਨਾਲ ਸਬੰਧਿਤ ਬਚਿਆਂ ਦੇ ਕੈਂਪ, ਟੈਨਿਸ ਲੀਗ ਅਤੇ ਸਾਲਾਨਾ ਡਬਲਜ਼ ਟੈਨਿਸ ਟੂਰਨਾਮੈਂਟ ਵਰਗੀਆਂ ਗਤੀਵਿਧੀਆਂ ਵਿੱਚ ਆਪਣੀ ਸ਼ਮੂਲੀਅਤ ਸਫਲਤਾ ਨਾਲ ਦਰਜ ਕਰਵਾ ਚੁੱਕਾ ਹੈ। ਅਗਾਂਹ ਇਸ ਕਲੱਬ ਨੇ (ਸਕੂਲ ਤੋਂ ਬਾਅਦ) ਬੀ.ਸੀ ਖੇਡ ਪ੍ਰੋਗਰਾਮਾਂ ਰਾਹੀ ਵਿਦਿਆਰਥੀਆ ਦੀ ਭਾਗੀਦਾਰੀ ਜਿਹੇ ਪ੍ਰੋਗਰਾਮ ਉਲੀਕੇ ਹੋਏ ਸਨ ਜੋ ਕਿ ਕੋਰੋਨਾ ਮਹਾਂਮਾਰੀ ਕਾਰਨ ਪਿਛਲੇ ਸਮੇਂ ਦੌਰਾਨ ਸਿਰੇ ਨਹੀਂ ਚੜ੍ਹ ਸਕੇ ਸਨ। ਆਸ ਕੀਤੀ ਜਾ ਸਕਦੀ ਹੈ ਕਿ ਹੁਣ ਹਾਲਾਤ ਸੁਖਾਵੇਂ ਹੋਣ ਤੋਂ ਬਾਅਦ ਇਨ੍ਹਾਂ ਟੀਚਿਆਂ ਨੂੰ ਕਲੱਬ ਪਹਿਲ ਦੇ ਅਧਾਰ ਤੇ ਨੇਪਰੇ ਚਾੜ੍ਹਨ ਵਿਚ ਕਾਮਯਾਬ ਜ਼ਰੂਰ ਹੋਵੇਗਾ। ਟੈਨਿਸ ਦੀ ਸਿਖਲਾਈ ਲਈ ਕੋਚਾਂ ਦਾ ਪ੍ਰਬੰਧ ਕਰਨਾ ਜਾਂ ਹੋਰ ਤਕਨੀਕੀ ਗੁਣਾਂ ਦੀ ਜ਼ਿੰਮੇਵਾਰੀ ਅਮਨਦੀਪ ਸਿੰਘ ਵੜੈਚ ਨੂੰ ਸੌਂਪੀ ਗਈ ਹੈ ਜੋ ਕਿ ਆਪ ਭਾਰਤੀ ਡੈਵਿਸ ਕੱਪ ਟੀਮ ਦਾ ਕਿਸੇ ਸਮੇਂ ਹਿੱਸਾ ਰਹੇ ਹਨ ਅਤੇ ਉਹ ਕੈਨੇਡਾ ਵੀ ਟੈਨਿਸ ਸਕਾਲਰਸ਼ਿਪ ਅਧੀਨ ਹੀ ਆਏ ਸਨ। ਨਰਿੰਦਰ ਸਿੰਘ ਅਤੇ ਸੰਦੀਪ ਮੋਂਗਾ ਕੋਚਿੰਗ ਦੀਆਂ ਸੇਵਾਵਾਂ ਬਾਖੂਬੀ ਨਿਭਾ ਰਹੇ ਹਨ। ਕੋਚ ਦੀ ਜ਼ਿੰਮੇਵਾਰੀ ਬੀ.ਸੀ ਟੈਨਿਸ ਦੇ ਮਾਪਦੰਡਾਂ ਅਨੁਸਾਰ ਹੀ ਸਬੰਧਿਤ ਕੋਚ ਨੂੰ ਦਿੱਤੀ ਜਾਂਦੀ ਹੈ।

ਨਿਊਟਨ ਕਲੱਬ ਦਾ ਗਠਨ ਕਰਕੇ ਪੰਜਾਬੀ ਭਾਈਚਾਰੇ ਨੇ ਜੋ ਸਾਰਥਕ ਪਹਿਲ ਕੀਤੀ ਹੈ ਉਸ ਦੇ ਚੰਗੇ ਨਤੀਜੇ ਆਉਂਦੇ ਭਵਿੱਖ ਅੰਦਰ ਨਜ਼ਰ ਜ਼ਰੂਰ ਆਉਣਗੇ। ਖੇਡਾਂ ਖਿਡਾਰੀਆਂ ਨੂੰ ਜ਼ਿੰਦਗੀ ਦੇ ਸੰਘਰਸ਼ ਲਈ ਤਿਆਰ ਕਰਦੀਆਂ ਅਤੇ ਉਸ ਨੂੰ ਅਨੁਸ਼ਾਸਨ ਵਿੱਚ ਰਹਿਣਾ ਦੇ ਸਬਕ ਪੜਾਉਣ ਦਾ ਕੰਮ ਵੀ ਕਰਦੀਆਂ ਹਨ। ਖੇਡਾਂ ਮਨੁੱਖ ਨੂੰ ਜਿੱਤ ਲਈ ਸੰਘਰਸ਼ ਕਰਨਾ ਵੀ ਸਿਖਾਉਂਦੀਆ ਹਨ। ਸਿਹਤਮੰਦ ਦਿਮਾਗ਼ ਹੀ ਨਰੋਈਆਂ ਕੌਮਾਂ ਦੀ ਸਿਰਜਣਾ ਕਰਦੇ ਹਨ। ਓਵੇਂ ਹੀ ਜੇ ਸਭ ਕੁੱਝ ਇਵੇਂ ਹੀ ਸਹੀ ਦਿਸ਼ਾ ਵਿੱਚ ਚੱਲਦਾ ਰਿਹਾ ਤਾਂ ਹੋ ਸਕਦਾ ਹੈ ਕਿ ਜਸਵੀਰ ਪੰਧੇਰ ਅਤੇ ਰਾਜਦੀਪ ਸਿੰਘ ਝੱਲੀ ਵੱਲੋਂ ਲਾਏ ਗਏ, ਇਸ ਬੂਟੇ ਦੇ ਫਲ ਦੇ ਰੂਪ ਵਿੱਚ ਕੀ ਪਤਾ? ਆਉਂਦੇ ਪੰਜ-ਦਸ ਸਾਲਾਂ ਵਿੱਚ ਕੋਈ ਪੰਜਾਬੀ ਖਿਡਾਰੀ ਕਿਸੇ ਗਰੇਡ ਸਲੇਮ ਟੂਰਨਾਮੈਂਟ ਵਿਚ ਕੈਨੇਡਾ ਦੇਸ਼ ਵੱਲੋਂ ਖੇਡਦਾ ਵਿਖਾਈ ਨਜ਼ਰ ਆਏ। ਟੈਨਿਸ ਇੱਕ ਮਹਿੰਗੀ ਖੇਡ ਹੈ ਅਤੇ ਪੰਜਾਬੀਆ ਵਿੱਚ ਇਹ ਬਹੁਤੀ ਹਰਮਨ ਪਿਆਰੀ ਵੀ ਨਹੀਂ ਪਰੰਤੂ ਜੇਕਰ ਨਿਊਟਨ ਕਲੱਬ ਨੂੰ ਆਪਣੇ ਭਾਈਚਾਰੇ, ਖੇਡ ਪ੍ਰੇਮੀਆ ਅਤੇ ਹੋਰ ਅਧਿਕਾਰਤ ਸੰਸਥਾਵਾਂ ਦਾ ਸਹਿਯੋਗ ਮਿਲਦਾ ਰਿਹਾ ਤਾਂ ਇਸ ਪੇਸ਼ੇਵਾਰ ਖੇਡ ਵਿੱਚ ਵੀ ਕਾਮਯਾਬੀ ਦੀਆ ਮੰਜ਼ਿਲਾਂ ਸਰ ਕੀਤੀਆਂ ਜਾ ਸਕਦੀਆਂ ਹਨ। ਨਿਊਟਨ ਟੈਨਿਸ ਕਲੱਬ ਦੀ ਮਿਹਨਤ ਅਤੇ ਕੋਸ਼ਿਸ਼ਾਂ ਨੂੰ ਉਸ ਵੇਲੇ ਬੂਰ ਪਿਆ ਜਦੋਂ 'ਨਿਊਟਨ ਅਥਲੈਟਿਕ ਪਾਰਕ' ਵਿੱਚ ਉਨ੍ਹਾਂ ਨੂੰ ਰਿਜ਼ਰਵ ਕੋਰਟ ਦੀ ਪ੍ਰਾਪਤੀ ਹੋਈ ਜਿਸ ਦੀ ਅਣਹੋਂਦ ਕਾਰਨ ਉਨ੍ਹਾਂ ਨੂੰ ਪਿਛਲੇ ਸਮੇਂ ਦੌਰਾਨ ਪ੍ਰੈਕਟਿਸ ਦੌਰਾਨ ਕਈ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਸੀ। ਉਮੀਦ ਹੈ ਕਿ ਹੁਣ ਕਲੱਬ ਹੋਰ ਵੀ ਨਵੇਂ ਜੋਸ਼ ਨਾਲ ਆਪਣੇ ਭਵਿੱਖ ਦੇ ਸਫਰ ਵੱਲ ਅੱਗੇ ਵਧੇਗਾ।

ਜੇਕਰ ਇਸ ਕਲੱਬ ਦੀ ਪੂਰੀ ਕਾਰਜਸ਼ੈਲੀ ਉੱਪਰ ਝਾਤ ਮਾਰੀਏ ਤਾਂ ਜਸਵੀਰ ਪੰਧੇਰ (ਜੋ ਕਿ ਮੇਰੇ ਪਿੰਡ ਭਾਰਟਾ ਗਣੇਸ਼ਪੁਰ ਤੋਂ ਹਨ) ਅਤੇ ਰਾਜਦੀਪ ਸਿੰਘ ਝੱਲੀ ਤੋਂ ਇਲਾਵਾ ਜੋ ਨਾਮ ਉੱਭਰ ਕੇ ਸਾਹਮਣੇ ਆਉਂਦੇ ਹਨ ਉਹ ਹਨ: ਗੁਰਿੰਦਰ ਡੇਹਲੋ, ਗੁਰਮੁਖ ਸਿੰਘ ਝੂਟੀ, ਅਮਰਜੀਤ ਸਿੰਘ ਸੰਧੂ, ਅਮਨਦੀਪ ਸਿੰਘ ਵੜੈਚ, ਸੁੱਖ ਬਿੰਦ, ਗੁਰਦੇਵ ਸਿੰਘ ਬੋਗਨ ਆਦਿ। ਗੁਰਿੰਦਰ ਡੇਹਲੋ ਜੋ ਆਪ ਫ਼ੀਲਡ ਹਾਕੀ ਦੇ ਬਹੁਤ ਵਧੀਆ ਖਿਡਾਰੀ ਰਹੇ ਹਨ ਅਤੇ ਮੈਨੀਟੋਬਾ ਫ਼ੀਲਡ ਹਾਕੀ ਦੇ ਪ੍ਰਧਾਨ ਦੀ ਭੂਮਿਕਾ ਵੀ ਨਿਭਾਂ ਚੁੱਕੇ ਹਨ, ਹੁਣ ਉਹ ਨਿਊਟਨ ਕਲੱਬ ਨਾਲ ਜੁੜ ਕੇ ਟੈਕਨੀਕਲ ਅਤੇ ਸੰਚਾਰ ਸਲਾਹਕਾਰ ਦੇ ਰੂਪ ਵਿੱਚ ਕਲੱਬ ਨੂੰ ਆਪਣੀ ਵੱਡਮੁਲੀਆ ਸੇਵਾਵਾਂ ਪ੍ਰਦਾਨ ਕਰ ਰਹੇ ਹਨ।ਨਿਊਟਨ ਕਲੱਬ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਇਸ ਕਲੱਬ ਦੀ ਵੈੱਬਸਾਈਟ . ਨੂੰ ਸਰਫ਼ ਕੀਤਾ ਜਾ ਸਕਦਾ ਹੈ। ਕਲੱਬ ਦਾ ਮੁੱਖ ਮੋਟੋ ਹੈ ਕਿ ਅਸੀਂ ਇੱਕਜੁੱਟ ਹੋ ਕੇ ਖੇਡਾਂਗੇ ਅਤੇ ਜਿੱਤਾਂਗੇ। ਲੋੜ ਹੈ ਤਾਂ ਇਸ ਕਲੱਬ ਦੇ ਵੱਧ ਤੋਂ ਵੱਧ ਮੈਂਬਰ ਬਣਨ ਦੀ ਜਾਂ ਕਿਸੇ ਹੋਰ ਸਕਾਰਾਤਮਿਕ ਢੰਗ-ਤਰੀਕੇ ਨਾਲ ਸਹਿਯੋਗ ਕਰਨ ਦੀ ਤਾਂ ਕਿ ਇਸ ਦੇ ਮੋਢੀ ਸੱਜਣਾਂ ਵੱਲੋਂ ਵੇਖੇ ਇਸ ਵੱਡੇ ਸੁਪਨੇ ਨੂੰ ਨੇੜਲੇ ਭਵਿੱਖ ਅੰਦਰ ਹਕੀਕਤ ਵਿੱਚ ਬਦਲਿਆ ਜਾ ਸਕੇ... ਆਮੀਨ !

# ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਵੱਲੋਂ ਨਸ਼ਿਆਂ ਨੂੰ ਜੜੋਂ ਪੁੱਟਣ ਲਈ ਪੁਲਿਸ ਅਧਿਕਾਰੀਆਂ ਨਾਲ ਮੀਟਿੰਗ

## ਦੋਸ਼ੀ ਪਾਏ ਜਾਣ ਵਾਲਿਆਂ ਵਿਰੁੱਧ ਬਿਨਾਂ ਕਿਸੇ ਦਬਾਅ ਦੇ ਸਖ਼ਤ ਕਾਰਵਾਈ ਕਰਨ ਦੀ ਹਦਾਇਤ



ਚੰਡੀਗੜ੍ਹ, 29 ਸਤੰਬਰ (ਪੋਸਟ ਬਿਊਰੋ): ਪੰਜਾਬ ਦੇ ਯਾਤਰਾ ਅਤੇ ਸਭਿਆਚਾਰਕ ਮਾਮਲੇ, ਕਿਰਤ, ਨਿਵੇਸ਼ ਪ੍ਰੋਤਸਾਹਨ ਅਤੇ ਸ਼ਿਕਾਇਤ ਨਿਵਾਰਣ ਮੰਤਰੀ ਅਨਮੋਲ ਗਗਨ ਮਾਨ ਨੇ ਨਸ਼ਿਆਂ ਨੂੰ ਜੜੋਂ ਪੁੱਟਣ ਅਤੇ ਨਸ਼ਿਆਂ ਲਈ ਜ਼ਿੰਮੇਵਾਰ ਲੋਕਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਲਈ ਅੱਜ ਮੋਹਾਲੀ ਵਿਖੇ ਜਿਲ੍ਹੇ ਦੇ ਐਸ.ਐਸ.ਪੀ, ਐਸ.ਪੀਜ਼, ਡੀ.ਐਸ.ਪੀਜ਼ ਅਤੇ ਇਲਾਕੇ ਦੇ ਐਸ.ਐਚ.ਓਜ ਨਾਲ ਵਿਸ਼ੇਸ਼ ਮੀਟਿੰਗ ਕੀਤੀ ਅਤੇ ਨਸ਼ਿਆਂ ਨੂੰ ਜੜ੍ਹੋਂ ਪੁੱਟਣ ਲਈ ਹਰ ਸੰਭਵ ਕਾਰਵਾਈ ਕਰਨ ਲਈ ਆਦੇਸ਼ ਦਿੱਤੇ ਗਏ। ਉਨ੍ਹਾਂ ਦੋਸ਼ੀ ਪਾਏ ਜਾਣ ਵਾਲਿਆਂ ਵਿਰੁੱਧ ਬਿਨਾਂ ਕਿਸੇ ਦਬਾਅ ਦੇ ਸਖ਼ਤ ਕਾਰਵਾਈ ਕਰਨ ਦੀ ਹਦਾਇਤ ਕੀਤੀ।

ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਨਸ਼ਾ ਮੁਕਤ, ਭ੍ਰਿਸ਼ਟਾਚਾਰ ਮੁਕਤ ਅਤੇ ਸਾਫ ਸੁਥਰਾ ਪ੍ਰਸ਼ਾਸਨ ਦੇਣ ਲਈ ਵਚਨਬੱਧ ਹੈ। ਮੰਤਰੀ ਵੱਲੋਂ ਅੱਜ ਮੁਹਾਲੀ ਵਿਖੇ ਪੁਲਿਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਡੇ ਸਮਾਜ ਵਿੱਚ ਨਸ਼ਿਆਂ ਦੇ ਮਾੜੇ ਪ੍ਰਭਾਵ ਕਾਰਨ ਨਸ਼ਾ ਕਰਨ ਵਾਲੇ ਨੌਜਵਾਨਾਂ ਦਾ ਭਵਿੱਖ ਹਨੇਰੇ ਵਿੱਚ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਨਸ਼ੇ ਦਾ ਆਦੀ ਮਨੁੱਖ ਜਿਥੇ ਆਰਥਿਕ ਤੌਰ ਤੇ ਕਮਜ਼ੋਰ ਹੋ ਜਾਂਦਾ ਹੈ, ਉਥੇ ਸ਼ਰੀਰਕ ਤੌਰ ਤੇ ਵੀ ਕਮਜੋਰ ਹੋ ਜਾਂਦਾ ਹੈ। ਉਨ੍ਹਾ ਕਿਹਾ ਕਿ ਨਸ਼ੇ ਨਾਲ ਗ੍ਰਸਤ ਨੌਜਵਾਨ ਦੇਸ਼ ਬਾਰੇ ਤਾਂ ਕੀ ਆਪਣੇ ਅਤੇ ਆਪਣੇ ਪਰਿਵਾਰ ਬਾਰੇ ਵੀ ਨਹੀਂ ਸੋਚਦਾ, ਉਹ ਨਸ਼ੇ ਤੋਂ ਛੁਟਕਾਰਾ ਪਾਉਣ ਦੀ ਬਜਾਏ ਆਪਣੇ ਸਮੂਹ ਪਰਿਵਾਰ ਨੂੰ ਨਰਕ ਭੋਗਣ ਲਈ ਮਜਬੂਰ ਕਰਦਾ ਹੈ।

ਉਨ੍ਹਾ ਪੁਲਿਸ ਪ੍ਰਸਾਸ਼ਨ ਵੱਲੋਂ ਨਸ਼ੇ ਦੇ ਖਾਤਮੇ ਲਈ ਆਰੰਭ ਕੀਤੀ ਮੁਹਿੰਮ ਨੂੰ ਹੋਰ ਤੇਜ ਕਰਨ ਤੇ ਜੋਰ ਦਿੰਦਿਆਂ ਕਿਹਾ ਕਿ ਨਸ਼ੇ ਨੂੰ ਸੂਬੇ ਵਿੱਚੋਂ ਹਰ ਹਾਲਤ ਵਿੱਚ ਖਤਮ ਕੀਤਾ ਜਾਣਾ ਹੈ ਇਸ ਮੁਹਿਮ ਵਿੱਚ ਪੁਲਿਸ ਵੱਡਾ ਰੋਲ ਨਿਭਾ ਸਕਦੀ ਹੈ। । ਇਸ ਮੌਕੇ ਉਨ੍ਹਾਂ ਪੁਲਿਸ ਨੂੰ ਹਦਾਇਤ ਕੀਤੀ ਕਿ ਨਸ਼ਿਆਂ ਨੂੰ ਫੈਲਾਉਣ ਵਾਲਿਆਂ ਵਿਰੁੱਧ ਸ਼ਖਤ ਕਾਰਵਾਈ ਕੀਤੀ ਜਾਵੇ । ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨਸ਼ਿਆ ਵਿਰੁੱਧ ਜ਼ੀਰੋ ਟੋਲਰੈਂਸ ਤੇ ਕੰਮ ਕਰ ਰਹੀ ਹੈ । ਇਸ ਮੌਕੇ ਸੀਨੀਅਰ ਪੁਲਿਸ ਕਪਤਾਨ ਵਿਵੇਕ ਸ਼ੀਲ ਸੋਨੀ ਨੇ ਕਿਹਾ ਕਿ ਸਰਕਾਰ ਨਸ਼ਿਆਂ ਨੂੰ ਹਰ ਹਾਲਤ ਵਿੱਚ ਖਤਮ ਕਰ ਲਈ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਪੁਲਿਸ ਅਧਿਕਾਰੀਆਂ ਨੂੰ ਸਖਤ ਹਦਾਇਤ ਕੀਤੀ ਕਿ ਨਸ਼ਿਆਂ ਦੀ ਸੌਦਾਗਰੀ ਕਰਨ ਅਤੇ ਨਸ਼ਿਆਂ ਨੂੰ ਫੈਲਾਉਣ ਵਾਲਿਆਂ ਵਿਰੁੱਧ ਸ਼ਖਤ ਕਾਰਵਾਈ ਕੀਤੀ ਜਾਵੇ । ਉਨ੍ਹਾਂ ਕਿਹਾ ਕਿ ਨਸ਼ਿਆਂ ਨੂੰ ਰੋਕਣ ਵਿੱਚ ਜੇਕਰ ਕਿਸੇ ਪੁਲਿਸ ਅਧਿਕਾਰੀਆਂ ਵੱਲੋਂ ਕੋਈ ਅਣਗਹਿਲੀ ਸਾਹਮਣੇ ਆਉਂਦੀ ਹੈ ਤਾਂ ਉਸ ਮੁਲਾਜ਼ਮ ਵਿਰੁੱਧ ਵੀ ਸ਼ਖਤੀ ਨਾਲ ਨਿਪਟਿਆ ਜਾਵੇਗਾ।

ਕੈਬਨਿਟ ਮੰਤਰੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇੱਕ ਜੁਟ ਹੋ ਕੇ ਨਸ਼ਿਆਂ ਨੂੰ ਜੜੋਂ ਖਤਮ ਲਈ ਪੁਲਿਸ ਅਤੇ ਪ੍ਰਸਾਸਨ ਦਾ ਸਾਥ ਦੇਣ ਤਾਂ ਜੋ ਨੌਜਵਾਨ ਨਸ਼ਿਆਂ ਦੇ ਮਾੜੇ ਪ੍ਰਭਾਵ ਤੋਂ ਦੂਰ ਰਹਿ ਕੇ ਚੰਗੇ ਸਮਾਜ ਦੀ ਸਿਰ-ਜਣਾ ਕਰ ਸਕਣ ।

ਇਸ ਮੌਕੇ ਐਸ.ਪੀ.(ਆਰ) ਨਵਰੀਤ ਸਿੰਘ ਵਿਰਕ, ਐਸ.ਪੀ.ਇੰਨਵੈਸਟੀਗੇਸ਼ਨ ਅਮਨਦੀਪ ਬਰਾੜ, ਡੀ.ਐਸ.ਪੀ ਖਰੜ-2 ਧਰਮਵੀਰ ਸਿੰਘ, ਡੀ.ਐਸ.ਪੀ ਖਰੜ-1 ਰੁਪਿੰਦਰ ਕੌਰ ਸੋਹੀ ਤੋਂ ਇਲਾਵਾ ਹੋਰ ਥਾਣਿਆਂ ਦੇ ਮੁੱਖ ਅਫਸਰ ਮੌਜੂਦ ਸਨ।

# ਵਧੀਕ ਡਿਪਟੀ ਕਮਿਸ਼ਨਰ ਜਗਰਾਉਂ ਵੱਲੋਂ ਜ਼ਿਲ੍ਹੇ 'ਚ ਆਧਾਰ ਅਪਡੇਟ ਦੀ ਪ੍ਰਗਤੀ ਦਾ ਜਾਇਜ਼ਾ



ਲੁਧਿਆਣਾ, 29 ਸਤੰਬਰ (ਪੋਸਟ ਬਿਊਰੋ): ਵਧੀਕ ਡਿਪਟੀ ਕਮਿਸ਼ਨਰ ਜਗਰਾਉਂ ਦਲਜੀਤ ਕੌਰ ਵੱਲੋਂ ਜ਼ਿਲ੍ਹੇ ਵਿੱਚ ਆਧਾਰ ਅਪਡੇਟ ਦੀ ਪ੍ਰਗਤੀ ਦਾ ਜਾਇਜ਼ਾ ਲਿਆ ਅਤੇ ਲੋਕਾਂ ਨੂੰ ਅਪਡੇਟ ਦੀ ਮਹੱਤਤਾ ਬਾਰੇ ਜਾਗਰੂਕ ਕਰਦਿਆਂ ਇਸ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਦੀ ਲੋੜ 'ਤੇ ਜੋਰ ਦਿੱਤਾ।

ਵਧੀਕ ਡਿਪਟੀ ਕਮਿਸ਼ਨਰ ਵੱਲੋਂ ਸਿੱਖਿਆ ਵਿਭਾਗ, ਪੰਚਾਇਤ ਅਤੇ ਪੇਂਡੂ ਵਿਕਾਸ ਦੇ ਮੁਖੀਆਂ ਅਤੇ ਡਾਕ, ਖੁਰਾਕ ਤੇ ਸਿਵਲ ਸਪਲਾਈ ਅਤੇ ਹੋਰ ਵਿਭਾਗਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਅਧਿਕਾਰੀਆਂ ਨੂੰ ਜ਼ਿਲ੍ਹੇ ਵਿੱਚ ਆਧਾਰ ਅੱਪਡੇਟ ਕਰਨ ਵਿੱਚ ਤੇਜ਼ੀ ਲਿਆਉਣ ਲਈ ਕਿਹਾ। ਉਨ੍ਹਾਂ ਕਿਹਾ ਕਿ ਬੈਂਕਾਂ, ਡਾਕਘਰਾਂ, ਬੀ.ਐਸ.ਐਨ.ਐਲ, ਸੇਵਾ ਕੇਂਦਰਾਂ, ਸਿੱਖਿਆ ਅਤੇ ਹੋਰ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਲੋਕਾਂ ਨੂੰ ਆਧਾਰ ਵਿੱਚ ਆਪਣੇ ਵੇਰਵਿਆਂ ਨੂੰ ਅੱਪਡੇਟ ਕਰਨ ਬਾਰੇ ਜਾਣੂ ਕਰਵਾਉਣ। ਉਨ੍ਹਾਂ ਕਿਹਾ ਕਿ ਲੋਕ ਪੋਰਟਲ 'ਤੇ ਆਨਲਾਈਨ ਜਾਣਕਾਰੀ ਅਪਡੇਟ ਕਰ ਸਕਦੇ ਹਨ ਜਾਂ ਜ਼ਿਲ੍ਹੇ ਦੇ ਆਧਾਰ ਰਜਿਸਟ੍ਰੇਸ਼ਨ ਕੇਂਦਰਾਂ 'ਤੇ ਵੀ ਦਸਤਾਵੇਜ਼ ਜਮ੍ਹਾ ਕਰਵਾ ਸਕਦੇ ਹਨ।

ਵਧੀਕ ਡਿਪਟੀ ਕਮਿਸ਼ਨਰ ਦਲਜੀਤ ਕੌਰ ਨੇ ਅੱਗੇ ਕਿਹਾ ਕਿ ਪਿੰਡਾਂ, ਸਕੂਲਾਂ ਅਤੇ ਆਂਗਣਵਾੜੀ ਕੇਂਦਰਾਂ ਵਿੱਚ ਵਿਸ਼ੇਸ਼ ਕੈਂਪ ਲਗਾਏ ਜਾਣਗੇ ਤਾਂ ਜੋ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੇ ਨੌਜਵਾਨਾਂ ਦੀ ਵੱਡੀ ਗਿਣਤੀ ਵਿੱਚ ਤੇਜ਼ੀ ਨਾਲ ਕਵਰ ਕੀਤਾ ਜਾ ਸਕੇ।

ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਕੁੱਲ 223 ਆਧਾਰ ਕਿੱਟਾਂ ਉਪਲਬਧ ਹਨ, ਇਸ ਤੋਂ ਇਲਾਵਾ 26 ਡਾਕਘਰ ਅਤੇ 40 ਸੇਵਾ ਕੇਂਦਰ ਚੱਲ ਰਹੇ ਹਨ ਜਿੱਥੇ ਲੋਕ ਆਧਾਰ ਕਾਰਡ ਲਈ ਆਪਣਾ ਨਾਮ ਦਰਜ ਕਰਵਾ ਸਕਦੇ ਹਨ।

# ਝੋਨੇ ਦੀ ਪਰਾਲੀ ਨੂੰ ਅੱਗ ਲਗਾ ਕੇ ਸਾੜਣ ਨਾਲ ਹੋਣ ਵਾਲੇ ਬੁਰੇ ਪ੍ਰਭਾਵਾਂ ਬਾਰੇ ਬੱਚਿਆਂ ਦੇ ਕਰਵਾਏ ਪੇਂਟਿੰਗ ਮੁਕਾਬਲੇ



ਪਠਾਨਕੋਟ, 29 ਸਤੰਬਰ (ਪੋਸਟ ਬਿਊਰੋ): ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਡਾ. ਗੁਰਵਿੰਦਰ ਸਿੰਘ ਅਤੇ ਡਿਪਟੀ ਕਮਿਸ਼ਨਰ ਹਰਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਚਲਾਈ ਜਾ ਰਹੀ ਮੁਹਿੰਮ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫਰੀਦਾਨਗਰ ਦੇ ਬੱਚਿਆਂ ਦੇ ਭਾਸ਼ਣ ਅਤੇ ਪੇਂਟਿੰਗ ਮੁਕਾਬਲੇ ਕਰਵਾਏ ਗਏ ਜਿਸ ਵਿੱਚ

ਸਕੂਲਾਂ ਦੇ ਬੱਚਿਆਂ ਨੇ ਡੂੰਘੀ ਦਿਲਚਸਪੀ ਦਿਖਾਈ। ਡਾ. ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫਸਰ ਪਠਾਨਕੋਟ ਪ੍ਰਿੰਸੀਪਲ ਸ਼੍ਰੀ ਸਤਿ ਗੁਰੂ ਦਾਸ ਦੇ ਪ੍ਰਬੰਧਾਂ ਹੇਠ ਕਰਵਾਏ ਗਏ ਜਾਗਰੁਕਤਾ ਸਮਾਰੋਹ ਮੌਕੇ ਅਨੁਪਮ ਡੋਗਰਾ ਖੇਤੀ ਵਿਸਥਾਰ ਅਫਸਰ ਨੇ ਬੱਚਿਆਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਲਗਾ ਕੇ ਸਾੜਣ ਨਾਲ ਹੋਣ ਵਾਲੇ ਨੁਕਸਾਨ ਬਾਰੇ ਜਾਣੂ ਕੀਤਾ ।

ਝੋਨੇ ਦੀ ਪਰਾਲੀ ਸਾੜਣ ਨਾਲ ਹੋਣ ਵਾਲੇ ਨੁਕਸਾਨ ਅਤੇ ਸਾਂਭ ਸੰਭਾਲ ਬਾਰੇ ਬੱਚਿਆਂ ਨੂੰ ਜਾਗਰੁਕ ਕਰਦਿਆਂ ਅਨੁਪਮ ਡੋਗਰਾ ਨੇ ਕਿਹਾ ਕਿ ਪਰਾਲੀ ਨੂੰ ਅੱਗ ਲੱਗਣ ਨਾਲ ਪੈਦਾ ਹੋਈਆ ਜ਼ਹਿਰੀਲੀਆ ਗੈਸਾਂ ਨਾਲ ਬੱਚਿਆਂ ,ਬਜੁਰਗਾਂ ਅਤੇ ਗਰਭਵਤੀ ਔਰਤਾਂ ਦੀ ਸਿਹਤ ਤੇ ਸਭ ਤੋਂ ਮਾੜਾ ਪ੍ਰਭਾਵ ਪੈਂਦਾ ਹੈ। ਉਨਾਂ ਕਿਹਾ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਇੱਕ ਟਨ ਪਰਾਲੀ ਸਾੜਣ ਨਾਲ 400 ਕਿਲੋ ਜੈਵਿਕ ਕਾਰਬਨ,5.5 ਕਿਲੋ ਨਾਈਟ੍ਰੋਜਨ,2.3 ਕਿਲੋ ਫਾਸਫੋਰਸ,25 ਕਿਲੋ ਪੋਟਾਸ਼,1.2 ਕਿਲੋ ਸਲਫਰ ਅਤੇ ਮਿੱਟੀ ਵਿਚਲੇ ਲਘੂ ਜੀਵਾਂ ਦਾ ਬਹੁਤ ਨੁਕਸਾਨ ਹੁੰਦਾ ਹੈ। ਪ੍ਰਿੰਸੀਪਲ ਸਤ ਗੁਰੂ ਦਾਸ ਨੇ ਕਿਹਾ ਕਿ ਵਾਤਾਵਰਣ ਦੀ ਸੁੱਧਤਾ ਲਈ ਝੋਨੇ ਦੀ ਪਰਾਲੀ ਨੂੰ ਅੱਗ ਲਗਾ ਨਹੀਂ ਸਾੜਣਾ ਚਾਹੀਦਾ ਸਗੋਂ ਖੇਤਾਂ ਵਿੱਚ ਵਾਹ ਕੇ ਹੀ ਕਣਕ ਦੀ ਬਿਜਾਈ ਕਰਨੀ ਚਾਹੀਦੀ ਹੈ। ਉਨਾਂ ਕਿਹਾ ਕਿ ਇਸ ਤਰਾਂ ਕਰਨ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵਿੱਚ ਵਾਧਾ ਹੁੰਦਾ ਹੈ ਅਤੇ ਵਾਤਾਵਰਣ ਵੀ ਪ੍ਰਦੂਸ਼ਣ ਨਹੀਂ ਹੁੰਦਾ। ਉਨਾਂ ਬੱਚਿਆਂ ਨੂੰ ਅਪੀਲ ਕੀਤੀ ਕਿ ਪਿੰਡਾਂ ਵਿੱਚ ਆਪਣੇ ਮਾਪਿਆਂ, ਆਢੀਆਂ ਗੁਆਂਢੀਆਂ, ਰਿਸ਼ਤੇਦਾਰਾਂ ਨੂੰ ਝੋਨੇ ਦੀ ਪਰਾਲੀ ਨਾਂ ਸਾੜਣ ਬਾਰੇ ਪ੍ਰੇਰਿਤ ਕਰਨ। ਪ੍ਰਿੰਸੀਪਲ ਮੀਨਮ ਸ਼ਿਖਾ ਨੇ ਵੀ ਬੱਚਿਆਂ ਨੂੰ ਝੋਨੇ ਦੀ ਪਰਾਲੀ ਨਾਲ ਹੋਣ ਵਾਲੇ ਨੁਕਸਾਨ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਬੱਚਿਆਂ ਦੇ ਭਾਸ਼ਣ,ਲੇਖ ਅਤੇ ਪੋਸਟਰ ਮੁਕਾਬਲੇ ਕਰਵਾਏ ਗਏ ਜਿਨਾਂ ਵਿੱਚ ਪਹਿਲੇ,ਦੂਜੇ ਅਤੇ ਤੀਜੇ ਸਥਾਨ ਤੇ ਆਏ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜ਼ਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਕੀ ਤੁਸੀਂ ਕਰਜ਼ੇ ਵਿੱਚ ਹੋ?
ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?
BOOK YOUR FREE CONSULTATION
ਹੁਣ ਘਬਰਾਉਣ ਦੀ ਜ਼ਰੂਰਤ ਨਹੀਂ ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ
ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382
-Collection Calls -Personal Taxes -GST/HST
-Credit Card Debts -Personal Loans -Pay Day Loans -Student Loans
-Wage Garnishment -Writ on your property -Frozen Bank Accounts
CONTACT US: Goma Sandhu (416)-731-6382 gomasandhu@hotmail.com
WE HELP... -Save your Assets -Avoid Bankruptcy -Small monthly payments -Rebuild your credit
YOUR DEBT $ MY SOLUTION

We are looking for:
* General Labours,
* Forklift Operators,
* Window assemblers,
*Production Line Workers,
* Machine Operators,
* AZ Driver, Shippers/Receivers Packagers
WE ARE HIRING
Must be eligible to work in Canada& communication in English
Please call us: 416-514-0733

ਪਲਾਟ ਵਿਕਾਊ
ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।
ਫੋਨ ਨੰਬਰ 917837596119
647-760-2769

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

ਕੇਅਰ ਗਿਵਰ ਦੀ ਲੋੜ
ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। 'PR' ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
204-333-9000, 416-818-3777

Visions of Punjab
VISION ZOOMERTV
Airs Across Canada Every Saturday 1:00 pm to 1:30 pm EST 10:00 am to 10:30 am PST
Mahal Entertainment Inc.
Cell:416-587-5520 Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

You can Place Your Business Here
(905)793-2202
To Reach Wider Audience
For more info Call 905-793-2202 or e-mail ads@punjabipost.ca

STARLANE PAINTING
Residential • Commercial • Industrial
• Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

# ਫ਼ਿਲਮੀ ਦੁਨੀਆ

## ਆਲੀਆ ਆਪਣੀ ਡੈਬਿਊ ਹਾਲੀਵੁੱਡ ਫ਼ਿਲਮ ਵਿਚ ਦਿਸੇਗੀ ਐਕਸ਼ਨ ਵਿਚ



ਸਾਲ 2022 ਆਲੀਆ ਭੱਟ ਲਈ ਬਹੁਤ ਖ਼ਾਸ ਹੈ। ਇਨ੍ਹੀਂ ਦਿਨੀਂ ਉਹ ਬਾਕਸ ਆਫਿਸ 'ਤੇ ਆਪਣੀ ਫ਼ਿਲਮ 'ਬ੍ਰਹਮਾਸਤਰ' ਦੀ ਸ਼ਾਨਦਾਰ ਸਫ਼ਲਤਾ ਦਾ ਜਸ਼ਨ ਮਨਾ ਰਹੀ ਹੈ। ਹੁਣ ਆਲੀਆ ਭੱਟ ਦੀ ਹਾਲੀਵੁੱਡ ਡੈਬਿਊ ਫ਼ਿਲਮ 'ਹਾਰਟ ਆਫ ਸਟੋਨ' ਤੋਂ ਉਸ ਦੀ ਪਹਿਲੀ ਝਲਕ ਸਾਹਮਣੇ ਆਈ ਹੈ, ਜਿਸ 'ਚ ਅਦਾਕਾਰਾ ਗੈਲ ਗਡੋਟ ਅਤੇ ਜੈਮੀ ਡੋਰਨਨ ਨਾਲ ਐਕਸ਼ਨ ਮੋਡ 'ਚ ਨਜ਼ਰ ਆ ਰਹੀ ਹੈ।

ਆਲੀਆ ਭੱਟ ਨੇ ਇੰਸਟਾਗ੍ਰਾਮ 'ਤੇ 'ਹਾਰਟ ਆਫ ਸਟੋਨ' ਦੀ ਆਪਣੀ ਪਹਿਲੀ ਵੀਡੀਓ ਸ਼ੇਅਰ ਕੀਤੀ ਹੈ। ਇਸ ਫਰਸਟ ਲੁੱਕ 'ਚ ਜੈਮੀ ਡੋਰਨਨ ਨਾਲ ਆਲੀਆ ਭੱਟ ਵੀ ਅਹਿਮ ਭੂਮਿਕਾ 'ਚ ਨਜ਼ਰ ਆ ਰਹੀ ਹੈ, ਜਿਸ ਨੂੰ ਲੈ ਕੇ ਪ੍ਰਸ਼ੰਸਕ ਕਾਫ਼ੀ ਉਤਸ਼ਾਹਿਤ ਹਨ। ਟੀਜ਼ਰ 'ਚ ਗਾਲ ਗਡੋਟ ਨੂੰ ਇਹ ਕਹਿੰਦੇ ਹੋਏ ਸੁਣਿਆ ਜਾ ਸਕਦਾ ਹੈ ਕਿ 'ਹਾਰਟ ਆਫ ਸਟੋਨ' ਇੱਕ ਵੱਡਾ ਪ੍ਰੋਜੈਕਟ ਹੈ ਅਤੇ ਇਹ ਸੁਪਰ ਗਰਾਊਂਡਡ, ਰਾਅ ਐਕਸ਼ਨ ਹੈ।

ਇਸ ਦੇ ਨਾਲ ਹੀ ਹਾਰਟ ਆਫ ਸਟੋਨ ਦੇ ਇਸ ਪਹਿਲੇ ਲੁੱਕ 'ਚ ਜ਼ਬਰਦਸਤ ਐਕਸ਼ਨ ਦੇ ਨਾਲ ਕੁਝ ਪਰਦੇ ਦੇ ਪਿੱਛੇ ਦੇ ਦ੍ਰਿਸ਼ ਵੀ ਦਿਖਾਏ ਗਏ ਹਨ। ਉਹ ਸ਼ੇਅਰ ਕਰਦੀ ਹੈ, ਫ਼ਿਲਮ 'ਚ ਅਜਿਹੇ ਕਿਰਦਾਰ ਹਨ, ਜਿਨ੍ਹਾਂ ਨਾਲ ਤੁਸੀਂ ਆਪਣੇ-ਆਪ ਨੂੰ ਜੁੜੇ ਮਹਿਸੂਸ ਕਰੋਗੇ। ਨਾਲ ਹੀ ਫਰਸਟ ਲੁੱਕ ਵੀਡੀਓ ਦੇਖਣ ਤੋਂ ਬਾਅਦ ਪਤਾ ਚੱਲਦਾ ਹੈ ਕਿ ਇਸ ਫ਼ਿਲਮ 'ਚ ਆਲੀਆ ਭੱਟ ਕਿਆ ਧਵਨ ਦਾ ਕਿਰਦਾਰ ਨਿਭਾਅ ਰਹੀ ਹੈ। ਆਲੀਆ ਭੱਟ ਦੀ ਹਾਲੀਵੁੱਡ ਡੈਬਿਊ ਫ਼ਿਲਮ 'ਕੀ ਟੁਡਮ : ਏ ਨੈੱਟਫਲਿਕਸ ਗਲੋਬਲ ਫੈਨ ਈਵੈਂਟ' ਦਾ ਟੀਜ਼ਰ ਰਿਲੀਜ਼ ਹੋ ਗਿਆ ਹੈ।

## ਨਾ ਡਾਂਸ ਆਉਂਦਾ ਸੀ, ਨਾ ਹਿੰਦੀ ਬੋਲਣੀ : ਅਲਾਇਆ ਐੱਫ਼



ਅਲਾਇਆ ਐੱਫ. ਨੂੰ ਆਪਣੀ ਅਗਲੀ ਫ਼ਿਲਮ 'ਫ੍ਰੇਡੀ' ਦੀ ਰਿਲੀਜ਼ ਦਾ ਬੇਸਬਰੀ ਨਾਲ ਇੰਤਜ਼ਾਰ ਹੈ, ਜਿਸ 'ਚ ਉਹ ਕਾਰਤਿਕ ਆਰਿਅਨ ਦੇ ਨਾਲ ਨਜ਼ਰ ਆਵੇਗੀ। ਹਾਲ ਹੀ 'ਚ ਅਦਾਕਾਰਾ ਨੇ ਉਨ੍ਹਾਂ ਦਿਨਾਂ ਦੇ ਬਾਰੇ ਵਿਚ ਗੱਲ ਕੀਤੀ ਜਦੋਂ ਉਸਦੀ ਜ਼ਿੰਦਗੀ ਵਿਚ 'ਚੀਜ਼ਾਂ ਬਹੁਤ ਚੰਗੀਆਂ ਨਹੀਂ ਚੱਲ ਰਹੀਆਂ ਸਨ। ਪੂਜਾ ਬੇਦੀ ਦੀ ਇਸ ਧੀ ਨੇ ਸਾਲ 2020 'ਚ ਸੈਫ਼ ਅਲੀ ਖ਼ਾਨ-ਸਟਾਰਰ 'ਜਵਾਨੀ ਜਾਨੇਮਨ' ਦੇ ਨਾਲ ਸ਼ੁਰੂਆਤ ਕੀਤੀ ਸੀ। ਅਲਾਇਆ ਨੇ ਹਾਲ ਹੀ 'ਚ ਦੱਸਿਆ ਕਿ ਅਭਿਨੈ ਇਕ ਅਜਿਹਾ ਕਰੀਅਰ ਨਹੀਂ ਸੀ, ਜਿਸ ਨੂੰ ਉਹ ਸ਼ੁਰੂ 'ਚ ਅੱਗੇ ਵਧਾਉਣਾ ਚਾਹੁੰਦੀ ਸੀ, ਇਸ ਦੀ ਥਾਂ ਉਹ ਇਕ ਫ਼ਿਲਮ ਨਿਰਦੇਸ਼ਕ ਬਣਨਾ ਚਾਹੁੰਦੀ ਸੀ।

ਫ਼ਿਲਮਾਂ 'ਚ ਆਉਣ ਤੋਂ ਪਹਿਲਾਂ ਅਲਾਇਆ ਨੇ ਨਿਊਯਾਰਕ ਫ਼ਿਲਮ ਅਕਾਦਮੀ 'ਚ ਅਭਿਨੈ 'ਚ ਡਿਪਲੋਮਾ ਹਾਸਲ ਕੀਤਾ। ਉਸ ਨੇ ਦੱਸਿਆਂ ਕਿ ਜਦੋਂ ਉਸਦੇ ਆਸ-ਪਾਸ ਦੇ ਸਾਰੇ ਲੋਕ ਉਸ ਨੂੰ ਕਹਿੰਦੇ ਰਹਿੰਦੇ ਸਨ ਕਿ ਉਹ ਇਕ ਦਿਨ ਅਦਾਕਾਰਾ ਬਣੇਗੀ, ਤਾਂ ਉਸ ਨੂੰ ਉਨ੍ਹਾਂ 'ਤੇ ਯਕੀਨ ਨਹੀਂ ਹੁੰਦਾ ਸੀ।

ਅਲਾਇਆ ਨੇ ਇਕ ਇੰਟਰਵਿਊ 'ਚ ਕਿਹਾ, ''ਹਰ ਕੋਈ ਮੈਨੂੰ ਕਹਿੰਦਾ ਕਿ 'ਕੁਝ ਹੋਰ ਨਹੀਂ ਹੋਵੇਗਾ, ਇਹ ਤਾਂ ਅਦਾਕਾਰਾ ਹੀ ਬਣ ਜਾਏਗੀ।' ਮੈਂ ਸਕੂਲ 'ਚ ਕਾਫ਼ੀ ਚੰਗੀ ਸੀ, ਮੈਂ ਪਾਰਟੀ ਕਰਨ ਲਈ ਬਾਹਰ ਜਾਂਦੀ ਸੀ, ਇੰਨਾ ਹੀ ਨਹੀਂ ਪੜ੍ਹਦੀ ਸੀ ਪਰ ਮੇਰੇ ਗ੍ਰੇਡ ਹਮੇਸ਼ਾ ਚੰਗੇ ਸਨ। ਮੈਂ ਅਸਲ 'ਚ ਜੋ ਕਰਨਾ ਚਾਹੁੰਦੀ ਹਾਂ ਉਹ ਕਰ ਸਕਦੀ ਹਾਂ, ਲੋਕ ਮੈਨੂੰ ਘੱਟ ਕਰਕੇ ਸਮਝਦੇ ਹਨ। ਇਸ ਲਈ ਮੈਂ ਸਾਰਿਆਂ ਨੂੰ ਇਹ ਸਾਬਤ ਕਰਨਾ ਚਾਹੁੰਦੀ ਸੀ ਕਿ ਮੈਂ ਜੋ ਵੀ ਚਾਹਾਂ ਉਹ ਕਰ ਸਕਦੀ ਹਾਂ, ਮੈਂ ਇਕ ਨਿਰਦੇਸ਼ਕ ਬਣਾਂਗੀ, ਮੈਨੂੰ ਹੁਣ ਵੀ ਫ਼ਿਲਮਾਂ ਪਸੰਦ ਹਨ।''

ਇਹ ਪੁੱਛੇ ਜਾਣ 'ਤੇ ਕਿ ਕੀ ਉਸ ਦੀ ਮਾਂ ਅਦਾਕਾਰਾ ਪੂਜਾ ਬੇਦੀ ਅਤੇ ਦਾਦਾ, ਅਦਾਕਾਰ ਅਤੇ ਲੇਖਕ ਕਬੀਰ ਬੇਦੀ ਨੇ ਕਦੇ ਉਸ ਨੂੰ ਅਦਾਕਾਰਾ ਬਨਣ ਲਈ ਕਿਹਾ, ਇਸ 'ਤੇ ਉਸਨੇ ਕਿਹਾ, ''ਨਹੀਂ, ਮੈਂ ਅਦਾਕਾਰਾ ਬਣਨ ਦੇ ਬਹੁਤ ਖਿਲਾਫ਼ ਸੀ, ਇਸ ਲਈ ਉਹ ਕਹਿੰਦੇ ਸਨ- ਠੀਕ ਹੈ, ਅਦਾਕ-ਾਰਾ ਨਾ ਬਣੋ। ਅਸਲ 'ਚ ਜੇਕਰ ਉਨ੍ਹਾਂ ਨੂੰ ਮੈਨੂੰ ਸਲਾਹ ਦੇਣੀ ਹੁੰਦੀ, ਤਾਂ ਉਹ ਮੈਨੂੰ ਅਦਾਕਾਰਾ ਨਾ ਬਣਨ ਲਈ ਕਹਿੰਦੇ।''

ਇਹ ਪੁੱਛੇ ਜਾਣ 'ਤੇ ਕਿ ਉਸ ਨੂੰ ਕਿਉਂ ਅਜਿਹਾ ਲੱਗਦਾ ਹੈ ਤਾਂ ਅਲਾਇਆ ਐੱਫ਼ ਨੇ ਕਿਹਾ ਕਿ ਅਜਿਹਾ ਇਸ ਲਈ ਸੀ ਕਿਉਂਕਿ ਉਹ ਡਾਂਸ ਨਹੀਂ ਕਰ ਸਕਦੀ ਸੀ ਅਤੇ ਨਾ ਹੀ ਹਿੰਦੀ 'ਚ ਗੱਲ ਨਹੀਂ ਕਰ ਸਕਦੀ ਸੀ। ਉਸਨੇ ਕਿਹਾ, ''ਮੈਂ ਕਾਫ਼ੀ ਮਿਹਨਤ ਨਾਲ ਖੁਦ ਨੂੰ ਇਸ ਲਈ ਤਿਆਰ ਕੀਤਾ। ਮੈਂ ਇਕ ਭਿਆਨਕ ਡਾਂਸਰ ਸੀ, ਆਪਣੇ ਪੂਰੇ ਜੀਵਨ 'ਚ ਮੈਂ ਘਰ 'ਚ ਸਿਰਫ਼ ਅੰਗਰੇਜ਼ੀ ਬੋਲੀ ਹੈ, ਅਸੀਂ ਸਾਰੇ ਅੰਗਰੇਜ਼ੀ 'ਚ ਗੱਲ ਕਰਦੇ ਹਾਂ। ਮੈਂ ਹਿੰਦੀ 'ਚ ਗੱਲ ਨਹੀਂ ਕਰ ਸਕਦੀ ਸੀ, ਅਸਲ 'ਚ ਮੈਂ ਬਾਲੀਵੁੱਡ ਦੀ ਇੰਨੀ ਸ਼ੌਕੀਨ ਵੀ ਨਹੀਂ ਸੀ। ਪਰ ਮੈਂ ਅਜਿਹੀ ਹਾਂ ਕਿ ਜੇਕਰ ਕਿਸੇ ਚੀਜ਼ 'ਤੇ ਆਪਣਾ ਦਿਮਾਗ ਲਗਾਉਂਦੀ ਹਾਂ ਤਾਂ ਮਰਦੇ ਦਮ ਤੱਕ ਉਸ ਨੂੰ ਕਰਾਂਗੀ। ਮੈਂ ਅਜਿਹੀ ਹਾਂ, ਇਹ ਮੇਰੀ ਆਦਤ ਹੈ।''

ਆਲਿਆ ਨੂੰ ਉਸਦੀ ਪਹਿਲੀ ਫ਼ਿਲਮ 'ਚ ਉਸ ਦੇ ਪ੍ਰਦਰਸ਼ਨ ਲਈ ਗਰਮਜੋਸ਼ੀ ਨਾਲ ਰਿਸਪਾਂਸ ਮਿ-ਲਆ। ਹਾਲਾਂਕਿ ਇਸਦੇ ਬਾਅਦ ਉਹ ਕਿਸੇ ਵੀ ਪ੍ਰਾਜੈਕਟ 'ਚ ਨਜ਼ਰ ਨਹੀਂ ਆਈ। ਜਦੋਂ ਚੀਜ਼ਾਂ ਬਹੁਤ ਚੰਗੀਆਂ ਨਹੀਂ ਚੱਲ ਰਹੀਆਂ ਸਨ, ਉਸ ਸਮੇਂ ਬਾਰੇ ਉਸ ਨੇ ਕਿਹਾ, ''ਮੈਂ ਅਜੇ ਵੀ ਸਖ਼ਤ ਮਿਹਨਤ ਕਰਦੀ ਹਾਂ, ਪਰ ਉਨ੍ਹਾਂ ਦੋ ਸਾਲਾਂ 'ਚ ਮੈਂ ਕੀ ਕੀਤਾ, ਮੈਨੂੰ ਹੁਣ ਵੀ ਨਹੀਂ ਪਤਾ ਕਿ ਮੈਂ ਇਹ ਕਿਵੇਂ ਕੀਤਾ। ਜਦੋਂ ਚੀਜ਼ਾਂ ਬਹੁਤ ਚੰਗੀਆਂ ਨਹੀਂ ਚੱਲ ਰਹੀਆਂ ਹੋਣ ਤਾਂ ਮਿਹਨਤੀ ਹੋਣਾ ਬਹੁਤ ਮੁਸ਼ਕਿਲ ਹੈ।''

## ਪਸੰਦੀਦਾ ਭੂਮਿਕਾਵਾਂ ਮਿਲ ਰਹੀਆਂ : ਸਬਾ ਆਜ਼ਾਦ



ਸਬਾ ਆਜ਼ਾਦ ਸਟਾਰਰ ਵੈੱਬ ਸੀਰੀਜ਼ 'ਰਾਕੇਟ ਬੋਆਏਜ਼' ਦਾ ਪ੍ਰੀਮੀਅਰ ਇਸ ਸਾਲ ਦੀ ਸ਼ੁਰੂਆਤ 'ਚ ਸੋਨੀ ਲਿਵ 'ਤੇ ਹੋਇਆ ਸੀ। ਸ਼ੋਅ ਨੂੰ ਆਲੋਚਕਾਂ ਅਤੇ ਪ੍ਰਸ਼ੰਸਕਾਂ ਦੋਵਾਂ ਨੇ ਖ਼ੂਬ ਪਸੰਦ ਕੀਤਾ। ਸੀਜ਼ਨ 1 'ਚ ਪਰਵਾਨਾ ਇਰਾਨੀ (ਪਿਪਸੀ) ਦੀ ਭੂਮਿਕਾ ਨਿਭਾਉਣ ਵਾਲੀ ਸਬਾ 'ਰਾਕੇਟ ਬੋਆਏਜ਼ 2' 'ਚ ਵੀ ਦਿਖਾਈ ਦੇਵੇਗੀ। ਸਬਾ ਨੇ ਕਿਹਾ ਕਿ ਅਭਿਨੈ ਤੋਂ ਇਲਾਵਾ ਉਹ ਇਕ ਦਿਨ ਖ਼ੁਦ ਹੀ ਫ਼ਿਲਮਾਂ ਨਿਰਦੇਸ਼ਿਤ ਕਰਨ ਅਤੇ ਬਣਾਉਣ ਦੀ ਆਸ ਕਰਦੀ ਹੈ। ਉਹ ਆਪਣੇ ਕਰੀਅਰ ਦੀ 'ਅਜੇ ਸ਼ੁਰੂਆਤ' ਕਰ ਰਹੀ ਹੈ ਅਤੇ ਇਸ ਜੀਵਨ ਨੂੰ ਆਪਣੇ ਲਈ ਬਣਾਉਣ ਲਈ ਉਸ ਨੇ ਸਖ਼ਤ ਮਿਹਨਤ ਕੀਤੀ ਹੈ।

ਅਭਿਨੈ ਦੇ ਇਲਾਵਾ ਸਬਾ ਕੋਲ ਪਹਿਲਾਂ ਤੋਂ ਹੀ 3 ਬਦਲਵੇਂ ਕਰੀਅਰ ਹਨ ਪਰ ਉਹ ਉਹ ਦੱਸਦੀ ਹੈ ਕਿ ''ਮੈਂ ਇਕ ਸੰਗੀਤਕਾਰ ਹਾਂ, ਮੇਰਾ ਆਪਣਾ ਇਕ ਬੈਂਡ ਹੈ, ਮੈਂ ਇਕ ਪਲੇਅਬੈਕ ਸਿੰਗਰ ਅਤੇ ਇਕ ਵਾਇਸ-ਓਵਰ ਕਲਾਕਾਰ ਹਾਂ। ਮੈਂ ਕੁਝ ਸਮੇਂ ਲਈ ਬੇਂਗਲੁਰੂ 'ਚ ਇਕ ਬਾਰ ਅਤੇ ਹੋਟਲ ਚਲਾਉਂਦੀ ਸੀ ਅਤੇ ਉਸ ਦੀ ਮਾਲਕਣ ਸੀ।''

ਸਬਾ ਸਿੱਖਿਆ ਮਾਹਿਰਾਂ ਅਤੇ ਕਲਾਕਾਰਾਂ ਦੇ ਪਰਿਵਾਰ ਨਾਲ ਸਬੰਧ ਰੱਖਦੀ ਹੈ, ਇਸ ਲਈ ਇਸ 'ਚ ਕੋਈ ਹੈਰਾਨੀ ਨਹੀਂ ਕਿ ਉਸ ਨੇ ਆਪਣੇ ਮੰਚ ਦਾ ਨਾਂ ਆਪਣੀ ਦਾਦੀ ਦੇ ਉਪ ਨਾਂ (ਤਖ਼ੱਲੁਸ) 'ਤੇ ਰੱਖਿਆ ਹੈ। ਉਸ ਦੇ ਨਾਂ ਦੇ ਬਾਰੇ 'ਚ ਪੁੱਛੇ ਜਾਣ 'ਤੇ ਗਾਇਕਾ,ਅਭਿਨੇਤਰੀ ਜਿਸ ਦਾ ਜਨਮ ਤੋਂ ਨਾਂ ਸਬਾ ਗਰੇਵਾਲ ਹੈ।ਸਬਾ ਨੇ ਦੱਸਿਆ ਕਿ ਉਸ ਨੇ ਆਪਣੇ ਨਾਨੀ ਦੀ 'ਇਜਾਜ਼ਤ ਨਾਲ ਇਸ ਨੂੰ ਅਪਣ-ਾਇਆ'।

ਸਬਾ ਨੇ ਕਿਹਾ,''ਆਜ਼ਾਦ ਮੇਰੀ ਨਾਨੀ ਦਾ ਉਪ ਨਾਂ ਸੀ। ਮੈਨੂੰ ਇਸ ਦੇ ਸੁਰ ਅਤੇ ਵਿਸ਼ੇ ਵਸਤੂ ਦਾ ਅਰਥ ਪਸੰਦ ਆਇਆ। ਆਜ਼ਾਦੀ ਦੀ ਇੱਛਾ ਇਕ ਮਨੁੱਖੀ ਪ੍ਰਵਿਰਤੀ ਹੈ। ਇਸ ਲਈ (ਉਨ੍ਹਾਂ ਦੀ ਇਜਾਜ਼ਤ ਨਾਲ) ਮੈਂ ਇਸ ਨੂੰ ਆਪਣੇ ਮੰਚ ਦੇ ਨਾਂ ਦੇ ਰੂਪ 'ਚ ਅਪਣਾਇਆ।''

ਇਹ ਪੁੱਛੇ ਜਾਣ 'ਤੇ ਕਿ ਉਸ ਦਾ ਪਰਿਵਾਰ ਉਸ ਦੀ ਪ੍ਰਸਿੱਧੀ 'ਤੇ ਕਿਵੇਂ ਪ੍ਰਤੀਕਿਰਿਆ ਦਿੰਦਾ ਹੈ, ਸਬਾ ਨੇ ਕਿਹਾ,''ਮੇਰਾ ਪਰਿਵਾਰ ਇਮਾਨਦਾਰੀ, ਸਖ਼ਤ ਮਿਹਨਤ ਅਤੇ ਆਜ਼ਾਦੀ ਵਰਗੀਆਂ ਚੀਜ਼ਾਂ 'ਚ ਵੱਧ ਦਿਲਚਸਪੀ ਰੱਖਦਾ ਹੈ। ਪ੍ਰਸਿੱਧੀ ਨੂੰ ਘਰ 'ਚ ਕਿਸੇ ਵੀ ਤਰ੍ਹਾਂ ਦੇ ਗੁਣ ਦੇ ਰੂਪ 'ਚ ਨਹੀਂ ਦੇਖਿਆ ਜਾਂਦਾ। ਇਹ ਕਹਿਣਾ ਸਹੀ ਹੋਵੇਗਾ ਕਿ ਉਹ ਇਸ ਤੋਂ ਗੈਰ-ਪ੍ਰਭਾਵਿਤ ਹੈ।''

ਸਬਾ ਲਈ ਸੰਗੀਤ ਹੁਣ ਤੱਕ ਦਾ ਇਕ ਸੁਖਦਾਇਕ ਸਫ਼ਰ ਰਿਹਾ ਹੈ। ਜਿਥੋਂ ਤੱਕ ਅਭਿਨੈ ਦੀ ਗੱਲ ਹੈ, ਉਸ ਨੇ ਕਿਹਾ ਕਿ ਉਹ ਆਖ਼ਰਿਕਾਰ ਕਹਿ ਸਕਦੀ ਹੈ ਕਿ ਉਸ ਨੂੰ ਉਸ ਤਰ੍ਹਾਂ ਦੀਆਂ ਭੂਮਿਕਾਵਾਂ ਮਿਲ ਰਹੀਆਂ ਹਨ, ਜਿਸ ਤਰ੍ਹਾਂ ਦੀਆਂ ਉਹ ਚਾਹੁੰਦੀ ਹੈ, ਉਸ ਦੇ ਲਈ ਉਹ ਧੰਨਵਾਦੀ ਹੈ।

ਇਹ ਪੁੱਛੇ ਜਾਣ 'ਤੇ ਕਿ ਉਸ ਦੀ ਕਿਹੜੀ ਭੂਮਿਕਾ ਉਸ ਨੂੰ ਸਭ ਤੋਂ ਸੰਤੋਖਜਨਕ ਲੱਗੀ, ਸਬਾ ਨੇ ਕਿਹਾ,''ਇਹ ਇਸਮਤ ਚੁਗਤਾਈ ਦਾ ਇਕ ਮੋਨੋਲਾਗ ਹੈ ਜੋ ਮੈਂ ਧਰਤੀ ਉਤਸਵ 2019 ਦੇ ਉਦਘਾਟਨ ਲਈ ਕੀਤਾ ਸੀ। ਮੈਨੂੰ ਕਈ ਕਿਰਦਾਰ ਨਿਭਾਉਣ ਨੂੰ ਮਿਲੇ ਅਤੇ ਇਹ ਹੁਣ ਤਕ ਮੇਰਾ ਸਭ ਤੋਂ ਤਸੱਲੀਬਖਸ਼ ਅਭਿਨੈ ਅਨੁਭਵ ਰਿਹਾ ਹੈ।'' ਸਬਾ ਨੂੰ ਲੱਗਦਾ ਹੈ ਕਿ ਤੁਸੀਂ ਜੋ ਕਰਦੇ ਹੋ, ਜੇਕਰ ਉਸ ਨੂੰ ਪਿਆਰ ਕਰਦੇ ਹੋ ਅਤੇ ਕੰਮ ਤੇ ਜ਼ਿੰਦਗੀ ਦਰਮਿਆਨ ਸੰਤੁਲਨ ਬਣਾਉਣਾ ਜਾਣਦੇ ਹੋ ਤਾਂ ਤੁਸੀਂ ਮਨੋਰੰਜਨ ਉਦਯੋਗ ਦੀ ਤੇਜ਼ ਰਫ਼ਤਾਰ ਨਾਲ ਅੱਗੇ ਵੱਧ ਸਕਦੇ ਹੋ।

## ਆਮਿਰ ਖ਼ਾਨ ਦੀ ਅਗਲੀ ਫ਼ਿਲਮ ਵੀ ਹੋਵੇਗੀ ਰੀਮੇਕ



ਮੁੰਬਈ (ਬਿਊਰੋ) ਆਮਿਰ ਖ਼ਾਨ ਵੀ ਰੀਮੇਕ ਕਿੰਗ ਬਣਦੇ ਨਜ਼ਰ ਆ ਰਹੇ ਹਨ। ਆਮਿਰ ਖ਼ਾਨ ਦੀ ਹਾਲ ਹੀ 'ਚ ਰਿਲੀਜ਼ ਫ਼ਿਲਮ 'ਲਾਲ ਸਿੰਘ ਚੱਢਾ' ਹਾਲੀਵੁੱਡ ਫ਼ਿਲਮ 'ਦਿ ਫਾਰੇਸਟ ਗੰਪ' ਦੀ ਅਧਿਕਾਰਕ ਰੀਮੇਕ ਸੀ। 180 ਕਰੋੜ ਰੁਪਏ ਦੇ ਬਜਟ 'ਚ ਬਣੀ ਇਹ ਫ਼ਿਲਮ ਬਾਕਸ ਆਫਿਸ 'ਤੇ ਬੁਰੀ ਤਰ੍ਹਾਂ ਫਲਾਪ ਰਹੀ ਤੇ ਲਗਭਗ 70 ਕਰੋੜ ਰੁਪਏ ਹੀ ਕਮਾ ਸਕੀ ਸੀ।

ਹੁਣ ਆਮਿਰ ਖ਼ਾਨ ਇਕ ਹੋਰ ਵਿਦੇਸ਼ੀ ਫ਼ਿਲਮ ਦੀ ਰੀਮੇਕ ਬਣਾਉਣ ਦੀ ਰਾਹ 'ਤੇ ਤੁਰ ਪਏ ਹਨ। ਆਮਿਰ ਖ਼ਾਨ ਦੀ ਅਗਲੀ ਫ਼ਿਲਮ ਦੀ ਸ਼ੂਟਿੰਗ 2023 ਤੋਂ ਸ਼ੁਰੂ ਹੋਣ ਜਾ ਰਹੀ ਹੈ। ਆਮਿਰ ਖ਼ਾਨ ਹੁਣ ਮਸ਼ਹੂਰ ਵਿਦੇਸ਼ੀ ਫ਼ਿਲਮਾਂ ਦੇ ਰੀਮੇਕ ਬਣਾ ਕੇ ਹੀ ਅੱਗੇ ਵਧਣਾ ਚਾਹੁੰਦੇ ਹਨ। ਮੀਡੀਆ ਰਿਪੋਰਟ ਮੁਤਾਬਕ ਆਮਿਰ ਖ਼ਾਨ ਦੀ ਅਗਲੀ ਫ਼ਿਲਮ ਸਪੈਨਿਸ਼ ਫ਼ਿਲਮ 'ਕੈਂਪੀਓਨਜ਼' ਦੀ ਰੀਮੇਕ ਹੋਵੇਗੀ। ਇਸ ਫ਼ਿਲਮ ਨੂੰ 'ਸ਼ੁਭ ਮੰਗਲ ਸਾਵਧਾਨ' ਦੇ ਡਾਇਰੈਕਟਰ ਆਰ. ਐੱਸ. ਪ੍ਰਸੰਨਾ ਡਾਇਰੈਕਟ ਕਰਨਗੇ ਤੇ ਇਹ ਵੀ ਕਿਹਾ ਜਾ ਰਿਹਾ ਹੈ ਕਿ ਫ਼ਿਲਮ ਲਈ ਅਨੁਸ਼ਕਾ ਸ਼ਰਮਾ ਨੂੰ ਅਪ੍ਰੋਚ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਅਨੁਸ਼ਕਾ ਸ਼ਰਮਾ ਤੇ ਆਮਿਰ ਖ਼ਾਨ ਦੀ ਜੋੜੀ 'ਪੀਕੇ' 'ਚ ਵੀ ਨਜ਼ਰ ਆ ਚੁੱਕੀ ਹੈ। ਪੀਪਿੰਗ ਮੂਨ ਦੀ ਰਿਪੋਰਟ ਮੁਤਾਬਕ ਨਿਰਮਾਤਾਵਾਂ ਨੇ ਫ਼ਿਲਮ ਦੇ ਪ੍ਰੀ-ਪ੍ਰੋਡਕਸ਼ਨ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਕਿਹਾ ਜਾ ਰਿਹਾ ਹੈ ਕਿ ਫ਼ਿਲਮ ਲਈ 6 ਮਹੀਨੇ ਦਾ ਸ਼ੈਡਿਊਲ ਰਹਿਣ ਵਾਲਾ ਹੈ। ਫ਼ਿਲਮ ਨੂੰ ਸੋਨੀ ਪਿਕਚਰਜ਼ ਇੰਡੀਆ ਪ੍ਰੋਡਿਊਸ ਕਰੇਗੀ। ਫ਼ਿਲਮ ਦੀ ਸ਼ੂਟਿੰਗ ਅਗਲੇ ਸਾਲ ਜਨਵਰੀ 'ਚ ਹੀ ਸ਼ੁਰੂ ਹੋਣ ਦੀ ਉਮੀਦ ਹੈ ਕਿਉਂਕਿ ਅਜੇ ਆਮਿਰ ਖ਼ਾਨ ਅਮਰੀਕਾ 'ਚ ਛੁੱਟੀਆਂ 'ਤੇ ਹਨ ਤੇ ਉਥੋਂ ਵਾਪਸ ਆਉਣ ਤੋਂ ਬਾਅਦ ਉਹ ਫ਼ਿਲਮ ਦੀ ਸ਼ੂਟਿੰਗ ਸ਼ੁਰੂ ਕਰਨਗੇ।






## 16 ਅਕਤੂਬਰ ਨੂੰ ਬਰੈਂਪਟਨ ਵਿੱਚ ਪੇਸ਼ ਕੀਤਾ ਜਾਵੇਗਾ ਪ੍ਰਸਿੱਧ ਪੰਜਾਬੀ ਨਾਟਕ "ਧਨੁ ਲੇਖਾਰੀ ਨਾਨਕਾ"




ਪੰਜਾਬੀ ਆਰਟਸ ਐਸੋਸੀਏਸ਼ਨ, ਪਾਥ ਅਤੇ ਅਸੀਸ ਮੰਚ ਦੇ ਸਹਿਯੋਗ ਨਾਲ 16 ਅਕਤੂਬਰ, 2022 ਨੂੰ ਬਾਅਦ ਦੁਪਿਹਰ 3 ਵਜੇ ਬਰੈਂਪਟਨ ਦੇ ਲੈਸਟਰ ਬੀ ਪੀਅਰਸਨ ਥੀਏਟਰ ਵਿਖੇ ਪੰਜਾਬੀ ਥੀਏਟਰ ਦਾ ਪ੍ਰਸਿੱਧ ਨਾਟਕ 'ਧੰਨ ਲਿਖਾਰੀ ਨਾਨਕਾ' ਪੇਸ਼ ਕੀਤਾ ਜਾਵੇਗਾ। ਇਹ ਨਾਟਕ ਪ੍ਰਸਿੱਧ ਪੰਜਾਬੀ ਨਾਟਕਕਾਰ, ਕਲਾਕਾਰ ਅਤੇ ਨਿਰਦੇਸ਼ਕ ਡਾ. ਸਾਹਿਬ ਸਿੰਘ ਦੁਆਰਾ ਲਿਖਿਆ ਅਤੇ ਨਿਰਦੇਸ਼ਿਤ ਕੀਤਾ ਗਿਆ ਅਤੇ ਉਹ ਨਾਟਕ ਵਿੱਚ ਅਹਿਮ ਭੂਮਿਕਾ ਵੀ ਨਿਭਾਉਣਗੇ। ਇਹ ਨਾਟਕ ਪਹਿਲਾਂ ਇੰਗਲੈਂਡ ਅਤੇ ਇਡੀਆ ਵਿੱਚ ਕਈ ਵਾਰ ਪੇਸ਼ ਕੀਤਾ ਗਿਆ ਹੈ ਅਤੇ ਹੁਣ ਪਹਿਲੀ ਵਾਰ ਟੋਰਾਂਟੋ ਏਰੀਏ ਦੇ ਰੰਗਮੰਚ ਪ੍ਰੇਮੀਆ ਨੂੰ ਦੇਖਣ ਦਾ ਅਵਸਰ ਮਿਲੇਗਾ। ਇਹ ਨਾਟਕ ਪਿਤਾ ਅਤੇ ਪੁੱਤਰੀ ਦੀ ਕਹਾਣੀ ਹੈ ਜਿਸ ਹਿੰਦੋਸਤਾਨ ਦੀਆਂ ਘਟਨਾਵਾਂ ਅਤੇ ਹੋਰ ਕਹਾਣੀਆਂ ਨੂੰ ਇੱਕ ਸੂਤਰ ਵਿੱਚ ਬੜੇ ਚੰਗੇ ਤਰੀਕੇ ਨਾਲ ਪਰੋਇਆ ਹੈ। ਗੀਤ, ਸੰਗੀਤ, ਨ੍ਰਿੱਤ ਅਤੇ ਸਸਪੈਂਸ ਨਾਲ ਭਰਪੂਰ ਇਹ ਪੇਸ਼ਕਾਰੀ ਦੇਖਣਵਾਲੀ ਹੋਵੇਗੀ। ਟਿਕਟਾਂ ਦੀ ਜਾਣਕਾਰੀ ਲਈ ਪੰਜਾਬੀ ਆਟਰਸ ਐਸੋਸੀਏਸ਼ਨ ਦੀ ਵੈੱਬਸਾਈਟ www.punjabiarts.com ਤੇ ਲੈ ਕੇ ਸਕਦੇ ਹੋ ਜਾਂ ਬਲਜਿੰਦਰ ਲੈਲਣਾ ਨੂੰ 416-677-1555 ਤੇ ਅਤੇ ਪਰਮਜੀਤ ਦਿਓਲ ਨੂੰ 647-295-7391 ਤੇ ਫੋਨ ਕਰ ਸਕੇ ਹੋ।


Urgently Need New Listings in Brampton/Caledon
visit: www.teamjagaujla.com
Call JAG AUJLA
MCNE, REAL ESTATE BROKER
DIR: 416-371-7777
j.aujla@rogers.com
www.jagaujla.com
Follow Us:
CALL JAG FOR A QUICK & FREE HOME EVALUATION
www.BramptonTopRealtor.com
www.BramptonTopAgent.com
URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA
HOUSE FOR LEASE IN CALEDON
KENNEDY/ NEW HOUSE/ DOUGALL AVE.
2500-3000 sq feet ਦਾ Detached ਘਰ
$3,700/month (4 ਬੈੱਡਰੂਮ + 1 ਡੇਨ+ 4 ਵਾਸ਼ਰੂਮ)
ਮੇਨ ਫਲੋਰ ਤੇ 10 ਫੁੱਟ ਦੀ ਸੀਲੀਂਗ
2nd ਫਲੋਰ ਤੇ 9 ਫੁੱਟ ਦੀ ਸੀਲੀਂਗ
ਪੂਰਾ ਘਰ $4700/month with unfurnished ਬੇਸਮੇਂਟ
HWY 410, ਸਕੂਲ, ਬਸ ਸਟੋਪ ਅਤੇ ਪਲਾਜੇ ਦੇ ਨੇੜੇ
1ਸਾਲ ਦੀ Lease, Credit Report, Full Rental App.
First & Last month + Key Deposit
LISTED IN BRAMPTON
MAYFIELD / MCLAUGHLIN
Detached ਘਰ ਬਹੁਤ ਹੀ ਸੁੰਦਰ ਏਰੀਏ ਵਿੱਚ
3+1 ਬੈੱਡਰੂਮ + 4 ਵਾਸ਼ਰੂਮ
1 ਬੈੱਡਰੂਮ Legal Finished Basement with Seperate Entrance
9 ਫੁੱਟ ਦੀ ਸੀਲੀਂਗ
ਸਟੈਂਡਰਡ ਓਕ ਸਟੈਅਰ ਕੇਸ
ਮੇਨ ਕਮਰੇ ਵਿਚ ਸਟੇਨਡ ਹਾਰਡਵੁੱਡ
ਗ੍ਰੇਨਾਈਟ ਕਾਊਂਟਰਟੌਪਸ ਨਾਲ ਅਪਗ੍ਰੇਡ ਕੀਤੀ ਕਿਚਨ
ਮਾਸਟਰ ਬੈੱਡਰੂਮ ਵਿਚ 4 ਪੀਸੀ ਐਨਸੁਏਟ ਅਤੇ ਵਾਕ ਇਨ ਅਲਮਾਰੀ
HWY 410, ਸਕੂਲ, ਬਸ ਸਟੋਪ ਅਤੇ ਪਲਾਜੇ ਦੇ ਨੇੜੇ
LISTED IN BRAMPTON
CASTLEMORE/ HUMBERWEST/AIRPORT
1500-2000 sq feet ਦਾ ਘਰ
3+1 ਬੈੱਡਰੂਮ + 4 ਵਾਸ਼ਰੂਮ + 2 ਕਿਚਨ with Legal Finished ਬੇਸਮੈਂਟ ਅਪਾਰਟਮੈਂਟ with Seperate Entrance
ਬੇਸਮੈਂਟ $1300 ਦੇ ਕਰਿਾਏ' ਤੇ ਦਿਤੀ ਹੈ
Extended ਡਰਾਈਵਵੇਅ
ਮਾਸਟਰ ਬੈੱਡਰੂਮ ਵਿਚ 4 ਪੀਸੀ ਐਨਸੁਏਟ ਅਤੇ ਵਾਕ ਇਨ ਅਲਮਾਰੀ
FREE
Full MLS Services
Consistently Marketing Your Property Until SOLD
Competitive Rates, Exceptional Service & Award Winning Results
Staging Consultation
Billboard, Flyer, Newspaper
Online Promotion
Professional Pictures and Virtual Tour
Social media & Radio Advertisement
Open House Until Sold
RE/MAX
Realty Specialists Inc. Brokerage
Off: 905-456-3232
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
SEPTEMBER 2022


Fresh Bite & Meats
FRESH, CLEAN & SAFE QUALITY MEATS
SERVING BRAMPTON SINCE 8 YEARS
Afgani Chicken Tikka $8.99 lb.
Goat Leg $5.99 lb.
Amritsari Fish Pakora $5.99 lb.
and much more!
SERVING AT 3 LOCATIONS
25 KINGS CROSS RD, #1, BRAMPTON, ON | (905) 790-3486
25 CHERRY CREST DR, BRAMPTON , ON | 905-913-1114
65 BRAYDON BLVD, #7A, BRAMPTON, ON | 905-913-1221
SUNDAY - THURSDAY: 10AM - 10PM | FRIDAY - SATURDAY: 10AM - 11PM
WE DO CATERERING (MINIMUM 30 PEOPLE)
Visit: www.freshbiteandmeat.com


ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive Etobicoke ON M9V-3Z7 416-740-3262
21 Lacoste Blvd, Brampton, ON L6P 2K2 905 794-8109
621 Wanless drive, # 122 Brampton ON L7A 0A9 905-495-3336
1075 Ceremonial Drive Mississauga ON L5R 2Z4 905-502-1600
80 Pertosa Drive Brampton ON L5X-5E9 905-460-0009
10510 Torbram Road, Brampton 905-790-0030
2120 North park Drive Brampton ON L6S 0C9 905-793-1338
10 Pannahill Dr, Brampton 905 913-8017